Punjabi Parwaz

# ਪੰਜਾਬੀ ਪਰਵਾਜ਼

ਅੰਕ 69ਵਾਂ (ਸ਼ਿਕਾਗੋ): 2 ਜਨਵਰੀ ਤੋਂ 16 ਜਨਵਰੀ 2026 ਤੱਕ

ਲੋਕ-ਪੱਖੀ ਤੇ ਮਿਆਰੀ ਵਿਚਾਰਾਂ ਦੀ ਸਾਂਝ

e-mail: punjabiparwaz@gmail.com www.punjabiparwaz.com

Address: 827 E. Kings Row, Unit# 7, Palatine, IL 60074 - Ph: 224-386-4548


# ਰੂਸ ਜੰਗ ਦੇ ਕੂਟਨੀਤਿਕ ਹੱਲ ਤੋਂ ਵਿੱਟਰਿਆ

## ਖਤਰਨਾਕ ਮੋੜ ’ਤੇ ਦੁਨੀਆਂ

**ਜਸਵੀਰ ਸਿੰਘ ਸ਼ੀਰੀ**

ਨਵਾਂ ਸਾਲ ਬਰੂਹਾਂ ‘ਤੇ ਹੈ, ਪਰ ਸੰਸਾਰ ਇਉਂ ਲਗਦਾ ਹੈ ਜਿਵੇਂ ਕਿਸੇ ਵੱਡੀ ਜੰਗ ਦੇ ਮੁਹਾਣੇ ‘ਤੇ ਖੜ੍ਹਾ ਹੈ। ਸੰਸਾਰ ਰਾਜਨੀਤੀ ਅੰਧਰਾਤੇ ਦਾ ਸ਼ਿਕਾਰ ਹੈ। ਅਮਰੀਕਾ ਦੇ ਫਲੋਰੀਡਾ ਵਿੱਚ ਯੂਕਰੇਨ ਜੰਗਬੰਦੀ ਨੂੰ ਲੈ ਕੇ ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਅਤੇ ਯੂਕਰੇਨ ਦੇ ਪ੍ਰਧਾਨ ਮੰਤਰੀ ਵਲਾਦੀਮੀਰ ਜੇਲੰਸਕੀ ਵਿਚਕਾਰ ਗੱਲਬਾਤ ਚੱਲ ਰਹੀ ਸੀ। ਗੱਲਬਾਤ ਤੋਂ ਬਾਅਦ ਜਦੋਂ ਅਮਰੀਕੀ ਰਾਸ਼ਟਰਪਤੀ ਨੇ ਪੂਤਿਨ ਨਾਲ ਮਸ਼ਵਰਾ ਕਰਨ ਲਈ ਫੋਨ ਕੀਤਾ ਤਾਂ ਅੱਗੋਂ ਖ਼ਬਰ ਮਿਲੀ ਕਿ ਯੂਕਰੇਨ ਨੇ ਉਸ ਦੀ ਰਿਹਾਇਸ਼ ‘ਤੇ 91 ਮਿਜ਼ਾਈਲਾਂ ਫਾਇਰ ਕੀਤੀਆਂ ਹਨ! ਟਰੰਪ ਹੱਕਾਬੱਕਾ ਰਹਿ ਗਿਆ, ਜਮ੍ਹਾ ‘ਸ਼ੌਕਡ’। ਅਮਰੀਕਾ ਦੇ ਬੋਲ ਭੜੱਕ ਰਾਸ਼ਟਰਪਤੀ ਨੂੰ ਸ਼ਾਇਦ ਪਤਾ ਨਹੀਂ ਕਿ ਹੰਢੀਆਂ ਹੋਈਆਂ ਕੌਮਾਂ/ਸੱਭਿਅਤਾਵਾਂ ਦੇ ਆਗੂ ਕਿੰਨੇ ਘਾਗ ਹੁੰਦੇ ਹਨ। ਯੂਕਰੇਨ ਦਾ ਪ੍ਰਧਾਨ ਮੰਤਰੀ ਵਲਾਦੀਮੀਰ ਜੇਲੰਸਕੀ ਵੀ ਇਸੇ ਮਰਜ਼ ਦਾ ਸ਼ਿਕਾਰ ਲਗਦਾ ਹੈ। ਖੈਰ! ਗੱਲ ਅਸਲੀ ਅਤੇ ਘੜੇ ਗਏ (ਮੈਨੂਫੈਕਚਰਡ) ਤੱਥਾਂ ਦੇ ਆਧਾਰ ‘ਤੇ ਕਰਨੀ ਬਣਦੀ ਹੈ।

ਪੂਤਿਨ ਦੇ ਕੂਟਨੀਤਿਕ ਭੂਚਾਲ ਤੋਂ ਬਾਅਦ ਯੂਕਰੇਨ ਦੇ ਪ੍ਰਧਾਨ ਮੰਤਰੀ ਵਲਾਦੀਮੀਰ ਜੇਲੰਸਕੀ ਨੇ ਦੋਸ਼ ਲਾਇਆ ਕਿ ਰੂਸ ਜੰਗ ਦੇ ਖਾਤਮੇ ਲਈ ਚੱਲ ਰਹੀ ਗੱਲਬਾਤ ਅਤੇ ਕੂਟਨੀਤਿਕ ਕੋਸ਼ਿਸ਼ਾਂ ਨੂੰ ਲੀਹੋਂ ਲਾਹੁਣ ਦਾ ਖਤਰਨਾਕ ਯਤਨ ਕਰ ਰਿਹਾ ਹੈ। ਜੇਲੰਸਕੀ ਨੇ ਆਪਣੇ ਬਿਆਨ ਵਿੱਚ ਕਿਹਾ ਕਿ ‘ਰੂਸ ਦੀ ਘਰ ’ਤੇ ਹਮਲੇ ਦੀ ਕਥਿੱਤ ਕਹਾਣੀ, ‘ਖਾਲਸ ਰੂਸੀ ਝੂਠ’ ਦਾ ਨਮੂਨਾ ਹੈ। ਯੂਕਰੇਨੀ ਪ੍ਰਧਾਨ ਮੰਤਰੀ ਨੇ ਕਿਹਾ ਕਿ ਘਰ ’ਤੇ ਹਮਲੇ ਦੀ ਕਥਿਤ ਰੂਸੀ ਕਹਾਣੀ ਇੱਕ ਘੜਿਆ-ਘੜਾਇਆ ਝੂਠ ਹੈ ਤਾਂ ਕਿ ਕੀਵ ਸਮੇਤ ਯੂਕਰੇਨ ਦੇ ਧੁਰ ਅੰਦਰ ਤੱਕ ਹਮਲੇ ਕੀਤੇ ਜਾ ਸਕਣ। ਯੇਲੰਸਕੀ ਨੇ ਫਿਕਰ ਜ਼ਾਹਰ ਕੀਤਾ ਕਿ ਆਉਣ ਵਾਲੇ ਦਿਨਾਂ ਵਿੱਚ ਰਾਜਧਾਨੀ ਕੀਵ ਵਿੱਚ ਪ੍ਰਮੁੱਖ ਸਰਕਾਰੀ ਇਮਾਰਤਾਂ ਅਤੇ ਆਗੂਆਂ ’ਤੇ ਹਮਲੇ ਕੀਤੇ ਜਾ ਸਕਦੇ ਹਨ।

ਅਸਲ ਵਿੱਚ ਰੂਸ ਦੀ ਕਥਿੱਤ ਘੜੀ ਹੋਈ ਕਹਾਣੀ ਵੀ ਅੱਧੀ ਦੁਨੀਆਂ ਨੂੰ ਸੱਚ ਲਗਦੀ ਹੈ; ਕਿਉਂਕਿ ਸੀਨੀਅਰ ਰੂਸੀ ਫੌਜੀ/ਸਿਆਸੀ ਲੀਡਰਸ਼ਿਪ ਨੂੰ ਨਿਸ਼ਾਨਾ ਬਣਾਉਣ ਦੀ ਨੀਤੀ ਤਹਿਤ ਯੂਕਰੇਨ ਰੂਸੀ ਫੌਜ ਦੇ ਇੱਕ ਵੱਡੇ ਜਰਨੈਲ ਦੀ ਹੱਤਿਆ ਕਰਕੇ ਹਟਿਆ ਹੈ। ਇਸ ਦੌਰਾਨ ਰੂਸ ਦੇ ਵਿਦੇਸ਼ ਮੰਤਰੀ ਸਰਗੇਈ ਲਵਰੋਵ ਨੇ ਦਾਅਵਾ ਕੀਤਾ ਕਿ ਯੂਕਰੇਨ ਨੇ ਸੇਂਟ ਪੀਟਰਸਬਰਗ ਦੇ ਨੋਵਗਰੋਡ ਖੇਤਰ ਵਿੱਚ ਪੂਤਿਨ ਦੇ ਘਰ ‘ਤੇ ਹਮਲਾ ਕਰਨ ਦਾ ਯਤਨ ਕੀਤਾ। ਇਸ ਲਈ ਮਾਸਕੋ ਦੇ ਯੂਕਰੇਨ ਨਾਲ ਸਮਝੌਤੇ ਦੇ ਯਤਨਾ ‘ਤੇ ਮੁੜ-ਵਿਚਾਰ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਯੂਕਰੇਨ ਵੱਲੋਂ ਪੂਤਿਨ ਦੇ ਘਰ ‘ਤੇ 91 ਮਿਜ਼ਾਈਲਾਂ ਫਾਇਰ ਕੀਤੀਆਂ

## *ਪੂਤਿਨ ਦੀ ਰਿਹਾਇਸ਼ ‘ਤੇ ਹਮਲੇ ਦਾ ਦੋਸ਼

ਹਨ। ਇੱਕ ਭਾਰਤੀ ਨਿਊਜ਼ ਚੈਨਲ ‘ਨਿਊਜ਼-18’ ਅਨੁਸਾਰ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਵੀ ਪੂਤਿਨ ਦੀ ਰਿਹਾਇਸ਼ ‘ਤੇ ਹਮਲੇ ਦੀ ਨਿਖੇਧੀ ਕੀਤੀ ਹੈ ਅਤੇ ਕਿਹਾ ਹੈ ਕਿ ਜੰਗਬੰਦੀ ਲਈ ਕੂਟਨੀਤਿਕ ਗੱਲਬਾਤ ਨੂੰ ਹੀ ਅੱਗੇ ਵਧਾਇਆ ਜਾਣਾ ਚਾਹੀਦਾ ਹੈ। ਕੂਟਨੀਤਿਕ ਗੱਲਬਾਤ ਨੂੰ ਅੱਗੇ ਵਧਾਉਣ ਲਈ ਭਾਰਤੀ ਪ੍ਰਧਾਨ ਮੰਤਰੀ ਦਾ ਇਹ ਬਿਆਨ ਵੀ ‘ਕੂਟਨੀਤਿਕ’ ਹੀ ਹੈ। ‘ਕੂੱਟ ਨੀਤੀ’ ਨਾ ਚੱਲੇ ਤਾਂ ਕੂਟਨੀਤੀ ਵਰਤਣੀ ਪੈਂਦੀ ਹੈ। ਪੰਜਾਬ ਦੇ ਇੱਕ ਮਰਹੂਮ ਬਜ਼ੁਰਗ ਪੱਤਰਕਾਰ ਕਿਹਾ ਕਰਦੇ ਸਨ ਕਿ ਕੂਟਨੀਤੀ ਦਾ ਮਤਲਬ ਹੈ- ਮੂੰਹ ਵਿੱਚ ਰਾਮ ਰਾਮ ਤੇ ਬਗਲ ਵਿੱਚ ਛੁਰੀਆਂ। ਕੂਟਨੀਤੀ ਦੀ ਇਹ ਬਹੁਤ ਸਟੀਕ ਪਰਿਭਾਸ਼ਾ ਹੈ। ਲਗਦਾ ਜੇਲੰਸਕੀ ਤੇ ਡੋਨਾਲਡ ਟਰੰਪ ਹਾਲੇ ਕੂਟਨੀਤੀ ਦੇ ਸਿਖਾਂਦਰੂ ਵਿਦਿਆਰਥੀ ਹਨ ਅਤੇ ਕੇ.ਜੀ.ਬੀ. ਦਾ ਸਾਬਕਾ ਸੀਨੀਅਰ ਅਫਸਰ ਵਲਾਦੀਮੀਰ ਪੂਤਿਨ ਇਸ ਦਾ ਹੰਢਿਆ ਹੋਇਆ ਮਾਹਿਰ ਹੈ।

ਰੂਸੀ ਵਿਦੇਸ਼ ਮੰਤਰੀ ਨੇ ਚਿਤਾਵਨੀ ਦਿੱਤੀ ਹੈ ਕਿ ਇਸ ਕਿਸਮ ਦਾ ਮੂੜ੍ਹ ਹਮਲਾ ਨਿਰਉੱਤਰ ਨਹੀਂ ਜਾਣ ਦਿੱਤਾ ਜਾਵੇਗਾ। ਇਸ ਦਾ ਮਤਲਬ ਸਾਫ ਹੈ ਕਿ ਆਉਣ ਵਾਲੇ ਦਿਨਾਂ ਵਿੱਚ ਰੂਸ ਯੂਕਰੇਨ ‘ਤੇ ਹਮਲਿਆਂ ਦੀ ਧਾਰ ਤਿੱਖੀ ਕਰੇਗਾ। ਇਹ ਕਿਸੇ ਸਮਝੌਤੇ ‘ਤੇ ਅੱਪੜਨ ਤੋਂ ਪਹਿਲਾਂ ਦੋਹਾਂ ਮੁਲਕਾਂ ਵੱਲੋਂ ਇਹ ਇੱਕ ਦੂਜੇ ‘ਤੇ ਦਬਾਅ ਬਣਾਉਣ ਦੀਆਂ ਕੋਸ਼ਿਸ਼ਾ ਵੀ ਹੋ ਸਕਦੀਆਂ ਹਨ। ਯਾਦ ਰਹੇ, ਅਮਰੀਕੀ ਰਾਸ਼ਟਰਪਤੀ ਅਤੇ ਯੂਕਰੇਨੀ ਪ੍ਰਧਾਨ ਮੰਤਰੀ ਵਿਚਕਾਰ ਫਲੋਰੀਡਾ ਵਾਲੀ ਗੱਲਬਾਤ ਤੋਂ ਪਹਿਲਾਂ ਕੈਨੇਡਾ ਦੇ ਪ੍ਰਧਾਨ ਮੰਤਰੀ ਨੇ ਜੇਲੰਸਕੀ ਨੂੰ ਥਾਪੀ ਦਿੰਦਿਆਂ ਕਿਹਾ ਸੀ ਕਿ ਗੱਲਬਾਤ ਦੀ ਟੇਬਲ ‘ਤੇ ਲਿਆਉਣ ਲਈ ਪੂਤਿਨ ‘ਤੇ ਦਬਾਅ ਬਣਾਉਣਾ ਜ਼ਰੂਰੀ ਹੈ। ਯਾਦ ਰਹੇ, ਇਨ੍ਹੀਂ ਦਿਨੀਂ ਕੈਨੇਡਾ ਦਾ ਝੁਕਾਅ ਯੂਰਪ ਵੱਲ ਹੈ ਅਤੇ ਯੂਰਪ ਦਾ ਯੂਕਰੇਨ ਵੱਲ। ਅਮਰੀਕਾ ਦੇ ਟੈਰਿਫਾਂ ਦਾ ਸਤਾਇਅ ਕੈਨੇਡਾ ਕੂਹਣੀ ਮੋੜ ਕੱਟ ਗਿਆ ਹੈ। ਵੱਡਾ ਭਾਈ ਸਮਝੌਤਾ ਕਰਵਾਉਣ ਲਈ ਤਹੂ ਹੈ, ਛੋਟਾ ਹਮਲਿਆਂ ਲਈ ਥਾਪੜ ਰਿਹਾ ਹੈ। ਕੂਟਨੀਤੀ ਵਿੱਚ ਜੋ ਕਿਹਾ ਜਾ ਰਿਹਾ ਹੁੰਦਾ ਹੈ, ਅਮਲ ਉਸ ਦੇ ਬਿਲਕੁਲ ਉਲਟ ਚਲੇ ਜਾਂਦੇ ਹਨ। ਯੇਲੰਸਕੀ ਦੇ ਅੜੀਅਲ ਰਵੱਈਏ ਤੋਂ ਦੁਖੀ ਟਰੰਪ ਨੇ ਹੀ ਪਤਾ ਨਹੀਂ ਪੂਤਿਨ ਨੂੰ ਥਾਪੜ ਦਿੱਤਾ ਹੋਵੇ ਕਿ ਇਸ ਛਲਾਰੂ ਦੀ ਜ਼ਰਾ ਅਕਲ ਟਿਕਾਣੇ ਕਰ! ਇੰਗਲੈਂਡ ਦੇ ਇੱਕ ਵੱਕਾਰੀ ਅਖਬਾਰ ‘ਦਾ ਗਾਰਡੀਅਨ’ ਅਨੁਸਾਰ “ਕਰੈਮਲਿਨ ਦੀ ਇਹ ਜੰਗਬਾਜ਼ ਧਮਕੀ ਕੇ.ਜੀ.ਬੀ. ਸਟਾਈਲ ਸੂਚਨਾ ਮੁਹਿੰਮ ਜਾਪਦੀ ਹੈ, ਜਿਸ ਦੀ ਧਾਰ ਰੂਸ ਦੇ ਆਪਣੇ ਲੋਕਾਂ ਵੱਲ ਸੇਧਿਤ ਹੈ।”

ਰੂਸੀ ਰਾਸ਼ਟਰਪਤੀ ਦੇ ਸਲਾਹਕਾਰ ਯੂਰੀ ਓਸ਼ੋਕੋਵ ਨੇ ਦਾਅਵਾ ਕੀਤਾ ਕਿ ਜੇਲੰਸਕੀ ਨਾਲ ਗੱਲਬਾਤ ਤੋਂ ਬਾਅਦ ਜਦੋਂ ਟਰੰਪ ਨੇ ਪੂਤਿਨ ਨੂੰ ਫੋਨ ਕੀਤਾ ਤਾਂ ਉਨ੍ਹਾਂ ਯੂਕਰੇਨ ਵੱਲੋਂ ਰੂਸੀ ਰਾਸ਼ਟਰਪਤੀ ਦੀ ਰਿਹਾਇਸ਼ ‘ਤੇ ਕੀਤੇ ਗਏ ਹਮਲੇ ਬਾਰੇ ਸੂਚਨਾ ਦਿੱਤੀ। ਸਲਾਹਕਰ ਓਸ਼ੋਕੋਵ ਅਨੁਸਾਰ ਇਹ ਖ਼ਬਰ ਸੁਣ ਕੇ ਟਰੰਪ ਸੁੰਨ (ਸ਼ੌਕਡ) ਰਹਿ ਗਏ। ਉਨ੍ਹਾਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਉਹ ਯੂਕਰੇਨ ਦੇ ਇਸ ਹਮਲੇ ਤੋਂ ਬੇਹੱਦ ‘ਨਾਰਾਜ਼’ (ਐਂਗਰੀ) ਹਨ। ਟਰੰਪ ਨੇ ਕਿਹਾ, “ਮੈਨੂੰ ਇਹ ਪਸੰਦ ਨਹੀਂ... ਇਹ ਠੀਕ ਨਹੀਂ ਹੈ। ਇਸ ਨਾਲ ਉਨ੍ਹਾਂ ਵੱਲੋਂ ਸ਼ੁਰੂ ਕੀਤੀ ਅਮਨ ਵਾਰਤਾ ਲੀਹੋਂ ਲਹਿ ਸਕਦੀ ਹੈ।” ਉਨ੍ਹਾਂ ਕਿਹਾ ਕਿ ਇਸ ਕਿਸਮ ਦੇ ਹਮਲੇ ਕਰਨ ਦਾ ਇਹ ਸਹੀ ਸਮਾਂ ਨਹੀਂ ਹੈ। ਹਮਲੇ ਦੇ ਸ਼ੱਕੀ ਹੋਣ ਬਾਰੇ ਪੁੱਛੇ ਜਾਣ ‘ਤੇ ਟਰੰਪ ਨੇ ਕਿਹਾ ਕਿ ਹੋ ਸਕਦੈ ਹੈ ਕਿ ਹਮਲਾ ਨਾ ਵੀ ਹੋਇਆ ਹੋਵੇ, ਪਰ ਪੂਤਿਨ ਨੇ ਮੇਰੇ ਨਾਲ ਗੱਲਬਾਤ ਵਿੱਚ ਮੈਨੂੰ ਇਹ ਦੱਸਿਆ ਹੈ। ਅਸੀਂ ਇਸ ਦੀ ਅਸਲੀਅਤ ਜਾਨਣ ਬਾਰੇ ਪੜਤਾਲ ਕਰਾਂਗੇ।

ਗੁਰੂ ਗ੍ਰੰਥ ਸਾਹਿਬ ਦੇ ਗੁੰਮ ਸਰੂਪਾਂ ਦਾ ਮਾਮਲਾ

# ਪੰਜਾਬ ਸਰਕਾਰ ਤੇ ਸਿੱਖ ਸੰਸਥਾਵਾਂ ਵਿਚਾਲੇ ਮਘੀ ਸ਼ਬਦ ਜੰਗ

**ਪੰਜਾਬੀ ਪਰਵਾਜ਼ ਬਿਊਰੋ**

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਗੁੰਮ ਸਰੂਪਾਂ ਦਾ ਮਾਮਲਾ ਹੁਣ ਚੋਣ ਖਿਡਾਰੀਆਂ ਲਈ ਫੁੱਟਬਾਲ ਬਣਨ ਲੱਗਾ ਹੈ। ਪਹਿਲਾਂ ਇਹ ਮਾਮਲਾ ਸਿੱਖ ਸੰਸਥਾਵਾਂ ਅਤੇ ਬਾਦਲ ਦਲ ਵਿਰੋਧੀ ਪੰਥਕ ਆਗੂਆਂ, ਸੰਤ ਸਮਾਜ ਆਦਿ ਵਿਚਕਾਰ ਸੀ; ਪਰ ਹੁਣ ਇਹ ਸਿੱਖ ਸੰਸਥਾਵਾਂ ਦੇ ਆਗੂਆਂ ਵਰਸਿਜ਼ (ਬਨਾਮ) ਪੰਜਾਬ ਸਰਕਾਰ ਹੁੰਦਾ ਜਾ ਰਿਹਾ ਹੈ। ਅਕਾਲੀ ਦਲ (ਬਾਦਲ) ਇਨ੍ਹਾਂ ਸੰਸਥਾਵਾਂ ਦੀ ਪਿੱਠ ਪਿੱਛੇ ਖੜ੍ਹਾ ਹੋਇਆ ਹੈ। ਸਿੱਖ ਸੰਸਥਾਵਾਂ ਅਤੇ ਅਕਾਲੀ ਦਲ ਦੀ ਲੀਡਰਸ਼ਿਪ ਵੱਲੋਂ ਸਮੇਂ ਸਿਰ ਕਾਰਵਾਈ ਨਾ ਕਰਨ ਅਤੇ ਕੇਂਦਰ ਸਰਕਾਰ ਵਾਂਗ ਹੀ ਮਸਲਿਆਂ ਨੂੰ ਅਨੰਤ ਸਮੇਂ ਤੱਕ ਲਟਕਾਈ ਰੱਖਣ ਦੀ ਬਦਨੀਤ ਨੇ ਸਿੱਖ ਧਰਮ ਅਤੇ ਸਮਾਜ ਦੀ ਸਭ ਤੋਂ ਪਵਿੱਤਰ ਹਸਤੀ (ਗੁਰੂ) ਦੀ ਅਜ਼ਮਤ ਨੂੰ ਹੀ ਦਾਅ ‘ਤੇ ਲਗਾ ਦਿੱਤਾ ਹੈ।

ਬੀਤੇ ਦਿਨੀਂ ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਦੀ ਅਗਵਾਈ ਵਿੱਚ ਪੰਜ ਸਿੰਘ ਸਹਿਬਾਨ ਦੀ ਇੱਕ ਮੀਟਿੰਗ ਬੁਲਾਈ ਗਈ। ਇਸ ਮੀਟਿੰਗ ‘ਚ ਵਿਚਾਰ-ਵਟਾਂਦਰਾ ਕਰਨ ਤੋਂ ਬਾਅਦ ਅਕਾਲ ਤਖਤ ਸਾਹਿਬ ਵੱਲੋਂ ਜਾਰੀ ਬਿਆਨ ਵਿੱਚ ਕਿਹਾ ਗਿਆ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸਿੱਖ ਧਰਮ ਦੇ ਮਾਮਲਿਆਂ ਵਿੱਚ ਪੰਜਾਬ ਸਰਕਾਰ ਤੇ ਪੁਲਿਸ ਵਗੈਰਾ ਦੀ ਦਖਲ-ਅੰਦਾਜ਼ੀ ਸਹੀ ਨਹੀਂ ਹੈ ਅਤੇ ਇਹ ਬਰਦਾਸ਼ਤ ਨਹੀਂ ਕੀਤੀ ਜਾਵੇਗੀ। ਮੀਟਿੰਗ ਤੋਂ ਬਾਅਦ ਆਦੇਸ਼ ਜਾਰੀ ਕਰਦਿਆਂ ਪੰਜ ਸਿੰਘ ਸਾਹਿਬਾਨ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਸਿੱਖਾਂ ਦੀ ਸੰਵਿਧਾਨਕ ਅਤੇ ਚੁਣੀ ਹੋਈ ਸੰਸਥਾ ਹੈ। ਸੰਵਿਧਾਨਕ ਤੌਰ ‘ਤੇ ਸਰਕਾਰ ਕਿਸੇ ਵੀ ਧਰਮ ਦੇ ਮਾਮਲੇ ਵਿੱਚ ਸਿੱਧਾ ਜਾਂ ਅਸਿੱਧਾ ਦਖਲ ਨਹੀਂ ਦੇ ਸਕਦੀ।

ਯਾਦ ਰਹੇ, ਪੰਜਾਬ ਸਰਕਾਰ ਵੱਲੋਂ 328 ਪਾਵਨ ਸਰੂਪਾਂ ਦੇ ਮਾਮਲੇ ਵਿੱਚ ਕੀਤੀ ਜਾ ਰਹੀ ਕਾਨੂੰਨੀ ਕਾਰਵਾਈ ਨੂੰ ਐਡਵੋਕੇਟ ਈਸ਼ਰ ਸਿੰਘ ਜਾਂਚ ਕਮਿਸ਼ਨ ਦੀ ਰਿਪੋਰਟ ਦੇ ਆਧਾਰ ‘ਤੇ ਜਾਇਜ਼ ਠਹਿਰਾਇਆ ਜਾ ਰਿਹਾ ਹੈ। ਇਸੇ ਰਿਪੋਰਟ ਨੂੰ ਆਧਾਰ ਬਣਾ ਕੇ ਸ਼੍ਰੋਮਣੀ


⇒ ਬਾਕੀ ਸਫਾ 8 ਉਤੇ ਪੜ੍ਹੋ








# ਪੀ.ਸੀ.ਐਸ. ਸ਼ਿਕਾਗੋ ਵੱਲੋਂ ਨਵੇਂ ਕਾਰਜਕਾਰੀ ਬੋਰਡ ਦਾ ਐਲਾਨ

## *ਡਾ. ਪ੍ਰਿਮਲ ਕੌਰ (ਐਮ.ਡੀ.) ਚੇਅਰਵੁਮੈਨ ਅਤੇ ਬਿਕਰਮ ਸਿੰਘ ਸੋਹੀ ਪ੍ਰਧਾਨ ਨਿਯੁਕਤ

**ਸ਼ਿਕਾਗੋ:** ਸ਼ਿਕਾਗੋਲੈਂਡ ਖੇਤਰ ਵਿੱਚ ਪੰਜਾਬੀ ਸੱਭਿਆਚਾਰ, ਭਾਸ਼ਾ, ਸਿੱਖਿਆ, ਖੇਡਾਂ ਅਤੇ ਪ੍ਰਦਰਸ਼ਨ ਕਲਾਵਾਂ ਦੀ ਤਰੱਕੀ ਲਈ ਸਮਰਪਿਤ ਪ੍ਰਸਿੱਧ ਗੈਰ-ਮੁਨਾਫ਼ਾ ਸੰਸਥਾ- ਪੰਜਾਬੀ ਸੱਭਿਆਚਾਰਕ ਸੁਸਾਇਟੀ ਆਫ਼ ਸ਼ਿਕਾਗੋ (ਪੀ.ਸੀ.ਐਸ.) ਨੇ 2026 ਲਈ ਆਪਣੇ ਕਾਰਜਕਾਰੀ ਬੋਰਡ ਦੇ ਗਠਨ ਦਾ ਐਲਾਨ ਕੀਤਾ ਹੈ। ਨਵੀਂ ਚੋਣ ਮੁਤਾਬਕ ਡਾ. ਪ੍ਰਿਮਲ ਕੌਰ (ਐਮ.ਡੀ.) ਨੂੰ ਸੰਸਥਾ ਦਾ ਚੇਅਰਵੁਮੈਨ ਅਤੇ ਬਿਕਰਮ ਸਿੰਘ ਸੋਹੀ ਨੂੰ ਪ੍ਰਧਾਨ ਨਿਯੁਕਤ ਕੀਤਾ ਗਿਆ ਹੈ।

ਇਸ ਤੋਂ ਇਲਾਵਾ 2026 ਲਈ ਪੀ.ਸੀ.ਐਸ. ਕਾਰਜਕਾਰੀ ਬੋਰਡ ਵਿੱਚ ਸ਼ਾਮਲ ਹਨ: ਉਪ ਪ੍ਰਧਾਨ- ਗੁਰਲਾਲ ਸਿੰਘ ਭੱਠਲ, ਕਾਰਜਕਾਰੀ ਸਕੱਤਰ- ਗੁਰਪ੍ਰੀਤ ਸਿੰਘ ਸਿੱਧੂ, ਵਿੱਤ ਨਿਰਦੇਸ਼ਕ- ਜਿਗਰਦੀਪ ਸਿੰਘ ਢਿੱਲੋਂ, ਡਾਇਰੈਕਟਰ ਐਟ ਲਾਰਜ- ਪਰਮਜੋਤ ਸਿੰਘ ਪਰਮਾਰ, ਆਈ.ਟੀ. ਡਾਇਰੈਕਟਰ- ਅਮਿਤਪਾਲ ਸਿੰਘ ਗਿੱਲ, ਯੂਥ ਡਾਇਰੈਕਟਰ: ਤੇਜਵੀਰ ਸਿੰਘ ਸੂਦਨ, ਮਹਿਲਾ ਸਸ਼ਕਤੀਕਰਨ ਡਾਇਰੈਕਟਰ- ਪਰਮਵੀਰ ਕੌਰ, ਅੰਤਰ-ਸਮਾਜਿਕ ਡਾਇਰੈਕਟਰ- ਕੇਵਿਨਦੀਪ ਸਿੰਘ ਅਟਵਾਲ ਅਤੇ ਸਾਬਕਾ ਪ੍ਰਧਾਨ ਨਵਤੇਜ ਸਿੰਘ ਸੋਹੀ।

ਨਵ-ਨਿਯੁਕਤ ਪ੍ਰਧਾਨ ਬਿਕਰਮ ਸਿੰਘ ਸੋਹੀ ਨੇ ਕਿਹਾ ਕਿ ਅਸੀਂ ਸਾਲ ਭਰ ਆਪਣੇ ਦਸਤਖਤ ਵਾਲੇ ਫਲੈਗਸ਼ਿਪ ਸਮਾਗਮਾਂ ਅਤੇ ਹੋਰ ਬਹੁਤ ਸਾਰੀਆਂ ਪਹਿਲਕਦਮੀਆਂ ਰਾਹੀਂ ਆਪਣੀ ਜੀਵੰਤ ਸੱਭਿਆਚਾਰਕ ਵਿਰਾਸਤ ਨੂੰ ਸਾਂਝਾ ਕਰਨ ਅਤੇ ਉੱਚਾ ਚੁੱਕਣ ਲਈ ਉਤਸੁਕ ਹਾਂ।

ਪਿਛਲੇ ਸਾਲ ਡਾ. ਪਰਮ ਪੁਨੀਤ ਸਿੰਘ ਚੇਅਰਮੈਨ ਅਤੇ ਨਵਤੇਜ ਸਿੰਘ ਸੋਹੀ ਪ੍ਰਧਾਨ ਸਨ। ਇਸ ਦੌਰਾਨ ਪੀ.ਸੀ.ਐਸ. ਬੋਰਡ ਆਫ਼ ਗਵਰਨਰਜ਼ ਦੇ ਮੈਂਬਰ ਰਾਜਿੰਦਰ ਸਿੰਘ ਮਾਗੋ ਨੇ ਕਿਹਾ ਸਾਬਕਾ ਚੇਅਰਮੈਨ ਡਾ. ਪਰਮ ਪੁਨੀਤ ਸਿੰਘ ਅਤੇ ਸਾਬਕਾ ਪ੍ਰਧਾਨ ਨਵਤੇਜ ਸਿੰਘ ਸੋਹੀ ਦੇ ਕਾਰਜਕਾਲ ਸਾਲ 2025 ਦੌਰਾਨ ਉਨ੍ਹਾਂ ਦੀ ਸ਼ਾਨਦਾਰ ਅਗਵਾਈ, ਸਮਰਪਣ ਅਤੇ ਯੋਗਦਾਨ ਲਈ ਸੰਸਥਾ ਉਨ੍ਹਾਂ ਦੀ ਧੰਨਵਾਦੀ ਹੈ।



### ਡਾ. ਪ੍ਰਿਮਲ ਕੌਰ

ਡਾ. ਪ੍ਰਿਮਲ ਕੌਰ ਐਮ.ਡੀ., ਐਮ.ਬੀ.ਏ., ਇੱਕ ਪ੍ਰਤਿਸ਼ਠਾਵਾਨ ਬਾਇਓਟੈਕ ਕਾਰਜਕਾਰੀ, ਬਾਇਓਫਾਰਮਾ ਉਦਯੋਗ ਵਿੱਚ 15 ਸਾਲਾਂ ਤੋਂ ਵੱਧ ਦਾ ਤਜਰਬਾ ਰੱਖਦੇ ਹਨ ਅਤੇ ਵਰਤਮਾਨ ਵਿੱਚ ਐਬਵੀ ਵਿਖੇ ਗਲੋਬਲ ਡਿਵੈਲਪਮੈਂਟ ਆਫ਼ ਇਮਯੂਨੋਲੋਜੀ, ਨਿਊਰੋਸਾਇੰਸ, ਆਈ ਕੇਅਰ ਤੇ ਸਪੈਸ਼ਲਿਟੀ ਦੇ ਸੀਨੀਅਰ ਵਾਈਸ ਪ੍ਰੈਜ਼ੀਡੈਂਟ ਵਜੋਂ ਸੇਵਾ ਨਿਭਾਅ ਰਹੇ ਹਨ।

ਡਾ. ਪ੍ਰਿਮਲ ਕੌਰ ਨੇ ਆਪਣੀ ਐਮ.ਡੀ. ਸਰਕਾਰੀ ਮੈਡੀਕਲ ਕਾਲਜ, ਪਟਿਆਲਾ (ਪੰਜਾਬ), ਰਾਇਮੈਟੋਲੋਜੀ ਸਿਖਲਾਈ ਟੈਂਪਲ ਯੂਨੀਵਰਸਿਟੀ ਫਿਲਾਡੈਲਫੀਆ ਅਤੇ ਐਮ.ਬੀ.ਏ. ਟੈਂਪਲ ਯੂਨੀਵਰਸਿਟੀ ਫੌਕਸ ਸਕੂਲ ਆਫ਼ ਬਿਜ਼ਨਸ, ਫਿਲਾਡੈਲਫੀਆ ਤੋਂ ਪ੍ਰਾਪਤ ਕੀਤੀ। ਡਾ. ਪ੍ਰਿਮਲ ਕੌਰ ਗਲੋਬਲ ਵਿਕਾਸ ਪ੍ਰਤਿਭਾ ਅਤੇ ਮਹਿਲਾ ਲੀਡਰਸ਼ਿੱਪ ਨੂੰ ਉਤਸ਼ਾਹਿਤ ਕਰਨ ਲਈ ਵਚਨਬੱਧ ਹਨ ਅਤੇ ਉਭਰ ਰਹੇ ਨੌਜਵਾਨਾਂ ਨੂੰ ਆਪਣੇ ਕਰੀਅਰ ਦੇ ਮਾਰਗਾਂ ਨੂੰ ਭਰੋਸੇ ਨਾਲ ਨੇਵੀਗੇਟ ਕਰਨ ਲਈ ਸਰਗਰਮੀ ਨਾਲ ਸਲਾਹ ਦਿੰਦੇ ਹਨ।



### ਬਿਕਰਮ ਸਿੰਘ ਸੋਹੀ

ਪੀ.ਸੀ.ਐਸ. ਬੋਰਡ ਦੇ ਕਾਰਜਾਂ ਦੀ ਅਗਵਾਈ ਪ੍ਰਧਾਨ ਵਜੋਂ ਬਿਕਰਮ ਸਿੰਘ ਸੋਹੀ ਕਰ ਰਹੇ ਹਨ, ਜੋ ਕਿ ਇੱਕ ਤਜਰਬੇਕਾਰ ਯੋਗਦਾਨ ਪਾਉਣ ਵਾਲੇ ਅਤੇ ਪੀ.ਸੀ.ਐਸ. ਦੇ ਵਚਨਬੱਧ ਮੈਂਬਰ ਹਨ। ਉਹ ਇਸ ਭੂਮਿਕਾ ਲਈ ਵਿਆਪਕ ਲੀਡਰਸ਼ਿਪ ਅਨੁਭਵ ਅਤੇ ਇੱਕ ਮਜਬੂਤ ਸੱਭਿਆਚਾਰਕ ਦ੍ਰਿਸ਼ਟੀਕੋਣ ਲਿਆਉਂਦੇ ਹਨ।

ਸ਼੍ਰੀ ਸੋਹੀ ਪਹਿਲਾਂ ਵਾਈਸ ਪ੍ਰੈਜ਼ੀਡੈਂਟ ਸਮੇਤ ਕਈ ਪੀ.ਸੀ.ਐਸ. ਬੋਰਡ ਅਹੁਦਿਆਂ ’ਤੇ ਸੇਵਾ ਨਿਭਾਅ ਚੁੱਕੇ ਹਨ ਅਤੇ ਵਰਤਮਾਨ ਵਿੱਚ ਪੈਂਪਰਡ ਸ਼ੈੱਫ - ਏ ਬਰਕਸ਼ਾਇਰ ਹੈਥਵੇ ਕੰਪਨੀ ਵਿੱਚ ਮੁੱਖ ਸੰਚਾਲਨ ਅਧਿਕਾਰੀ ਦਾ ਅਹੁਦਾ ਸੰਭਾਲਦੇ ਹਨ। ਉਨ੍ਹਾਂ ਨੇ ਗੁਰੂ ਨਾਨਕ ਦੇਵ ਇੰਜੀਨੀਅਰਿੰਗ ਕਾਲਜ, ਲੁਧਿਆਣਾ (ਪੰਜਾਬ) ਤੋਂ ਮਕੈਨੀਕਲ ਇੰਜੀਨੀਅਰਿੰਗ ਵਿੱਚ ਆਪਣੀ ਬੈਚਲਰ ਡਿਗਰੀ ਅਤੇ ਕੈਲੀਫੋਰਨੀਆ ਸਟੇਟ ਯੂਨੀਵਰਸਿਟੀ, ਸੈਕਰਾਮੈਂਟੋ (ਕੈਲੀਫੋਰਨੀਆ) ਤੋਂ ਡਿਜ਼ਾਈਨ ਅਤੇ ਨਿਰਮਾਣ ਵਿੱਚ ਐਮ.ਐਸ.ਐਮ.ਈ. ਡਿਗਰੀ ਪ੍ਰਾਪਤ ਕੀਤੀ।

## ਪੀ.ਸੀ.ਐਸ. ਦੇ ਅਗਾਮੀ ਪ੍ਰੋਗਰਾਮ

“ਪੀ.ਸੀ.ਐਸ. ਡਰਾਇੰਗ ਆਰਟਸ ਮੁਕਾਬਲਾ” 18 ਜਨਵਰੀ 2026 ਨੂੰ ਨੈਸ਼ਨਲ ਇੰਡੀਆ ਹੱਬ, ਸ਼ਾਮਬਰਗ ਵਿਖੇ ਸਵੇਰੇ 10 ਤੋਂ ਦੁਪਹਿਰ 2 ਵਜੇ ਦਰਮਿਆਨ ਹੋਵੇਗਾ। ਇਹ ਮੁਕਾਬਲਾ ਐਲੀਮੈਂਟਰੀ, ਮਿਡਲ ਅਤੇ ਹਾਈ ਸਕੂਲ ਵਰਗ ਦੇ ਬੱਚਿਆਂ ਦਾ ਹੋਵੇਗਾ। ਹਰ ਵਰਗ ਵਿੱਚ ਜੇਤੂ ਬੱਚਿਆਂ ਨੂੰ ਦਿਲਚਸਪ ਇਨਾਮ ਦਿੱਤੇ ਜਾਣਗੇ। ਸੰਸਥਾ ਅਨੁਸਾਰ ਪ੍ਰਤੀ ਭਾਗੀਦਾਰ ਇੱਕ ਡਰਾਇੰਗ, ਅਸਲੀ ਕਲਾਕਾਰੀ ਥੀਮ ਜਾਂ ਪ੍ਰਦਾਨ ਕੀਤੇ ਗਏ ਟੈਂਪਲੇਟ ’ਤੇ ਹੋਣੀ ਚਾਹੀਦੀ ਹੈ। ਸਾਰੇ ਪ੍ਰਤੀਯੋਗੀਆਂ ਦਾ ਨਿਰਣਾ ਉਨ੍ਹਾਂ ਦੀ ਅਸਲ ਕਲਾਕਾਰੀ ਅਤੇ ਕਲਾਤਮਕ ਮੁੱਲ ਦੇ ਆਧਾਰ ’ਤੇ ਕੀਤਾ ਜਾਵੇਗਾ। ਡਰਾਇੰਗ ਲਈ ਪੈਨਸਿਲ, ਚਾਰਕੋਲ, ਤੇਲ, ਪਾਣੀ ਦੇ ਰੰਗ ਆਦਿ ਕੋਈ ਵੀ ਮਾਧਿਅਮ ਸਵੀਕਾਰਯੋਗ ਹੋਵੇਗਾ। ਫੋਟੋਆਂ ਜਾਂ ਕੰਪਿਊਟਰ ਦੁਆਰਾ ਤਿਆਰ ਕੀਤੀਆਂ ਤਸਵੀਰਾਂ ਸਵੀਕਾਰ ਨਹੀਂ ਕੀਤੀਆਂ ਜਾਣਗੀਆਂ। ਸਾਰੇ ਭਾਗੀਦਾਰਾਂ ਨੂੰ ਇੱਕ ਡਰਾਇੰਗ ਸ਼ੀਟ ਅਤੇ ਮੁਢਲੀ ਰੰਗ ਸਮੱਗਰੀ ਪ੍ਰਦਾਨ ਕੀਤੀ ਜਾਵੇਗੀ। ਇਸ ਮੌਕੇ ਸਾਰੇ ਭਾਗੀਦਾਰਾਂ ਅਤੇ ਪਰਿਵਾਰਕ ਮੈਂਬਰਾਂ ਨੂੰ ਦੁਪਹਿਰ ਦਾ ਖਾਣਾ ਪ੍ਰਦਾਨ ਕੀਤਾ ਜਾਵੇਗਾ।

ਇਸ ਤੋਂ ਇਲਾਵਾ “ਰੰਗਲਾ ਪੰਜਾਬ 2026” ਸ਼ਨੀਵਾਰ, 25 ਅਪ੍ਰੈਲ 2026 ਨੂੰ ਗੇਟਵੇ ਥੀਏਟਰ, ਕੋਪਰਨਿਕਸ ਸੈਂਟਰ (5216 ਵੈਸਟ ਲਾਰੈਂਸ ਐਵੇਨਿਊ, ਸ਼ਿਕਾਗੋ) ਵਿਖੇ ਹੋਵੇਗਾ, ਜਿਸ ਦੌਰਾਨ ਵੱਖ-ਵੱਖ ਉਮਰ ਵਰਗ ਦੇ ਬੱਚਿਆਂ ਅਤੇ ਨੌਜਵਾਨਾਂ ਦੀਆਂ ਭੰਗੜਾ-ਗਿੱਧਾ ਟੀਮਾਂ, ਕੋਰਿਓਗ੍ਰਾਫੀ ਅਤੇ ਹੋਰ ਆਈਟਮਾਂ ਪੇਸ਼ ਹੋਣਗੀਆਂ।

**ਰਜਿਸਟਰੇਸ਼ਨ ਕਰਨ ਜਾਂ ਹੋਰ ਜਾਣਕਾਰੀ ਲੈਣ ਲਈ ਫੋਨ: (847) 359-5727, ਸੰਸਥਾ ਦੀ ਵੈਬਸਾਈਟ: www.pcschicago.org ਜਾਂ E-mail: info@pcschicago.org ਰਾਹੀਂ ਸੰਪਰਕ ਕੀਤਾ ਜਾ ਸਕਦਾ ਹੈ।**

ਜ਼ਿਕਰਯੋਗ ਹੈ ਕਿ ਪੀ.ਸੀ.ਐਸ. ਜਨਵਰੀ ਵਿੱਚ ਵਿਦਿਆਰਥੀਆਂ ਲਈ ਪੰਜਾਬੀ ਕਲਾ ਡਰਾਇੰਗ ਮੁਕਾਬਲਾ, ਫਰਵਰੀ ਵਿੱਚ ਪੰਜਾਬੀ ਮਾਂ ਬੋਲੀ ਮਹੀਨਾ, ਫਰਵਰੀ ਵਿੱਚ ਏਸ਼ੀਅਨ ਅਮਰੀਕਨ ਕੋਲੀਸ਼ਨ ਆਫ਼ ਸ਼ਿਕਾਗੋ ਸਮਾਗਮ ਵਿੱਚ ਭਾਗੀਦਾਰੀ, ਅਪ੍ਰੈਲ ਵਿੱਚ ਰੰਗਲਾ ਪੰਜਾਬ - ਵਿਸਾਖੀ ਦਾ ਜਸ਼ਨ, ਗਰਮੀਆਂ ਵਿੱਚ ਗ੍ਰੈਜੂਏਸ਼ਨ ਨਾਈਟ, ਪਤਝੜ ਵਿੱਚ ਵਿਦਿਆਰਥੀਆਂ ਲਈ ਭਾਸ਼ਣ ਮੁਕਾਬਲਾ ਅਤੇ ਨਵੰਬਰ ਵਿੱਚ ਸ਼ਿਕਾਗੋ ਥੈਂਕਸਗਿਵਿੰਗ ਡੇਅ ਪਰੇਡ ਵਿੱਚ ਭਾਗੀਦਾਰੀ ਵਰਗੇ ਸਾਲ ਭਰ ਦੇ ਪ੍ਰੋਗਰਾਮਾਂ ਰਾਹੀਂ ਪੰਜਾਬੀ ਵਿਰਾਸਤ ਦਾ ਜਸ਼ਨ ਮਨਾਉਣ ਲਈ ਆਪਣੀ ਵਚਨਬੱਧਤਾ ਜਾਰੀ ਰੱਖਦੀ ਹੈ। ਸੰਸਥਾ ਅਨੁਸਾਰ ਇਹ ਇੱਕ ਗੈਰ-ਮੁਨਾਫ਼ਾ 501(C)(3) ਪੂਰੀ ਤਰ੍ਹਾਂ ਸਵੈ-ਇੱਛੁਕ ਭਾਈਚਾਰਕ ਸੇਵਾ ਸੰਸਥਾ ਹੈ, ਜੋ ਸ਼ਿਕਾਗੋ ਮੈਟਰੋਪਾਲੀਟਨ ਖੇਤਰ ਅਤੇ ਇਸ ਤੋਂ ਬਾਹਰ ਪੰਜਾਬੀ ਸੱਭਿਆਚਾਰ, ਪ੍ਰਦਰਸ਼ਨ ਕਲਾ, ਭਾਸ਼ਾ, ਸਿੱਖਿਆ, ਖੇਡਾਂ ਤੇ ਨਾਗਰਿਕ ਸ਼ਮੂਲੀਅਤ ਨੂੰ ਉਤਸ਼ਾਹਿਤ ਕਰਨ ਲਈ ਸਮਰਪਿਤ ਹੈ।






# ਖਾਲਸਾ ਪੰਥ ਦੇ ਸਿਰਜਣਹਾਰੇ, ਮਰਦ ਅਗੰਮੜੇ ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਦਿਹਾੜੇ ਦੀ ਕੋਟਾਨਿ ਕੋਟਿ ਵਧਾਈ

ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਪੁਰਬ ਸਬੰਧੀ ਵਿਸ਼ੇਸ਼ ਸਮਾਗਮ 11 ਜਨਵਰੀ 2026 (ਐਤਵਾਰ) ਨੂੰ ਹੋਵੇਗਾ। ਇਸ ਸਬੰਧੀ 9 ਜਨਵਰੀ 2026 (ਸ਼ੁੱਕਰਵਾਰ) ਨੂੰ ਅਖੰਡ ਪਾਠ ਸਾਹਿਬ ਅਰੰਭ ਹੋਣਗੇ। ਸਭ ਸੰਗਤਾਂ ਨੂੰ ਬੇਨਤੀ ਹੈ ਕਿ ਪਰਿਵਾਰ ਸਮੇਤ ਗੁਰੂ ਘਰ ਪਹੁੰਚ ਕੇ ਗੁਰੂ ਕੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ

ਗੁਰੂ ਘਰ ਦਾ ਕੀਰਤਨੀ ਜਥਾ ਗੁਰਬਾਣੀ ਕੀਰਤਨ ਰਾਹੀਂ ਸੰਗਤ ਨੂੰ ਨਿਹਾਲ ਕਰੇਗਾ

## ਸਮੂਹ ਸੰਗਤ ਨੂੰ ਨਵਾਂ ਸਾਲ ਮੁਬਾਰਕ

ਅਰਦਾਸ ਹੈ, ਗੁਰੂ ਕਲਗੀਧਰ ਪਿਤਾ ਆਪਣੀ ਕਲਾ ਵਰਤਾਉਣ ਅਤੇ ਪੰਥ ਵਿੱਚ ਪਈ ਦੁਬਿਧਾ ਤੇ ਵਖਰੇਵੇਂ ਦੂਰ ਹੋਣ। ਨਵੇਂ ਵਰ੍ਹੇ 2026 ਵਿੱਚ ਅਕਾਲ ਪੁਰਖ ਸਭ ਨੂੰ ਚੜ੍ਹਦੀ ਕਲਾ ਵਿੱਚ ਰੱਖੇ ਅਤੇ ਸਭ ਭਾਈਚਾਰਿਆਂ ਵਿੱਚ ਪਿਆਰ-ਇਤਫਾਕ ਵਧੇ

-ਗੁਰੂ ਪੰਥ ਦੇ ਦਾਸ-

ਗੁਰਦੁਆਰਾ ਕਰਾਊਨ ਪੁਆਇੰਟ ਦੀ ਸਮੂਹ ਪ੍ਰਬੰਧਕ ਕਮੇਟੀ, ਗੁਰੂ ਘਰ ਦੇ ਕੀਰਤਨੀਏ, ਸੇਵਾਦਾਰਾਂ ਅਤੇ ਸੰਗਤਾਂ

**Sikh Religious Society of North West Indiana**

10005 Colorado St, Crown Point, IN 46307, Ph: 219-793-9446

# ਅਮਰੀਕਾ ਯੂਕਰੇਨ ਨੂੰ ਸੁਰੱਖਿਆ ਗਾਰੰਟੀਆਂ ਦੇਣ ਲਈ ਤਿਆਰ !

## ਕੀ ਰੂਸ ਅਤੇ ਯੂਕਰੇਨ ਵਿਚਕਾਰ ਜੰਗਬੰਦੀ ਦੇ ਆਸਾਰ ਬਣਨਗੇ

ਪੰਜਾਬੀ ਪਰਵਾਜ਼ ਬਿਊਰੋ

ਬੀਤੇ ਐਤਵਾਰ ਵਾਲੇ ਦਿਨ ਫਲੋਰੀਡਾ ਵਿੱਚ ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਗ੍ਰਹਿ 'ਮਾਰ-ਏ-ਲਾਗੋ' ਵਿਖੇ ਦੋਹਾਂ ਆਗੂਆਂ ਵਿੱਚ ਹੋਈ ਮੀਟਿੰਗ ਤੋਂ ਬਾਅਦ ਯੂਕਰੇਨ ਦੇ ਰਾਸ਼ਟਰਪਤੀ ਵਲਾਦੀਮੀਰ ਜੇਲੰਸਕੀ ਨੇ ਕਿਹਾ ਕਿ ਅਮਰੀਕਾ ਯੂਕਰੇਨ ਨੂੰ 15 ਸਾਲ ਤੱਕ ਤਕੜੀਆਂ ਸੁਰੱਖਿਆ ਗਾਰੰਟੀਆਂ ਦੇਣ ਲਈ ਤਿਆਰ ਹੈ। ਦੋਹਾਂ ਆਗੂਆਂ ਵੱਲੋਂ ਕੀਤੀ ਗਈ ਇੱਕ ਸਾਂਝੀ ਪ੍ਰੈਸ ਕਾਨਫਰੰਸ ਵਿੱਚ ਬੋਲਦਿਆਂ ਵਲਾਦੀਮੀਰ ਜੇਲੰਸਕੀ ਨੇ ਕਿਹਾ ਕਿ ਇਸ ਮਾਮਲੇ ਨੂੰ ਲੈ ਕੇ ਅਮਰੀਕੀ ਕਾਂਗਰਸ ਅਤੇ ਯੂਕਰੇਨੀ ਪਾਰਲੀਮੈਂਟ ਦੀ ਸਾਂਝੇ ਤੌਰ 'ਤੇ ਵੋਟਿੰਗ ਕਰਵਾਈ ਜਾਵੇਗੀ। ਅਮਰੀਕਾ ਵੱਲੋਂ ਕੀਤੇ ਗਏ ਵਾਅਦਿਆਂ ਦਾ ਵਿਸਥਾਰ ਭਾਵੇਂ ਹਾਲੇ ਸਾਹਮਣੇ ਨਹੀਂ ਆਇਆ, ਪਰ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਕਿਹਾ ਕਿ ਜੰਗ ਲੜ ਰਹੇ ਦੋਹਾਂ ਮੁਲਕਾਂ ਵਿਚਕਾਰ ਸਮਝੌਤਾ ਹੁਣ ਕਾਫੀ ਨਜ਼ਦੀਕ ਹੈ। ਉਨ੍ਹਾਂ ਕਿਹਾ ਕਿ ਤਕਰੀਬਨ 95 ਫੀਸਦੀ ਮਸਲੇ ਹੱਲ ਕਰ ਲਏ ਗਏ ਹਨ। ਇਹ ਪੁੱਛਣ 'ਤੇ ਕਿ ਇਸ ਨੂੰ ਕਿੰਨਾ ਕੁ ਸਮਾਂ ਲੱਗ ਸਕਦਾ ਹੈ, ਤਾਂ ਉਨ੍ਹਾਂ ਕਿਹਾ ਮੈਨੂੰ ਆਸ ਹੈ ਕਿ ਅਗਲੇ ਕੁਝ ਹਫਤੇ ਵਿੱਚ ਇਸ ਜੰਗ ਬਾਰੇ ਕੋਈ ਫੈਸਲਾ ਹੋ ਜਾਵੇਗਾ। ਨਾਲ ਹੀ ਉਨ੍ਹਾਂ ਕਿਹਾ ਕਿ ਇਹ ਬਹੁਤ ਗੁੰਝਲਦਾਰ ਮਸਲਾ ਹੈ ਅਤੇ ਸਾਡੀਆਂ ਟੀਮਾਂ ਇਸ ਨੂੰ ਹੱਲ ਕਰਨ ਲਈ ਸਿਰਤੋੜ ਯਤਨ ਕਰ ਰਹੀਆਂ ਹਨ। ਟਰੰਪ ਨੇ ਕਿਹਾ ਕਿ ਉਨ੍ਹਾਂ ਨੂੰ ਹਰ ਦਿਹਾੜੇ ਜੰਗ ਦਾ ਖਾਜਾ ਬਣ ਰਹੀਆਂ ਜਾਨਾਂ ਦਾ ਫਿਕਰ ਹੈ। ਉਨ੍ਹਾਂ ਕਿਹਾ ਕਿ ਮੁੱਢ ਵਿੱਚ ਇਹ ਜੰਗਬੰਦੀ 60 ਦਿਨਾਂ ਲਈ ਹੋ ਸਕਦੀ ਹੈ।

ਬੀਤੇ ਕੁਝ ਦਿਨਾਂ ਤੋਂ ਰੂਸ ਅਤੇ ਯੂਕਰੇਨ ਵਿਚਕਾਰ ਜੰਗ ਭਾਵੇਂ ਵਧੇਰੇ ਭਿਆਨਕ ਹੋਣ ਦੇ ਸੰਕੇਤ ਦੇ ਰਹੀ ਹੈ, ਪਰ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦਾ ਸਮਝੌਤਾ ਸਿਰੇ ਚਾੜ੍ਹਨ ਦੇ ਮਾਮਲੇ ਵਿੱਚ ਦਮ ਹਾਲੇ ਟੁੱਟਿਆ ਨਹੀਂ ਹੈ। ਗਾਜ਼ਾ ਜੰਗ ਬੰਦ ਕਰਵਾਉਣ ਦੇ ਮਾਮਲੇ ਵਿੱਚ ਵੀ ਟਰੰਪ ਨੇ ਅਜਿਹਾ ਹੀ ਦਮ-ਖਮ ਵਿਖਾਇਆ ਸੀ। ਭਾਵੇਂ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਇਹ ਸਵੀਕਾਰ ਨਹੀਂ ਕੀਤਾ, ਪਰ ਡੋਨਾਲਡ ਟਰੰਪ ਦਾ ਦਾਅਵਾ ਹੈ ਕਿ ਭਾਰਤ ਅਤੇ ਪਾਕਿਸਤਾਨ ਵਿਚਕਾਰ ਚਾਰ ਦਿਨ ਚੱਲੀ ਜੰਗ ਨੂੰ ਉਨ੍ਹਾਂ ਨੇ ਹੀ ਰੁਕਵਾਇਆ ਸੀ। ਵੈਨੇਜ਼ੂਏਲਾ ਦੀ ਘੇਰਾਬੰਦੀ ਅਤੇ ਇਰਾਨ 'ਤੇ ਬੰਬਾਰੀ ਭਾਵੇਂ ਇਹ ਦਰਸਾਉਂਦੀ ਹੈ ਕਿ ਅਮਰੀਕਾ ਨੇ ਆਪਣਾ ਜੰਗਬਾਜ਼ ਸੁਭਾਅ ਹਾਲੇ ਵੀ ਤਿਆਗਿਆ ਨਹੀਂ ਹੈ, ਪਰ ਅਮਰੀਕੀ ਰਾਸ਼ਟਰਪਤੀ ਨੇ ਇਹ ਜ਼ਰੂਰ ਸਿੱਧ ਕੀਤਾ ਹੈ ਕਿ 'ਡੀਲ ਮੇਕਿੰਗ' ਦੇ ਮਾਮਲੇ ਵਿੱਚ ਉਨ੍ਹਾਂ ਦਾ ਸੱਚ-ਮੁੱਚ ਕੋਈ ਸਾਨੀ ਨਹੀਂ ਹੈ।

ਯਾਦ ਰਹੇ, ਯੂਕਰੇਨ ਦੇ ਖ਼ੁਫੀਆ ਦਸਤਿਆਂ ਨੇ ਬੀਤੇ ਦਿਨੀਂ ਰੂਸ ਦੇ ਇੱਕ ਵੱਡੇ ਜਰਨੈਲ ਦੀ ਹੱਤਿਆ ਕਰ ਦਿੱਤੀ ਸੀ ਅਤੇ ਉਸ ਤੋਂ ਬਾਅਦ ਹਰਖ਼ੇ ਹੋਏ ਰੂਸ ਨੇ ਹਜ਼ਾਰਾਂ ਦੀ ਗਿਣਤੀ ਵਿੱਚ ਮਿਜ਼ਾਈਲ ਅਤੇ ਡਰੋਨ ਯੂਕਰੇਨ 'ਤੇ ਸੁੱਟੇ, ਜਿਸ ਨਾਲ ਇਸ ਮੁਲਕ ਦੇ ਊਰਜਾ ਸੈਕਟਰ ਦਾ ਭਾਰੀ ਨੁਕਸਾਨ ਹੋਇਆ। ਇਸ ਕਾਰਨ ਹਜ਼ਾਰਾਂ ਲੋਕਾਂ ਨੂੰ ਅੱਤਿ ਦੀ ਠੰਡ ਵਿੱਚ ਬਿਜਲੀ ਤੋਂ ਬਿਨਾ ਠੰਡ ਅਤੇ ਹਨੇਰੇ ਨਾਲ ਖਹਿਬੜਦਿਆਂ ਦਿਨ ਕੱਟਣੇ ਪਏ। ਇਸ ਮਾਮਲੇ ਵਿੱਚ ਸਾਰਾ ਯੂਰਪ ਸਮੇਤ ਇੰਗਲੈਂਡ ਅਤੇ ਕੈਨੇਡਾ ਦੇ, ਯੂਕਰੇਨ ਦੀ ਪਿੱਠ ਥਾਪੜ ਰਿਹਾ ਹੈ। ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਉਸ 'ਤੇ ਲਗਾਤਾਰ ਦਬਾਅ ਪਾ ਰਿਹਾ ਹੈ ਕਿ ਉਹ ਵੀਹ ਫੀਸਦੀ ਇਲਾਕਾ ਰੂਸ ਨੂੰ ਛੱਡ ਦਿੱਤਾ ਜਾਵੇ, ਜਿਸ 'ਤੇ ਉਸ ਨੇ ਕਬਜ਼ਾ ਕੀਤਾ ਹੋਇਆ। ਟਰੰਪ ਜੇਲੰਸਕੀ ਨੂੰ ਇਹ ਵੀ ਸਮਝਾਉਣ ਦਾ ਯਤਨ ਕਰ ਰਹੇ ਹਨ ਕਿ ਜੇ ਉਸ ਨੇ ਸਮਝੌਤਾ ਨਾ ਕੀਤਾ ਤਾਂ ਰੂਸ ਦੀਆਂ ਫੌਜਾਂ ਕੋਲ ਉਹ ਹੋਰ ਵੱਡਾ ਇਲਾਕਾ ਹਾਰ ਜਾਣਗੇ। ਟਰੰਪ ਵੱਲੋਂ ਇਹ ਜ਼ੋਰ ਰੂਸ ਅਤੇ ਯੂਕਰੇਨ ਦੀ ਫੌਜੀ ਸਮਰੱਥਾ ਵਿਚਲੇ ਫਰਕ ਨੂੰ ਵੇਖਦਿਆਂ ਦਿੱਤਾ ਜਾ ਰਿਹਾ ਹੈ। ਰਾਸ਼ਟਰਪਤੀ ਟਰੰਪ ਅਨੁਸਾਰ ਹੁਣ ਰੱਟੇ ਵਾਲੇ ਇਲਾਕਿਆਂ ਵਿੱਚ ਰਾਇਸ਼ੁਮਾਰੀ ਕਰਵਾਏ ਜਾਣ ਬਾਰੇ ਵੀ ਗੱਲਬਾਤ ਤੁਰੀ ਹੈ। ਜੇਲੰਸਕੀ ਅਨੁਸਾਰ ਯੂਕਰੇਨ ਦੀ ਸੁਰੱਖਿਆ ਲਈ ਅੰਤਰਰਾਸ਼ਟਰੀ ਫੋਰਸ ਦੀ ਤਾਇਨਾਤੀ ਸਭ ਤੋਂ ਬਿਹਤਰ ਕਦਮ ਹੋਏਗੀ। ਕਲੇਸ਼ ਵਾਲੇ ਸਰਹੱਦੀ ਖੇਤਰ ਨੂੰ ਬਫਰ ਜੋਨ ਬਣਾਏ ਜਾਣ ਬਾਰੇ ਵੀ ਵਿਚਾਰ ਕੀਤੀ ਗਈ ਹੈ। ਜੇਲੰਸਕੀ ਦਾ ਪੈਂਤੜਾ ਪਹਿਲਾਂ ਇਹ ਰਿਹਾ ਹੈ ਕਿ ਉਨ੍ਹਾਂ ਦੇ ਦੇਸ਼ ਦਾ ਰੂਸ ਨਾਲ ਸਮਝੌਤਾ ਤਦ ਹੀ ਹੋ ਸਕਦਾ ਹੈ, ਜੇ ਹਮਲਾਵਰ ਮੁਲਕ ਯੂਕਰੇਨ ਦੇ ਜਿੱਤੇ ਹੋਏ ਇਲਾਕਿਆਂ ਵਿੱਚੋਂ ਆਪਣੀ ਫੌਜ ਨੂੰ ਵਾਪਸ ਬੁਲਾਵੇ। ਜਦਕਿ ਰੂਸ ਇਨ੍ਹਾਂ ਇਲਾਕਿਆਂ ਨੂੰ ਕਤੱਈ ਛੱਡਣ ਲਈ ਤਿਆਰ ਨਹੀਂ ਹੈ।

ਤਮਾਮ ਔਕੜਾਂ ਦੇ ਬਾਵਜੂਦ ਡੋਨਾਲਡ ਟਰੰਪ ਅਤੇ ਉਨ੍ਹਾਂ ਦੇ ਸਾਥੀਆਂ ਦਾ ਕਹਿਣਾ ਇਹ ਹੈ ਕਿ ਰੂਸ-ਯੂਕਰੇਨ ਸਮਝੌਤਾ ਆਖਰੀ ਸਟੇਜ 'ਤੇ ਹੈ। ਵਲਾਦੀਮੀਰ ਜੇਲੰਸਕੀ ਨਾਲ ਬੀਤੇ ਦਿਨੀਂ ਹੋਈ ਮੁਲਾਕਤ ਤੋਂ ਪਹਿਲਾਂ 'ਮਾਰ-ਏ-ਲਾਗੋ' ਵਿੱਚ ਆਪਣੀ ਰਿਹਾਇਸ਼ ਦੇ ਬਾਹਰ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਉਨ੍ਹਾਂ ਕਿਹਾ ਕਿ ਲੜ ਰਹੇ ਦੋਹਾਂ ਮੁਲਕਾਂ (ਯੂਕਰੇਨ ਅਤੇ ਰੂਸ) ਵਿਚਕਾਰ ਜੰਗ ਆਖਰੀ ਸਟੇਜ 'ਤੇ ਹੈ। ਅਮਰੀਕੀ ਰਾਸ਼ਟਰਪਤੀ ਨੇ ਜੇਲੰਸਕੀ ਨਾਲ ਗੱਲਬਾਤ ਤੋਂ ਪਹਿਲਾਂ ਅਤੇ ਬਾਅਦ ਵਿੱਚ ਰੂਸ ਦੇ ਰਾਸ਼ਟਰਪਤੀ ਵਲਾਦੀਮੀਰ ਪੂਤਿਨ ਨਾਲ ਟੈਲੀਫੋਨ 'ਤੇ ਗੱਲਬਾਤ ਕੀਤੀ। ਉਨ੍ਹਾਂ ਕਿਹਾ ਕਿ ਰੂਸ ਨੂੰ ਅਸੀਂ ਐਵੇਂ ਹਊਆ ਬਣਾ ਰੱਖਿਆ ਹੈ, ਜਦਕਿ ਸਮਝੌਤੇ ਤੋਂ ਬਾਅਦ ਪੂਤਿਨ ਯੂਕਰੇਨ ਨਾਲ ਊਰਜਾ ਸਮੇਤ ਬਹੁਤ ਸਾਰੇ ਖੇਤਰਾਂ ਵਿੱਚ ਵਪਾਰ ਕਰਨਾ ਚਾਹੁੰਦਾ ਹੈ। ਟਰੰਪ ਨੇ ਕਿਹਾ, "ਅਸੀਂ ਜੰਗ ਬੰਦ ਕਰਵਾਉਣ ਵਾਲੇ ਪਾਸੇ ਬੜੀ ਤੇਜ਼ੀ ਨਾਲ ਵਧ ਰਹੇ ਹਾਂ। ਦੋਵੇਂ ਆਗੂ ਜੰਗ ਖਤਮ ਕਰਨ ਲਈ ਰਾਜ਼ੀ ਹਨ। ਸਮਝੌਤੇ ਲਈ ਤਿਆਰ ਕੀਤੇ ਗਏ 28 ਨੁਕਤਿਆਂ ਵਾਲੇ ਡਰਾਫਟ ਦੇ 95 ਫੀਸਦੀ ਨੁਕਤਿਆਂ 'ਤੇ ਦੋਨੋਂ ਲੀਡਰ ਸਹਿਮਤ ਹਨ।" ਪੂਤਿਨ ਨਾਲ ਸਵਾ ਘੰਟਾ ਲੰਮੀ ਗੱਲਬਾਤ ਦੇ ਤੱਤ ਸਾਰ ਬਾਰੇ ਟਰੰਪ ਨੇ ਕਿਹਾ ਕਿ ਰੂਸੀ ਰਾਸ਼ਟਰਪਤੀ ਸਮਝੌਤੇ ਲਈ ਬੇਹੱਦ ਗੰਭੀਰ ਹਨ।

ਉਂਝ ਇੱਥੇ ਇਹ ਪੱਖ ਵੀ ਧਿਆਨ ਦੇਣ ਯੋਗ ਹੈ ਕਿ ਅਲਾਸਕਾ ਵਿੱਚ ਪੂਤਿਨ ਨਾਲ ਹੋਈ ਗੱਲਬਾਤ ਵੇਲੇ ਅਮਰੀਕਾ ਨੇ ਉਸ ਦਾ ਰੈਡ ਕਾਰਪੈਟ ਵਿਛਾ ਕੇ ਸ਼ਾਹੀ ਸੁਆਗਤ ਕੀਤਾ ਸੀ; ਪਰ ਜੇਲੰਸਕੀ ਨਾਲ ਟਰੰਪ ਨੇ ਵਪਾਰੀ ਤਰਜ਼ ਦੀ ਮਿਲਣੀ ਨਾਲ ਹੀ ਬੁੱਤਾ ਸਾਰ ਲਿਆ। ਯੂਕਰੇਨ ਦੇ ਇੱਕ ਸਾਬਕਾ ਸਫੀਰ ਮਾਰੀਆ ਡਰੂਟਸਕਾ ਨੇ ਕਿਹਾ ਕਿ ਪੂਤਿਨ ਗੱਲਬਾਤ ਨੂੰ ਸਾਬੋਤਾਜ ਕਰਨ ਦਾ ਯਤਨ ਕਰ ਰਿਹਾ ਹੈ। ਉਨ੍ਹਾਂ ਜੇਲੰਸਕੀ ਨਾਲ ਗੱਲਬਾਤ ਤੋਂ ਪਹਿਲਾਂ ਟਰੰਪ ਨਾਲ ਇੱਕ ਵਾਰਤਾ ਵੀ ਕੀਤੀ। ਦੋਹਾਂ ਆਗੂਆਂ ਦੀ ਵ੍ਹਾਈਟ ਹਾਊਸ ਵਿੱਚ ਹੋਈ ਪਹਿਲੀ ਮੀਟਿੰਗ ਤੋਂ ਬਾਅਦ ਰੂਸ ਨੇ ਯੂਕਰੇਨ ਨੂੰ ਦਿੱਤੀ ਜਾਣ ਵਾਲੀ ਟੌਮੋਹੌਕ ਮਿਜ਼ਾਈਲ ਦੀ ਸਪਲਾਈ ਰੋਕ ਦਿੱਤੀ ਸੀ। ਰੂਸੀ ਰਾਸ਼ਟਰਪਤੀ ਚਾਹੁੰਦਾ ਹੈ ਕਿ ਯੂਕਰੇਨ ਡੋਨੈਸਕ ਦਾ ਇਲਾਕਾ ਵੀ ਰੂਸ ਦੇ ਹਵਾਲੇ ਕਰ ਦੇਵੇ, ਜਿਸ ਨੂੰ ਜਿੱਤਣ ਵਿੱਚ ਉਹ ਹਾਲੇ ਵੀ ਅਸਫਲ ਰਹੇ ਹਨ। ਜਦਕਿ ਜੇਲੰਸਕੀ ਰੂਸ ਵੱਲੋਂ ਜਿੱਤੇ ਗਏ ਇਲਾਕੇ ਵੀ ਵਾਪਸ ਲੈਣ 'ਤੇ ਜ਼ੋਰ ਪਾ ਰਿਹਾ ਹੈ।

ਟਰੰਪ ਨਾਲ ਮਿਲਣ ਤੋਂ ਪਹਿਲਾਂ ਜੇਲੰਸਕੀ ਨੇ ਕੈਨੇਡਾ ਦੇ ਰਾਸ਼ਟਰਪਤੀ ਮਾਰਕ ਕਾਰਨੀ ਨਾਲ ਮੁਲਾਕਾਤ ਕੀਤੀ ਅਤੇ ਕੈਨੇਡਾ ਨੇ ਯੂਕਰੇਨ ਲਈ ਢਾਈ ਅਰਬ ਡਾਲਰ ਦੀ ਮਦਦ ਦੇਣ ਦਾ ਵਾਅਦਾ ਵੀ ਕੀਤਾ। ਟਰੰਪ ਅਤੇ ਜੇਲੰਸਕੀ ਦੀ ਗੱਲਬਾਤ ਤੋਂ ਪਹਿਲਾਂ 500 ਡਰੋਨਾਂ ਅਤੇ ਬਲਿਸਟਿਕ ਮਿਜ਼ਾਈਲਾਂ ਨਾਲ ਕੀਤੇ ਗਏ ਹਮਲੇ 'ਤੇ ਪ੍ਰਤੀਕਰਮ ਪ੍ਰਗਟ ਕਰਦਿਆਂ ਜੇਲੰਸਕੀ ਨੇ ਕਿਹਾ ਕਿ ਸਾਡੇ ਵੱਲੋਂ ਅਮਨ ਲਈ ਕੀਤੀ ਜਾ ਰਹੀ ਵਾਰਤਾ ਨੂੰ ਪੂਤਿਨ ਦਾ ਇਹ ਜਵਾਬ ਹੈ। ਕੈਨੇਡਾ ਦੇ ਪ੍ਰਧਾਨ ਮੰਤਰੀ ਨੇ ਇਸ ਦੌਰਾਨ ਰੂਸ ਵੱਲੋਂ ਕੀਤੇ ਗਏ ਹਮਲੇ ਨੂੰ ਜੰਗਲੀ ਪੁਣਾ (ਬਾਰਬੈਰਿਕ) ਕਿਹਾ। ਮਾਰਕ ਕਾਰਨੀ ਨੇ ਕਿਹਾ ਕਿ ਸਾਨੂੰ ਗੱਲਬਾਤ ਦੀ ਮੇਜ਼ 'ਤੇ ਲਿਆਉਣ ਲਈ ਰੂਸ 'ਤੇ ਦਬਾਅ ਬਣਾਉਣ ਦੀ ਲੋੜ ਹੈ।

ਉਧਰ ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਰੂਸ ਵੱਲੋਂ ਕੀਤੇ ਗਏ ਤਾਜ਼ਾ ਹਮਲਿਆਂ 'ਤੇ ਕੋਈ ਟਿੱਪਣੀ ਕਰਨ ਤੋਂ ਇਨਕਾਰ ਕਰ ਦਿੱਤਾ। ਟਰੰਪ ਨੇ ਸਗੋਂ ਕਿਹਾ ਕਿ ਯੂਕਰੇਨ ਨੇ ਹਾਲ ਹੀ ਵਿੱਚ ਰੂਸ 'ਤੇ ਤਕੜੇ ਹਮਲੇ ਕੀਤੇ ਹਨ। ਉਨ੍ਹਾਂ ਦਾ ਇਹ ਇਸ਼ਾਰਾ ਰੂਸ ਦੇ ਇੱਕ ਵੱਡੇ ਜਰਨੈਲ ਦੀ ਹੱਤਿਆ ਵੱਲ ਸੀ। ਇੱਥੇ ਜ਼ਿਕਰਯੋਗ ਹੈ ਕਿ ਜੇਲੰਸਕੀ ਨੇ ਬਰਤਾਨੀਆ ਦੇ ਇੱਕ ਅਖਬਾਰ ਨਾਲ ਗੱਲਬਾਤ ਕਰਦਿਆਂ ਕਿਹਾ ਸੀ ਕਿ ਉਹ ਅਮਰੀਕੀ ਰਾਸ਼ਟਰਪਤੀ ਤੋਂ ਡਰਦੇ ਨਹੀਂ ਹਨ। ਅਮਰੀਕੀ ਰਾਸ਼ਟਰਪਤੀ ਅਨੁਸਾਰ ਦੋਨੋਂ ਮੁਲਕ ਸਰਹੱਦ 'ਤੇ ਬਫਰ ਜ਼ੋਨ ਬਣਾਉਣ ਲਈ ਤਿਆਰ ਹਨ। ਜੇਲੰਸਕੀ ਨੇ ਟਰੰਪ ਨਾਲ ਗੱਲਬਾਤ ਤੋਂ ਪਹਿਲਾਂ ਇੰਗਲੈਂਡ ਦੇ ਪ੍ਰਧਾਨ ਮੰਤਰੀ ਨਾਲ ਵੀ ਗੱਲਬਾਤ ਕੀਤੀ ਅਤੇ ਲੜਾਈ ਦੇ ਫਰੰਟ 'ਤੇ ਬਣ ਰਹੀ ਸਥਿਤੀ ਬਾਰੇ ਦੱਸਿਆ। ਗੱਲਬਾਤ ਲਈ ਡੈਲੀਗੇਟਾਂ ਵਿੱਚ ਯੂਕਰੇਨ ਦੀ ਸੁਰੱਖਿਆ ਬਾਰੇ ਕੌਂਸਲ ਦੇ ਮੁਖੀ ਰੁਸਤਮ ਉਮੇਰੋਵ, ਡਿਪਟੀ ਵਿਦੇਸ਼ ਮੰਤਰੀ ਸਰਗੇਈ ਕਿਸਲਿਸਟਿਸੀਆ ਅਤੇ ਵਾਸ਼ਿੰਗਟਨ ਵਿੱਚ ਯੂਕਰੇਨ ਦੇ ਨਵੇਂ ਰਾਜਦੂਤ ਉਲਾ ਸਟੇਫੈਨਿਸ਼ਨਾ ਸ਼ਾਮਲ ਸਨ। ਦੂਜੇ ਪਾਸੇ ਅਮਰੀਕਾ ਵੱਲੋਂ ਟਰੰਪ ਦੇ ਵਿਸ਼ੇਸ਼ ਦੂਤ ਸਟੀਵ ਵਿਟਕੌਫ ਤੋਂ ਇਲਾਵਾ ਟਰੰਪ ਦੇ ਜਵਾਈ ਜਾਰਡ ਕੁਸ਼ਨੇਰ, ਅਮਰੀਕਾ ਦੇ ਸਟੇਟ ਸਕੱਤਰ ਮਾਰਕੋ ਰੂਬੀਉ, ਸੁਰੱਖਿਆ ਸਕੱਤਰ ਪੀਟ ਹੇਸਥ, ਸੁਸੀ ਵੇਲਜ਼, ਰਾਸ਼ਟਰਪਤੀ ਦੇ ਚੀਫ ਆਫ ਸਟਾਫ ਅਤੇ ਜੁਆਇੰਟ ਚੀਫ ਆਫ ਸਟਾਫ ਸ਼ਾਮਲ ਸਨ। ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੂੰ ਆਸ ਹੈ ਕਿ ਨਵੇਂ ਸਾਲ ਨੂੰ ਇਸ ਜੰਗ ਦੇ ਖਾਤਮੇ ਨਾਲ ਸਲਾਮੀ ਦਿੱਤੀ ਜਾਵੇਗੀ। ਯੂਰਪੀ ਆਗੂ ਇਸ ਗੱਲਬਾਤ ਵਿੱਚ ਵੀਡੀਉ ਕਾਨਫਰੰਸ ਰਾਹੀਂ ਹਿੱਸਾ ਲੈਣਗੇ।


ਸਮਾਜਿਕ ਇਨਕਲਾਬ ਦੇ ਮੋਢੀ ਅਤੇ ਬਹੁਮੁਖੀ ਪ੍ਰਤਿਭਾ ਦੇ ਮੁਜੱਸਮੇ ਕਲਗੀਧਰ ਪਾਤਸ਼ਾਹ

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪਾਵਨ ਪ੍ਰਕਾਸ਼ ਦਿਹਾੜੇ ਅਤੇ ਨਵੇਂ ਸਾਲ 2026 ਦੇ ਸ਼ੁਭ ਮੌਕੇ ਸਮੁੱਚੀ ਲੋਕਾਈ ਨੂੰ

ਲੱਖ ਲੱਖ ਵਧਾਈ ਹੋਵੇ



ਸ. ਗੁਲਜ਼ਾਰ ਸਿੰਘ ਮੁਲਤਾਨੀ

PAN-OCEANIC ENGINEERING CO., INC.

SERVING THE CHICAGOLAND AREA SINCE 1998

6436 W Higgins Ave,
Chicago, IL 60656
Ph: (773) 601-8408

ੴ ਸਤਿਗੁਰ ਪ੍ਰਸਾਦਿ॥

ਹੱਕ ਹੱਕ ਅੰਦੇਸ਼ ਗੁਰੁ ਗੋਬਿੰਦ ਸਿੰਘ॥ ਬਾਦਸ਼ਾਹ ਦਰਵੇਸ਼ ਗੁਰੁ ਗੋਬਿੰਦ ਸਿੰਘ॥

ਗੁਰੂ ਤੇਗ ਬਹਾਦਰ ਜੀ ਦੀਆਂ ਅੱਖਾਂ ਦੇ ਤਾਰੇ ਅਤੇ ਮਾਤਾ ਗੁਜਰੀ ਜੀ ਦੇ ਰਾਜ ਦੁਲਾਰੇ, ਖਾਲਸਾ ਪੰਥ ਦੇ ਸਿਰਜਕ, ਸਾਹਿਬ-ਏ-ਕਮਾਲ

# ਧੰਨ ਧੰਨ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਪੁਰਬ

(ਮੂਲ ਨਾਨਕਸ਼ਾਹੀ ਕੈਲੰਡਰ ਮੁਤਾਬਿਕ ਪੋਹ 23)

ਦੀ ਕੁਲ ਲੋਕਾਈ ਨੂੰ

# ਲੱਖ ਲੱਖ ਵਧਾਈ ਹੋਵੇ



## ਗੁਰਪੁਰਬ ਸਬੰਧੀ ਪ੍ਰੋਗਰਾਮ ਦਾ ਵੇਰਵਾ

**2 ਜਨਵਰੀ 2026 (ਸ਼ੁੱਕਰਵਾਰ)**
ਅਰੰਭ ਸ੍ਰੀ ਅਖੰਡ ਪਾਠ ਸਾਹਿਬ

**4 ਜਨਵਰੀ 2026 (ਐਤਵਾਰ)**
ਭੋਗ ਸ੍ਰੀ ਅਖੰਡ ਪਾਠ ਸਾਹਿਬ

ਉਪਰੰਤ ਸ਼ਬਦ ਕੀਰਤਨ ਤੇ ਕਥਾ ਵਿਆਖਿਆ

**5 ਜਨਵਰੀ 2026 (ਸੋਮਵਾਰ)**
ਗੁਰਪੁਰਬ ਸਬੰਧੀ ਵਿਸ਼ੇਸ਼ ਪ੍ਰੋਗਰਾਮ
ਸ਼ਾਮ 5 ਤੋਂ 7 ਵਜੇ ਤੱਕ ਹੋਵੇਗਾ

*ਸਮੂਹ ਸੰਗਤ ਨੂੰ ਬੇਨਤੀ ਹੈ ਕਿ ਗੁਰੂ ਘਰ ਵਿਖੇ ਹਾਜ਼ਰੀਆਂ ਭਰ ਕੇ ਗੁਰੂ ਕੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ*

## ਗੁਰਦੁਆਰਾ ਬਰੁੱਕਫੀਲਡ (ਵਿਸਕਾਨਸਿਨ)

GURDUARA
BROOKFIELD WI

**Sikh Religious Society of Wisconsin**

*(DBA Gurduara Brookfield Wisconsin Inc.)*

3675 N. Calhoun Rd, Brookfield, WI 53207

Ph: 262-790-1600

ਖ਼ਤਰੇ ਵਿੱਚ ਲੋਕਤੰਤਰ !

# ਲਿਖਣ-ਬੋਲਣ ਦੀ ਆਜ਼ਾਦੀ 'ਤੇ ਵੱਡਾ ਹਮਲਾ

## *ਸਾਲ 2025 ਵਿੱਚ 14,875 ਮਾਮਲੇ ਦਰਜ; 8 ਪੱਤਰਕਾਰ ਵੀ ਮਾਰੇ ਗਏ

ਪੰਜਾਬੀ ਪਰਵਾਜ਼ ਬਿਊਰੋ

ਭਾਰਤ ਵਿੱਚ ਸਾਲ 2025 ਵਿੱਚ ਲਿਖਣ-ਬੋਲਣ ਦੀ ਆਜ਼ਾਦੀ ਨੂੰ ਲੈ ਕੇ ਬੇਹੱਦ ਚਿੰਤਾਜਨਕ ਤਸਵੀਰ ਸਾਹਮਣੇ ਆਈ ਹੈ। ਫ੍ਰੀ ਸਪੀਚ ਕਲੈਕਟਿਵ (ਐਫ.ਐਸ.ਸੀ.) ਵੱਲੋਂ ਜਾਰੀ ਕੀਤੀ ਰਿਪੋਰਟ "ਫ੍ਰੀ ਸਪੀਚ ਇਨ ਇੰਡੀਆ 2025: ਬੀਹੋਲਡ ਦਿ ਹਿਡਨ ਹੈਂਡ" ਅਨੁਸਾਰ ਪੂਰੇ ਦੇਸ਼ ਵਿੱਚ 14,875 ਉਲੰਘਣਾਵਾਂ ਦੇ ਮਾਮਲੇ ਦਰਜ ਕੀਤੇ ਗਏ ਹਨ। ਇਨ੍ਹਾਂ ਵਿੱਚ ਅੱਠ ਪੱਤਰਕਾਰਾਂ ਅਤੇ ਇੱਕ ਸੋਸ਼ਲ ਮੀਡੀਆ ਇਨਫਲੂਐਂਸਰ ਦਾ ਕਤਲ ਵੀ ਸ਼ਾਮਲ ਹੈ। ਇਹ ਰਿਪੋਰਟ ਫ੍ਰੀ ਸਪੀਚ ਟਰੈਕਰ ਰਾਹੀਂ ਇਕੱਠੇ ਕੀਤੇ ਡਾਟਾ 'ਤੇ ਆਧਾਰਤ ਹੈ, ਜੋ ਵੱਖ-ਵੱਖ ਸ਼੍ਰੇਣੀਆਂ ਵਿੱਚ ਉਲੰਘਣਾਵਾਂ ਨੂੰ ਰਿਕਾਰਡ ਕਰਦਾ ਹੈ। 2025 ਵਰ੍ਹੇ ਨੂੰ ਇੱਕ ਅਜਿਹੇ ਸਾਲ ਵਜੋਂ ਵਰਣਿਤ ਕੀਤਾ ਗਿਆ ਹੈ, ਜਿੱਥੇ ਲਿਖਣ-ਬੋਲਣ ਵਾਲਿਆਂ ਨੂੰ ਨਾ ਸਿਰਫ਼ ਸਿੱਧੀ ਹਿੰਸਾਤਮਕ ਧਮਕੀ ਮਿਲੀ, ਸਗੋਂ ਕਾਨੂੰਨੀ ਧਮਕੀਆਂ ਰਾਹੀਂ ਵੀ ਦਬਾਉਣ ਦਾ ਕੰਮ ਕੀਤਾ ਗਿਆ।

ਰਿਪੋਰਟ ਵਿੱਚ ਦੱਸਿਆ ਗਿਆ ਹੈ ਕਿ 2025 ਵਿੱਚ 117 ਗ੍ਰਿਫਤਾਰੀਆਂ ਵੀ ਹੋਈਆਂ, ਜਿਨ੍ਹਾਂ ਵਿੱਚ ਅੱਠ ਪੱਤਰਕਾਰ ਵੀ ਸ਼ਾਮਲ ਹਨ। ਫ੍ਰੀ ਸਪੀਚ ਕਲੈਕਟਿਵ ਨੇ ਕਿਹਾ ਕਿ 40 ਹਮਲਿਆਂ ਵਿੱਚੋਂ 33 ਹਮਲੇ ਪੱਤਰਕਾਰਾਂ ਨੂੰ ਨਿਸ਼ਾਨਾ ਬਣਾਉਣ ਵਾਲੇ ਸਨ। 19 ਤੰਗ-ਪ੍ਰੇਸ਼ਾਨ ਕਰਨ ਦੇ ਮਾਮਲਿਆਂ ਵਿੱਚੋਂ 14 ਅਤੇ 17 ਧਮਕੀਆਂ ਵਿੱਚੋਂ 12 ਵੀ ਪੱਤਰਕਾਰਾਂ ਨਾਲ ਜੁੜੀਆਂ ਸਨ। ਇਹ ਅੰਕੜੇ ਦਰਸਾਉਂਦੇ ਹਨ ਕਿ ਲੋਕ-ਪੱਤਰਕਾਰੀ ਨੂੰ ਸਭ ਤੋਂ ਵੱਧ ਨੁਕਸਾਨ ਪਹੁੰਚਾਇਆ ਗਿਆ ਹੈ, ਜੋ ਲੋਕਤੰਤਰ ਦੀ ਰੀੜ੍ਹ ਦਾ ਹਿੱਸਾ ਹੈ।

ਹੱਤਿਆਵਾਂ ਦੇ ਮਾਮਲਿਆਂ ਵਿੱਚ ਸਾਲ ਭਰ ਵਿੱਚ ਅੱਠ ਪੱਤਰਕਾਰ ਮਾਰੇ ਗਏ- ਦੋ ਉੱਤਰ ਪ੍ਰਦੇਸ਼ ਵਿੱਚ ਅਤੇ ਇੱਕ-ਇੱਕ ਅੰਡੇਮਾਨ-ਨਿਕੋਬਾਰ, ਛੱਤੀਸਗੜ੍ਹ, ਹਰਿਆਣਾ, ਕਰਨਾਟਕ, ਓਡੀਸ਼ਾ ਅਤੇ ਉੱਤਰਾਖੰਡ ਵਿੱਚ। ਪੰਜਾਬ ਵਿੱਚ ਵੀ ਇੱਕ ਸੋਸ਼ਲ ਮੀਡੀਆ ਇਨਫਲੂਐਂਸਰ ਦੀ ਹੱਤਿਆ ਹੋਈ। ਰਿਪੋਰਟ ਵਿੱਚ ਵਿਸਥਾਰ ਨਾਲ ਦੱਸਿਆ ਗਿਆ ਹੈ ਕਿ ਛੱਤੀਸਗੜ੍ਹ ਦੇ ਬਸਤਰ ਵਿੱਚ ਪੱਤਰਕਾਰ ਮੁਕੇਸ਼ ਚੰਦਰਕਾਰ ਨੂੰ ਖਰਾਬ ਸੜਕ ਉਸਾਰੀ ਬਾਰੇ ਰਿਪੋਰਟ ਕਰਨ ਤੋਂ ਬਾਅਦ ਅਗਵਾ ਕੀਤਾ ਗਿਆ ਅਤੇ ਉਸਦੀ ਲਾਸ਼ ਇੱਕ ਸੈਪਟਿਕ ਟੈਂਕ ਵਿੱਚ ਮਿਲੀ। ਉੱਤਰਾਖੰਡ ਵਿੱਚ ਯੂਟਿਊਬਰ ਰਾਜੀਵ ਪ੍ਰਤਾਪ ਨੂੰ ਹਸਪਤਾਲ ਵਿੱਚ ਸ਼ਰਾਬ ਪੀਣ ਬਾਰੇ ਐਕਸਪੋਜ਼ ਕਰਨ ਤੋਂ ਬਾਅਦ ਉਸਦੀ ਨਦੀ ਵਿੱਚ ਮਿਲੀ ਲਾਸ਼ ਨੂੰ ਨਸ਼ੇ ਵਿੱਚ ਹਾਦਸਾ ਕਿਹਾ ਗਿਆ। ਇਨ੍ਹਾਂ ਘਟਨਾਵਾਂ ਵਿੱਚ ਦਿਹਾਤੀ ਪੱਤਰਕਾਰਾਂ ਨੂੰ ਵਿਸ਼ੇਸ਼ ਤੌਰ 'ਤੇ ਨਿਸ਼ਾਨਾ ਬਣਾਇਆ ਗਿਆ, ਜੋ ਭ੍ਰਿਸ਼ਟਾਚਾਰ, ਨਾਜਾਇਜ਼ ਮਾਈਨਿੰਗ ਅਤੇ ਪ੍ਰਸ਼ਾਸਕੀ ਨਾਕਾਮੀਆਂ ਬਾਰੇ ਲਿਖਦੇ ਹਨ।

ਰਿਪੋਰਟ ਵਿੱਚ ਦੱਸਿਆ ਗਿਆ ਕਿ ਦੋ ਪੱਤਰਕਾਰ- ਕਸ਼ਮੀਰ ਦੇ ਇਰਫ਼ਾਨ ਮੈਹਰਾਜ ਅਤੇ ਝਾਰਖੰਡ ਦੇ ਰੂਪੇਸ਼ ਕੁਮਾਰ, ਗੈਰ-ਕਾਨੂੰਨੀ ਗਤੀਵਿਧੀਆਂ (ਨਿਵਾਰਨ) ਐਕਟ (ਯੂ.ਏ.ਪੀ.ਏ.) ਅਧੀਨ ਜੇਲ੍ਹ ਵਿੱਚ ਰਹੇ। ਮੈਹਰਾਜ ਮਾਰਚ 2023 ਤੋਂ ਅਤੇ ਕੁਮਾਰ ਜੁਲਾਈ 2022 ਤੋਂ ਹਿਰਾਸਤ ਵਿੱਚ ਹਨ। ਇਹ ਮਾਮਲੇ ਦਰਸਾਉਂਦੇ ਹਨ ਕਿ ਕਾਨੂੰਨੀ ਪ੍ਰਕਿਰਿਆਵਾਂ ਨੂੰ ਵੀ ਲਿਖਣ-ਬੋਲਣ ਨੂੰ ਦਬਾਉਣ ਲਈ ਵਰਤਿਆ ਜਾ ਰਿਹਾ ਹੈ।

ਰਾਜਾਂ ਤੋਂ ਮਿਲਿਆਂ ਰਿਪੋਰਟਾਂ ਅਨੁਸਾਰ ਗੁਜਰਾਤ ਵਿੱਚ ਸਭ ਤੋਂ ਵੱਧ 108 ਮਾਮਲੇ ਦਰਜ ਹੋਏ, ਫਿਰ ਉੱਤਰ ਪ੍ਰਦੇਸ਼ ਵਿੱਚ 83 ਅਤੇ ਕੇਰਲ ਵਿੱਚ 78 ਮਾਮਲੇ ਦਰਜ ਹੋਏ। ਇਹ ਅੰਕੜੇ ਇਨ੍ਹਾਂ ਰਾਜਾਂ ਵਿੱਚ ਸਰਕਾਰੀ ਨੀਤੀਆਂ ਅਤੇ ਸਮਾਜਿਕ ਤਣਾਅ ਨੂੰ ਦਰਸਾਉਂਦੇ ਹਨ। ਉਦਾਹਰਣ ਵਜੋਂ ਗੁਜਰਾਤ ਵਿੱਚ ਬਹੁਤੇ ਮਾਮਲੇ ਦੇਸ਼-ਧ੍ਰੋਹ ਅਤੇ ਸੋਸ਼ਲ ਮੀਡੀਆ ਪੋਸਟਾਂ ਨਾਲ ਜੁੜੇ ਹੋਏ ਹਨ।



ਸੈਂਸਰਸ਼ਿਪ ਦੀਆਂ 11,385 ਘਟਨਾਵਾਂ ਦਰਜ ਹੋਈਆਂ, ਜੋ ਸਭ ਤੋਂ ਵੱਡੀ ਸ਼੍ਰੇਣੀ ਹੈ। ਇਨ੍ਹਾਂ ਵਿੱਚ ਕੇਂਦਰੀ ਸਰਕਾਰ ਵੱਲੋਂ ਸੋਸ਼ਲ ਮੀਡੀਆ ਪਲੈਟਫਾਰਮ 'ਐਕਸ' (ਪਹਿਲਾਂ ਟਵਿੱਟਰ) 'ਤੇ ਹਜ਼ਾਰਾਂ ਅਕਾਊਂਟਸ ਹਟਾਉਣ ਦੇ ਹੁਕਮ ਸ਼ਾਮਲ ਹਨ। ਮਈ ਵਿੱਚ ਸਰਕਾਰ ਨੇ 8,000 ਤੋਂ ਵੱਧ ਅਕਾਊਂਟਸ 'ਤੇ ਪਾਬੰਦੀ ਲਗਾਉਣ ਲਈ ਕਿਹਾ, ਜੋ ਇੱਕ ਮਹੀਨੇ ਵਿੱਚ ਸਭ ਤੋਂ ਵੱਧ ਹੈ। ਜਨਵਰੀ ਤੋਂ ਜੂਨ ਤੱਕ, ਸਰਕਾਰ ਨੇ ਐਕਸ ਨੂੰ 29,118 ਟੇਕਡਾਊਨ ਰਿਕਵੈਸਟਾਂ ਭੇਜੀਆਂ। 'ਸਹਿਯੋਗ' ਪੋਰਟਲ ਨੇ ਸੈਂਸਰਸ਼ਿਪ ਨੂੰ ਸੰਭਵ ਬਣਾਇਆ, ਜਿਸ ਨੂੰ ਕਰਨਾਟਕ ਹਾਈਕੋਰਟ ਨੇ ਜਾਇਜ਼ ਠਹਿਰਾਇਆ। ਪਹਿਲਗਾਮ ਹਮਲਿਆਂ ਤੋਂ ਬਾਅਦ 'ਦ ਵਾਇਰ', 'ਮਕਤੂਬ ਮੀਡੀਆ' ਅਤੇ 'ਰਾਇਟਰਜ਼' ਵਰਗੀਆਂ ਏਜੰਸੀਆਂ ਦੇ ਅਕਾਊਂਟਸ ਨੂੰ ਰੋਕਿਆ ਗਿਆ।

208 ਮਾਮਲਿਆਂ ਵਿੱਚ ਕਾਨੂੰਨੀ ਕਾਰਵਾਈ ਨੂੰ ਵਿਰੋਧੀਆਂ ਨੂੰ ਪ੍ਰੇਸ਼ਾਨ ਕਰਨ ਲਈ ਵਰਤਿਆ ਗਿਆ। ਨੇਹਾ ਸਿੰਘ ਰਥੌਰ, ਮਦਰੀ ਕਾਕੋਟੀ ਅਤੇ ਸ਼ਮੀਤਾ ਯਾਦਵ ਵਰਗੇ ਵਿਅੰਗਕਾਰਾਂ ਨੂੰ ਪਹਿਲਗਾਮ ਹਮਲੇ ਤੋਂ ਬਾਅਦ ਪੋਸਟਾਂ ਲਈ ਐਫ.ਆਈ.ਆਰ. ਵਿੱਚ ਨਾਮਜ਼ਦ ਕੀਤਾ ਗਿਆ। 'ਦ ਵਾਇਰ' ਦੇ ਸਿਧਾਰਥ ਵਰਦਰਾਜਨ ਤੇ ਕਰਨ ਥਾਪਰ ਅਤੇ ਪੱਤਰਕਾਰ ਅਭੀਸਾਰ ਸ਼ਰਮਾ ਵਿਰੁੱਧ ਵੀ ਐਫ.ਆਈ.ਆਰ. ਰਜਿਸਟਰ ਕੀਤੀਆਂ ਗਈਆਂ। ਇਲਾਹਾਬਾਦ ਹਾਈਕੋਰਟ ਨੇ ਰਥੌਰ ਦੀ ਜ਼ਮਾਨਤ ਅਰਜ਼ੀ ਰੱਦ ਕਰ ਦਿੱਤੀ।

ਇੰਟਰਨੈੱਟ ਕੰਟਰੋਲ ਵਿੱਚ 3070 ਘਟਨਾਵਾਂ ਹੋਈਆਂ, ਜਿਨ੍ਹਾਂ ਵਿੱਚ ਇੰਟਰਨੈੱਟ ਬੰਦ ਕਰਨ ਅਤੇ ਮੋਬਾਈਲ ਐਪਸ ਬਲਾਕ ਕਰਨਾ ਸ਼ਾਮਲ ਹੈ।

ਸਿੱਖਿਆ ਜਗਤ ਵਿੱਚ ਘੱਟੋ-ਘੱਟ 16 ਗੰਭੀਰ ਸੈਂਸਰਸ਼ਿਪ ਮਾਮਲੇ ਸਾਹਮਣੇ ਆਏ, ਜਿਨ੍ਹਾਂ ਵਿੱਚ ਕਾਨਫਰੰਸਾਂ ਰੱਦ ਕਰਨਾ ਅਤੇ ਕਿਤਾਬਾਂ 'ਤੇ ਪਾਬੰਦੀ ਲਗਾਉਣਾ ਸ਼ਾਮਲ ਹੈ। ਕਸ਼ਮੀਰ ਵਿੱਚ 25 ਕਿਤਾਬਾਂ 'ਤੇ ਪਾਬੰਦੀ ਲਗਾਈ ਗਈ ਅਤੇ ਬੁੱਕਸਟੋਰਾਂ 'ਤੇ ਛਾਪੇ ਮਾਰੇ ਗਏ। ਵਿਦਵਾਨਾਂ ਨੂੰ ਲਿਖਣ-ਬੋਲਣ ਤੋਂ ਵਰਜਣਾ ਅਤੇ ਓ.ਸੀ.ਆਈ. ਕਾਰਡ ਰੱਦ ਕਰਨ ਵਰਗੀਆਂ ਘਟਨਾਵਾਂ ਨੇ ਅਕਾਦਮਿਕ ਆਜ਼ਾਦੀ ਨੂੰ ਖਤਰੇ ਵਿੱਚ ਪਾ ਦਿੱਤਾ ਹੈ।

ਸਿਨੇਮਾ ਵਿੱਚ ਵੀ ਸੈਂਸਰਸ਼ਿਪ ਦਾ ਜਾਲ ਵਿਸਥਾਰਤ ਕਰ ਦਿੱਤਾ ਗਿਆ ਹੈ। ਜਾਤੀਵਾਦ, ਨਸਲੀ ਅਪਰਾਧਾਂ ਅਤੇ ਸੰਵੇਦਨਸ਼ੀਲ ਵਿਸ਼ਿਆਂ 'ਤੇ ਫਿਲਮਾਂ ਨੂੰ ਵਿਆਪਕ ਕੱਟਾਂ, ਦੇਰੀ ਅਤੇ ਇਨਕਾਰ ਦਾ ਸਾਹਮਣਾ ਕਰਨਾ ਪਿਆ। ਕੇਰਲ ਅੰਤਰਰਾਸ਼ਟਰੀ ਫਿਲਮ ਫੈਸਟੀਵਲ ਵਿੱਚ ਜਾਣਕਾਰੀ ਅਤੇ ਪ੍ਰਸਾਰਣ ਮੰਤਰਾਲਾ ਨੇ 19 ਫਿਲਮਾਂ ਦੀ ਸਕ੍ਰੀਨਿੰਗ ਦੀ ਇਜਾਜ਼ਤ ਨਹੀਂ ਦਿੱਤੀ। ਭਾਵੇਂ ਅੰਤਰਰਾਸ਼ਟਰੀ ਫਿਲਮਾਂ ਨੂੰ ਵੀ ਰੋਕਿਆ ਗਿਆ। ਰਿਪੋਰਟ ਵਿੱਚ ਫਿਲਮ ਪ੍ਰਮਾਣਪੱਤਰ ਨੂੰ ਸੈਂਸਰਸ਼ਿਪ ਦੇ ਅਸਲੀ ਹਥਿਆਰ ਵਜੋਂ ਵਰਤੇ ਜਾਣ 'ਤੇ ਚਿੰਤਾ ਜ਼ਾਹਰ ਕੀਤੀ ਗਈ ਹੈ।

ਇਸ ਤੋਂ ਇਲਾਵਾ ਰਿਪੋਰਟ ਵਿੱਚ 'ਹਿਡਨ ਹੈਂਡ' ਨੂੰ ਇੱਕ ਨਵੇਂ ਰੂਪ ਵਿੱਚ ਵਰਣਿਤ ਕੀਤਾ ਗਿਆ ਹੈ- ਇਹ ਅਣਦਿੱਸਦਾ ਦਬਾਅ ਹੈ, ਜੋ ਆਪਣੇ ਆਪ ਨੂੰ ਸੈਂਸਰ ਕਰਨ ਲਈ ਮਜਬੂਰ ਕਰਦਾ ਹੈ। 'ਫ੍ਰੈਂਡਲੀ ਕਾਲਜ਼', ਖ਼ਬਰਾਂ ਡ੍ਰਾਪ ਕਰਨਾ ਅਤੇ ਵਿੱਤੀ ਨੁਕਸਾਨ (ਜਿਵੇਂ 'ਦ ਰਿਪੋਰਟਰਜ਼ ਕਲੈਕਟਿਵ' ਦਾ ਟੈਕਸ-ਐਗਜ਼ੈਂਪਟ ਸਟੇਟਸ ਰੱਦ ਕਰਨਾ) ਵਰਗੀਆਂ ਘਟਨਾਵਾਂ ਨੇ ਇਹ ਮਾਹੌਲ ਬਣਾ ਦਿੱਤਾ ਹੈ ਕਿ ਲੋਕ ਖੁਦ ਹੀ ਚੁੱਪ ਰਹਿਣ। ਕਾਰਪੋਰੇਟ ਪ੍ਰਭਾਵ ਵੀ ਵਧਿਆ ਹੈ। ਅਡਾਨੀ ਐਂਟਰਪ੍ਰਾਈਜ਼ ਨੇ 200 ਤੋਂ ਵੱਧ ਆਲੋਚਨਾਤਮਕ ਸਮੱਗਰੀਆਂ ਨੂੰ ਹਟਾਉਣ ਲਈ ਐਕਸ਼ਨ ਲਿਆ ਅਤੇ ਰਿਲਾਇੰਸ ਦੇ ਵਾਂਤਾਰਾ ਪ੍ਰੋਜੈਕਟ 'ਤੇ ਰਿਪੋਰਟਿੰਗ ਨੂੰ ਵੀ ਦਬਾਇਆ ਗਿਆ।

ਇਸ ਮਾਮਲੇ ਵਿਚ ਵਿਸ਼ਵ ਪੱਧਰ 'ਤੇ ਭਾਰਤ ਦੀ ਹਾਲਤ ਚਿੰਤਾਜਨਕ ਹੈ। ਹਿਊਮਨ ਫ੍ਰੀਡਮ ਇੰਡੈਕਸ 2025 ਅਨੁਸਾਰ ਭਾਰਤ 165 ਦੇਸ਼ਾਂ ਵਿੱਚੋਂ 110ਵੇਂ ਸਥਾਨ 'ਤੇ ਹੈ, ਜੋ 2024 ਤੋਂ ਵੀ ਘੱਟ ਹੈ। ਫ੍ਰੀਡਮ ਹਾਊਸ ਦੀ ਰਿਪੋਰਟ ਮੁਤਾਬਕ ਕਾਨੂੰਨਾਂ, ਔਨਲਾਈਨ ਹੈਰਾਸਮੈਂਟ ਅਤੇ ਨਿਗਰਾਨੀ ਕਾਰਨ ਲਿਖਣ-ਬੋਲਣ ਦੀ ਆਜ਼ਾਦੀ ਦਾ ਸਕੋਰ 3 ਤੋਂ 2 ਹੋ ਗਿਆ ਹੈ। ਗਲੋਬਲ ਐਕਸਪ੍ਰੈਸ਼ਨ ਰਿਪੋਰਟ 2025 ਵਿੱਚ ਦੱਸਿਆ ਗਿਆ ਹੈ ਕਿ ਵਿਸ਼ਵ ਦੀ ਅੱਧੀ ਆਬਾਦੀ ਲਿਖਣ-ਬੋਲਣ 'ਤੇ ਪਾਬੰਦੀਆਂ ਦੇ ਸੰਕਟ ਵਿੱਚ ਜੀਅ ਰਹੀ ਹੈ ਅਤੇ ਭਾਰਤ ਵਰਗੇ ਦੇਸ਼ਾਂ ਵਿੱਚ ਸਕੋਰ ਹੋਰ ਘਟੇ ਹਨ। ਆਰ.ਐਸ.ਐਫ਼. ਵਰਲਡ ਪ੍ਰੈੱਸ ਫ੍ਰੀਡਮ ਇੰਡੈਕਸ 2025 ਵਿੱਚ ਆਰਥਿਕ ਖ਼ਤਰੇ ਨੂੰ ਪ੍ਰੈੱਸ ਦੀ ਆਜ਼ਾਦੀ ਲਈ ਵੱਡਾ ਖ਼ਤਰਾ ਦੱਸਿਆ ਗਿਆ ਹੈ। ਫਿਊਚਰ ਫ੍ਰੀ ਸਪੀਚ ਇੰਡੈਕਸ ਵਿੱਚ ਭਾਰਤ 33 ਦੇਸ਼ਾਂ ਵਿੱਚੋਂ 24ਵੇਂ ਸਥਾਨ 'ਤੇ ਹੈ। ਇਹ ਅੰਕੜੇ ਦਰਸਾਉਂਦੇ ਹਨ ਕਿ ਭਾਰਤ ਵਿੱਚ ਲਿਖਣ-ਬੋਲਣ ਦੀ ਆਜ਼ਾਦੀ ਗਲੋਬਲ ਪੱਧਰ 'ਤੇ ਵੀ ਬਹੁਤ ਪਿੱਛੇ ਚਲੀ ਗਈ ਹੈ।

ਪਿਛਲੇ ਸਾਲਾਂ ਨਾਲ ਤੁਲਨਾ ਕਰੀਏ ਤਾਂ 2025 ਵਿੱਚ ਹਾਲਾਤ ਹੋਰ ਬੁਰੇ ਹੋਏ। 2025 ਦੇ ਪਹਿਲੇ ਚਾਰ ਮਹੀਨਿਆਂ ਵਿੱਚ ਹੀ 329 ਮਾਮਲੇ ਦਰਜ ਹੋਏ ਸਨ, ਜੋ ਪੂਰੇ 2024 ਨਾਲੋਂ ਵੱਧ ਹਨ। 2019-2024 ਦੌਰਾਨ ਜੰਮੂ-ਕਸ਼ਮੀਰ ਵਿੱਚ ਮੀਡੀਆ ਦੀ ਆਜ਼ਾਦੀ ਵਿੱਚ ਭਾਰੀ ਗਿਰਾਵਟ ਆਈ ਸੀ ਅਤੇ ਇਹ ਰੁਝਾਨ ਜਾਰੀ ਹੈ। ਰਿਪੋਰਟ ਵਿੱਚ 2023 ਦੇ ਡਿਜੀਟਲ ਪਰਸਨਲ ਡਾਟਾ ਪ੍ਰੋਟੈਕਸ਼ਨ ਐਕਟ (ਡੀ.ਪੀ.ਡੀ.ਪੀ.) ਅਤੇ ਨਵੰਬਰ ਵਿੱਚ ਜਾਰੀ ਨਿਯਮਾਂ 'ਤੇ ਚਿੰਤਾ ਜ਼ਾਹਰ ਕੀਤੀ ਗਈ ਹੈ। ਇਹ ਲੋਕ-ਪੱਤਰਕਾਰੀ ਨੂੰ ਖ਼ਤਰੇ ਵਿੱਚ ਪਾ ਰਿਹਾ ਹੈ ਅਤੇ ਰਾਈਟ ਟੂ ਇਨਫਰਮੇਸ਼ਨ (ਆਰ.ਟੀ.ਆਈ.) ਨੂੰ ਕਮਜ਼ੋਰ ਕਰ ਕੇ ਪਾਰਦਰਸ਼ਤਾ ਨੂੰ ਨੁਕਸਾਨ ਪਹੁੰਚਾ ਰਿਹਾ ਹੈ।

ਨਿਗਰਾਨੀ ਅਤੇ ਅਦਾਲਤੀ ਰੁਖ ਵੀ ਚਿੰਤਾ ਵਾਲਾ ਹੈ। ਸੁਪਰੀਮ ਕੋਰਟ ਨੇ ਕਵਿਤਾ/ਵਿਅੰਗ ਨੂੰ ਸੁਰੱਖਿਆ ਦਿੱਤੀ, ਪਰ ਜਾਣਕਾਰੀ ਦੇਣ 'ਤੇ ਰੋਕਾਂ ਵੀ ਲਾਈਆਂ। ਕੁੱਲ ਮਿਲਾ ਕੇ, ਅਦਾਲਤਾਂ ਨੇ ਲਿਖਣ-ਬੋਲਣ ਨੂੰ ਪੂਰੀ ਤਰ੍ਹਾਂ ਸੁਰੱਖਿਆ ਨਹੀਂ ਦਿੱਤੀ। ਰਿਪੋਰਟ ਚੇਤਾਵਨੀ ਦਿੰਦੀ ਹੈ ਕਿ ਇਹ ਮਾਮਲੇ ਉਸ ਵਿਸ਼ਾਲ ਹਮਲੇ ਦਾ ਹਿੱਸਾ ਹਨ, ਜੋ ਜਮਹੂਰੀਅਤ ਲਈ ਖ਼ਤਰਾ ਬਣ ਰਹੇ ਹਨ। ਲਿਖਣ-ਬੋਲਣ ਦੀ ਆਜ਼ਾਦੀ ਨੂੰ ਨਿਗਰਾਨੀ ਅਤੇ ਰੋਕਾਂ ਨਾਲ ਜਕੜਿਆ ਜਾ ਰਿਹਾ ਹੈ, ਜਿਸ ਨਾਲ ਆਪਣੇ ਆਪ ਨੂੰ ਹੀ ਸੈਂਸਰ ਕਰਨਾ ਬਚਣ ਦਾ ਤਰੀਕਾ ਬਣ ਗਿਆ ਹੈ।

ਫ੍ਰੀ ਸਪੀਚ ਕਲੈਕਟਿਵ ਨੇ ਸਿਫ਼ਾਰਸ਼ਾਂ ਵੀ ਕੀਤੀਆਂ ਹਨ। ਸੈਂਸਰਸ਼ਿਪ ਨੂੰ ਰੋਕਣ ਲਈ ਕਾਨੂੰਨੀ ਸੁਧਾਰ, ਪੱਤਰਕਾਰਾਂ ਲਈ ਸੁਰੱਖਿਆ ਅਤੇ ਨਿਗਰਾਨੀ 'ਤੇ ਪਾਬੰਦੀ ਇਨ੍ਹਾਂ ਸਿਫ਼ਾਰਸ਼ਾਂ ਦਾ ਹਿੱਸਾ ਹਨ। ਰਿਪੋਰਟ ਚੇਤਾਵਨੀ ਦਿੰਦੀ ਹੈ ਕਿ ਜੇਕਰ ਲਿਖਣ-ਬੋਲਣ ਦੀ ਆਜ਼ਾਦੀ ਨੂੰ ਬਚਾਇਆ ਨਾ ਗਿਆ ਤਾਂ ਭਾਰਤ ਦਾ ਲੋਕਤੰਤਰ ਵੀ ਖ਼ਤਰੇ ਵਿੱਚ ਪੈ ਜਾਵੇਗਾ।

HARBIRINDER VIRK
Mortgage Loan Officer
ratebeat MORTGAGE
847-942-9046
harbirv@gmail.com
MLS ID: 2212343
Call For All Your Mortgage Lending Needs!

## ਜ਼ਰੂਰੀ

'ਪੰਜਾਬੀ ਪਰਵਾਜ਼' ਵਿੱਚ ਵੱਖ-ਵੱਖ ਲੇਖ ਸਿਰਫ ਵਿਚਾਰਾਂ ਦੇ ਵਟਾਂਦਰੇ ਅਤੇ ਇੱਕ-ਦੂਜੇ ਤੱਕ ਜਾਣਕਾਰੀ ਜਾਂ ਅਨੁਭਵ ਪਹੁੰਚਦੇ ਕਰਨ ਦੇ ਮਕਸਦ ਨਾਲ ਛਾਪੇ ਗਏ ਹਨ। ਲੇਖਾਂ ਵਿਚਲੇ ਵਿਚਾਰਾਂ/ਤੱਥਾਂ ਨਾਲ ਸਹਿਮਤ ਹੋਣਾ ਜਾਂ ਨਾ ਹੋਣਾ ਪਾਠਕਾਂ ਦਾ ਨਿੱਜੀ ਮਸਲਾ ਹੈ। ਲੇਖਾਂ/ਰਚਨਾਵਾਂ ਵਿੱਚ ਹਲਕੀ ਕਿਸਮ ਦੀ ਭਾਸ਼ਾ ਤੋਂ ਗੁਰੇਜ ਕਰਨਾ ਅਤੇ ਲੋਕ-ਪੱਖੀ ਤੇ ਮਿਆਰੀ ਲਿਖਤਾਂ ਨੂੰ ਪਾਠਕਾਂ ਤੱਕ ਪੁੱਜਦਾ ਕਰਨਾ 'ਪੰਜਾਬੀ ਪਰਵਾਜ਼' ਦੀ ਪਹਿਲ ਹੋਵੇਗੀ।

Punjabi Parwaz LLC - DBA Punjabi Parwaz
Address:
827 E. Kings Row, Unit# 7, Palatine, IL 60074
Managed by:
Anureet Kaur & Kuljeet Singh
Punjab Incharge:
Jasvir Singh Mangat

'ਪੰਜਾਬੀ ਪਰਵਾਜ਼' ਨੂੰ ਆਪਣੇ ਫੋਨ ਉਤੇ ਪੜ੍ਹਨ ਲਈ ਫੋਨ: 224-386-4548 ਉਤੇ ਸੰਪਰਕ ਕਰੋ ਜਾਂ ਸਾਡੀ ਵੈਬਸਾਈਟ www.punjabiparwaz.com ਉਤੇ ਈਪੇਪਰ ਦਾ ਬਟਨ ਕਲਿੱਕ ਕਰੋ

ਪੰਜਾਬੀ ਪਰਵਾਜ਼ Punjabi Parwaz ਬੋਰਡ ਮੈਂਬਰ

ਬਲਵਿੰਦਰ ਸਿੰਘ (ਬੌਬ) ਸੰਧੂ
ਦਵਿੰਦਰ ਸਿੰਘ ਰੰਗੀ
ਮਨਜਿੰਦਰ ਸਿੰਘ (ਮੈਕ) ਭਮਰਾ
ਗੁਰਿੰਦਰਜੀਤ ਸਿੰਘ ਗਰੇਵਾਲ
ਦੀਦਾਰ ਸਿੰਘ ਧਨੋਆ
ਯਾਦਵਿੰਦਰ ਸਿੰਘ (ਰਿੰਪੀ) ਖੱਟੜਾ
ਅਮਰਜੀਤ ਸਿੰਘ ਢੀਂਡਸਾ
ਜੋਧ ਸਿੰਘ ਸਿੱਧੂ
ਬੇਅੰਤ ਸਿੰਘ ਬੈਪਾਰਾਏ
ਅਮਰੀਕ ਸਿੰਘ ਸ਼ਿਕਾਗੋ
ਕਿਰਪਾਲ ਸਿੰਘ ਰੰਧਾਵਾ
ਅੰਮ੍ਰਿਤਪਾਲ ਸਿੰਘ ਗਿੱਲ
ਬਲਵਿੰਦਰ ਸਿੰਘ ਚੱਠਾ
ਦਰਸ਼ਨ ਸਿੰਘ ਪੰਮਾ
ਗੁਰਵਿੰਦਰ ਸਿੰਘ ਬੱਬੂ (ਐਪਲਟਨ)
ਬਿਕਰਮ ਸਿੰਘ ਸਿੱਧੂ
ਪਰਮਜੀਤ ਸਿੰਘ ਸਿੱਧੂ (ਮਹਿਰਾਜ)
ਮਨਮਿੰਦਰ ਸਿੰਘ ਹੀਰ
ਬਲਜੀਤ ਸਿੰਘ ਸਿੱਧੂ (ਫਲੋਰਿਡਾ)
ਮਿੰਨੀ ਮੁਲਤਾਨੀ
ਗੁਰਪ੍ਰੀਤ ਕੇ. ਸਿੰਘ
ਲਾਲੀ ਧਾਲੀਵਾਲ (ਮਿਸ਼ੀਗਨ)
ਜਗਜੀਤ ਸਿੰਘ ਖੇੜਾ (ਓਕਲਾਹੋਮਾ)
ਜਿਗਰਦੀਪ ਸਿੰਘ ਢਿੱਲੋਂ
ਇੰਦਰ ਹੁੰਜਣ
ਅਮਨਦੀਪ ਸਿੰਘ ਕੁਲਾਰ
ਪਰਮਿੰਦਰ ਸਿੰਘ (ਯੂਬਾ ਸਿਟੀ)
ਹਰਕੇਵਲ ਸਿੰਘ ਲਾਲੀ

# ਪੀ.ਸੀ.ਐਸ. (PCS) ਵੱਲੋਂ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਦਿਹਾੜੇ ਅਤੇ ਨਵੇਂ ਸਾਲ 2026 ਦੀ ਸਮੂਹ ਭਾਈਚਾਰਿਆਂ ਨੂੰ ਲੱਖ ਲੱਖ ਵਧਾਈ ਹੋਵੇ

## Happy New Year 2026

**18 JAN 2026**
10 AM - 2 PM

NATIONAL INDIA HUB
930 NATIONAL PKWY
SCHAUMBURG, IL 60173

## PCS DRAWING CONTEST

Theme: Punjab Era 1799 - 1849

CATEGORIES:

- ELEMENTARY SCHOOL
- MIDDLE SCHOOL
- HIGH SCHOOL



Scan to Register

WIN EXCITING PRIZES IN EACH CATEGORY!

- One drawing per participant, original artwork should be on theme or provided template
- All contestants will be judged on their original artwork and artistic value.
- Drawings must be original and authentic.
- Any medium is acceptable: Pencil, Charcoal, Oil, watercolors etc.
- Photographs or computer generated images will not be accepted.
- A drawing sheet and basic coloring material will be provided to all participants.
- Lunch will be provided to all participants and family members.

# Punjabi Cultural Society of Chicago

Celebrating 30+ Years of Community Service

*To Celebrate Vaisakhi PCS Presents...*

## ਰੰਗਲਾ ਪੰਜਾਬ 2026!

Rangla Punjab



**Saturday, April 25, 2026**

Copernicus Center
5216 W Lawrence Ave
Chicago, IL 60630

REGISTER NOW!

## Registration Open!

- Ages 5 and above only
- Participants & Teams should register before 15 February, 2026.
- Rehearsals start on 11 January, 2026 at National India Hub.

More Information at:
https://www.pcschicago.org

**Punjabi Cultural Society of Chicago**
(847) 359-5PCS or (847) 359-5727
P. O. BOX 1244, PALATINE, IL. 60078
E-mail: info@pcschicago.org

# ਪੰਜਾਬ ਦੀ ਸੰਘਰਸ਼ਸ਼ੀਲ ਤਾਸੀਰ ਜਿਓਂ ਦੀ ਤਿਓਂ ਕਾਇਮ

**ਪੰਜਾਬੀ ਪਰਵਾਜ਼ ਬਿਊਰੋ**

### *ਨਵੀਂ ਲੀਡਰਸ਼ਿੱਪ ਉਭਾਰ ਦੇ ਸੰਕੇਤ ਦੇ ਗਿਆ ਬੀਤਿਆ ਸਾਲ
### *ਜਵਾਨੀ/ਕਿਸਾਨੀ ਦੇ ਸੰਘਰਸ਼ ਦੀ ਵਿਰਾਸਤ ਨਾਲ ਚੜ੍ਹੇਗਾ ਨਵੇਂ ਸਾਲ ਦਾ ਸੂਰਜ

ਬੀਤੇ ਸਾਲ ਵਿੱਚ ਪੰਜਾਬ ਨੇ ਜ਼ਿਆਦਾ ਕੁਝ ਅਜਿਹਾ ਵੇਖਿਆ ਹੈ, ਜਿਹੜਾ ਇੱਥੇ ਦੇ ਬਾਸ਼ਿੰਦਿਆਂ ਨੂੰ ਆਮ ਤੌਰ 'ਤੇ ਨਿਰਾਸ਼ ਕਰਨ ਵਾਲਾ ਹੈ। ਪਰ ਇਨ੍ਹਾਂ ਸੰਕਟ ਦੀਆਂ ਘੜੀਆਂ ਵਿੱਚ ਕੁਝ ਝਲਕਾਂ ਅਜਿਹੀਆਂ ਮਿਲੀਆਂ ਹਨ, ਜਿਹੜੀਆਂ ਭਵਿੱਖ ਦੇ ਰੋਸ਼ਨ ਹੋਣ ਦੀ ਆਸ ਬੰਨ੍ਹਾਉਂਦੀਆਂ ਹਨ। ਜੇ ਇਸ ਸਾਲ ਵਾਪਰੀਆਂ ਰੋਸ਼ਨ ਮੀਨਾਰ ਗੱਲਾਂ ਵੱਲ ਹੀ ਧਿਆਨ ਕਰੀਏ ਤਾਂ ਕਿਹਾ ਜਾ ਸਕਦਾ ਹੈ ਕਿ ਜਵਾਨੀ ਦੇ ਲਾਮਿਸਾਲ ਉੱਦਮ ਦੀ ਲਿਸ਼ਕੋਰ ਉਦੋਂ ਪਈ, ਜਦੋਂ ਸਤੰਬਰ-ਅਕਤੂਬਰ ਮਹੀਨੇ ਵਿੱਚ ਪੰਜਾਬ ਹੜ੍ਹਾਂ ਵਿੱਚ ਘਿਰਿਆ ਹੋਇਆ ਸੀ। ਇਸ ਹੜ੍ਹ ਦੌਰਾਨ ਨਾ ਸਿਰਫ ਅੱਧਾ ਸੈਂਕੜਾ ਲੋਕਾਂ ਦੀ ਮੌਤ ਹੋਈ, ਸਗੋਂ ਕਈ ਲਾਪਤਾ ਹੋ ਗਏ। ਇਨ੍ਹਾਂ ਹੜ੍ਹਾਂ ਕਾਰਨ ਗੁਰਦਾਸਪੁਰ, ਅੰਮ੍ਰਿਤਸਰ, ਕਪੂਰਥਲਾ, ਪਠਾਨਕੋਟ, ਹੁਸ਼ਿਆਰਪੁਰ, ਫਾਜ਼ਿਲਕਾ ਅਤੇ ਫਿਰੋਜ਼ਪੁਰ ਵਿੱਚ ਸਾਢੇ ਚਾਰ ਲੱਖ ਏਕੜ ਜ਼ਮੀਨ ਵਿੱਚੋਂ ਝੋਨੇ ਦੀ ਫਸਲ ਬਰਬਾਦ ਹੋ ਗਈ। ਤਕਰੀਬਨ 30 ਹਜ਼ਾਰ ਤੋਂ ਵੱਧ ਘਰਾਂ ਨੂੰ ਨੁਕਸਾਨ ਪਹੁੰਚਿਆ। ਮਹੀਨਾ ਭਰ ਲੋਕ ਪਾਣੀ ਵਿੱਚ ਡੁੱਬੇ ਰਹੇ। ਕੇਂਦਰ ਸਰਕਾਰ ਹਵਾਈ ਜਹਾਜ਼ ਰਾਹੀਂ ਸਰਵੇਖਣ ਕਰ ਗਈ। ਰਾਜ ਸਰਕਾਰ ਲਿੱਬੜੇ/ਭਿੱਜੇ ਪਜਾਮਿਆਂ ਨਾਲ ਪ੍ਰਭਾਵਤ ਇਲਾਕਿਆਂ ਦਾ ਗੇੜਾ ਮਾਰ ਆਈ। ਪਰ ਲੋਕਾਂ ਦੀ ਬਾਂਹ ਫੜਨ ਲਈ ਡੱਕਾ ਭੰਨ ਕੇ ਦੂਹਰਾ ਨਹੀਂ ਕੀਤਾ।

ਇਸੇ ਦਰਮਿਆਨ ਸਾਰੀ ਦੁਨੀਆਂ ਵਿੱਚ ਵਸੇ ਪੰਜਾਬੀਆਂ/ਸਿੱਖਾਂ ਅਤੇ ਖੁਦ ਪੰਜਾਬ ਵਿੱਚ ਹੜ੍ਹਾਂ ਤੋਂ ਸੁਰੱਖਿਅਤ ਰਹਿ ਗਏ ਲੋਕਾਂ ਨੇ ਅਜਿਹੇ ਹੰਭਲੇ ਮਾਰੇ, ਜਿਸ ਦੀ ਦੁਨੀਆਂ ਵਿੱਚ ਕੋਈ ਮਿਸਾਲ ਨਹੀਂ ਮਿਲਦੀ। ਖਾਸ ਕਰਕੇ ਪੰਜਾਬ ਦੀ ਜਵਾਨੀ ਨੇ ਜਿਸ ਹੌਸਲੇ ਨਾਲ ਹੜ੍ਹਾਂ ਦਾ ਮੁਕਾਬਲਾ ਕੀਤਾ, ਉਸ ਨੂੰ ਵੇਖ ਕੇ ਦੁਨੀਆਂ ਦੰਗ ਰਹਿ ਗਈ। ਪਾਣੀ ਵਿੱਚ ਡੁੱਬੇ ਆਖਰੀ ਵਿਅਕਤੀ ਤੱਕ ਰਾਸ਼ਨ ਪਾਣੀ ਸਮੇਤ ਜ਼ਿੰਦਗੀ ਦੇ ਬਚਾਅ ਲਈ ਹਰ ਸਹੂਲਤ ਪਹੁੰਚਾਈ। ਰੇਲ ਕੋਚ ਫੈਕਟਰੀ ਲਈ ਸਾਜ਼ੋ ਸਮਾਨ ਬਣਾਉਣ ਵਾਲੇ ਕਪੂਰਥਲਾ ਦੇ ਇੱਕ ਸਿੰਘ ਸਰਦਾਰ ਨੇ ਆਪਣਾ ਕਾਰੋਬਾਰ ਬੰਦ ਕਰਕੇ ਕਿਸ਼ਤੀਆਂ ਬਣਾਉਣੀਆਂ ਸ਼ੁਰੂ ਕਰ ਦਿੱਤੀਆਂ। ਇਨ੍ਹਾਂ ਕਿਸ਼ਤੀਆਂ ਵਿੱਚ ਸਫਰ ਕਰਕੇ ਜੁਆਨਾਂ ਨੇ ਲੋੜਵੰਦ ਲੋਕਾਂ ਤੱਕ ਸਹਾਇਤਾ ਪਹੁੰਚਾਈ। ਜਦੋਂ ਹਜ਼ਾਰਾਂ ਮੁਲਾਜ਼ਮਾਂ ਵਾਲੀ ਪੰਜਾਬ ਸਰਕਾਰ ਕੁਝ ਵੀ ਕਰਨ ਤੋਂ ਅਸਮਰੱਥ ਸੀ ਅਤੇ ਦੁਨੀਆਂ ਦੀ ਚੌਥੀ ਵੱਡੀ ਫੌਜ ਵਾਲੀ ਕੇਂਦਰ ਸਰਕਾਰ ਤਮਾਸ਼ਾ ਵੇਖ ਰਹੀ ਸੀ ਤਾਂ ਪੰਜਾਬ ਦੇ ਲੋਕਾਂ ਨੇ ਹੜ੍ਹਾਂ ਨੂੰ ਪੂਰੀ ਤਰ੍ਹਾਂ ਆਪਣੇ ਅਧੀਨ ਕਰਕੇ ਵਿਖਾਇਆ ਕਿ ਕੋਈ ਕੌਮ/ਲੋਕ ਜੇ ਆਈ 'ਤੇ ਆਉਣ ਤਾਂ ਕੀ ਕੁਝ ਕਰ ਸਕਦੇ ਹਨ।

ਇੱਥੇ ਹੀ ਬੱਸ ਨਹੀਂ! ਜਿਨ੍ਹਾਂ ਖੇਤਾਂ ਵਿੱਚ ਫਸਲਾਂ ਰੇਤ ਵਿੱਚ ਦਬ ਗਈਆਂ ਸਨ ਅਤੇ 6-7 ਫੁੱਟ ਤੱਕ ਰੇਤ ਚੜ੍ਹ ਗਈ ਸੀ, ਉਹ ਨਾ ਸਿਰਫ ਸਾਰੀ ਰੇਤ ਹਟਾਈ ਸਗੋਂ ਜ਼ਮੀਨਾਂ ਕਣਕ ਬੀਜਣ ਯੋਗ ਬਣਾਈਆਂ। ਇਸ ਮਾਮਲੇ ਸਬੰਧੀ ਕੁਝ ਖੇਤਰਾਂ ਵਿੱਚ ਹਾਲੇ ਵੀ ਕੰਮ ਚੱਲ ਰਿਹਾ ਹੈ। ਇਸ ਵੱਡੇ ਕੰਮ ਵਿੱਚ ਵੀ ਪੰਜਾਬ ਅਤੇ ਕੇਂਦਰ ਸਰਕਾਰ ਨੇ ਕੋਈ ਧਿਆਨ ਨਹੀਂ ਦਿੱਤਾ। ਦੁਨੀਆਂ ਭਰ ਵਿੱਚ ਵੱਸੇ ਪੰਜਾਬੀਆਂ, ਡਾਕਟਰਾਂ ਦੀਆਂ ਜਥੇਬੰਦੀਆਂ, ਖਾਲਸਾ ਏਡ ਤੇ ਹੋਰ ਸਮਾਜ ਸੇਵੀ ਸੰਸਥਾਵਾਂ ਅਤੇ ਖੁਦ ਆਪ ਪੰਜਾਬ ਦੇ ਲੋਕਾਂ ਨੇ ਕਣਕ ਬੀਜਣ ਦੇ ਵੇਲੇ ਤੱਕ ਜ਼ਮੀਨਾਂ ਨੂੰ ਪੱਧਰਾ ਕਰਨ ਦਾ ਜ਼ਿੰਮਾ ਓਟਿਆ। ਇਸ ਤਰ੍ਹਾਂ ਇਸ ਵਾਰ ਹਾੜ੍ਹੀ ਦੀ ਫਸਲ ਬੀਜੇ ਜਾਣ ਤੱਕ ਬਰਬਾਦ ਹੋਈ ਢਾਈ ਲੱਖ ਏਕੜ ਜ਼ਮੀਨ ਕਣਕ ਬੀਜਣ ਦੇ ਲਗਪਗ ਲਾਇਕ ਬਣਾ ਲਈ ਗਈ ਹੈ। ਪੰਜਾਬ ਸਰਕਾਰ ਦਾ ਹਿੱਸਾ ਇਹਦੇ ਵਿੱਚ ਇਹ ਸੀ ਕਿ ਕਿਸਾਨਾਂ ਲਈ ਰੇਤ ਚੁੱਕ ਕੇ ਵੇਚਣ ਲਈ ਮਹੀਨੇ ਕੁ ਦਾ ਸਮਾਂ ਨਿਰਧਾਰਤ ਕਰ ਦਿੱਤਾ। ਅਖ਼ੇ ਇਸ ਤੋਂ ਬਾਅਦ ਇਹ ਰੇਤ ਸਰਕਾਰ ਚੁੱਕੇਗੀ! ਇਹ ਮੁਰਦਿਆਂ ਤੋਂ ਕੱਫਣ ਲਾਹੁਣ ਜਿਹੀ ਬਿਰਤੀ ਦਾ ਮੁਜ਼ਾਹਰਾ ਸੀ।

ਪੰਜਾਬ ਸਰਕਾਰ ਨੇ ਪੰਜਾਬ ਵਿੱਚ ਆਏ ਹੜ੍ਹਾਂ ਨਾਲ ਨਿਪਟਣ ਲਈ ਕੇਂਦਰ ਸਰਕਾਰ ਤੋਂ ਸਾਢੇ ਤੇਰਾਂ ਹਜ਼ਾਰ ਕਰੋੜ ਦੇ ਕਰੀਬ ਰੁਪਏ ਦੀ ਮੰਗ ਕੀਤੀ ਸੀ, ਪਰ ਕੇਂਦਰ ਨੇ ਸਿਰਫ 1600 ਕਰੋੜ ਦੇਣ ਦਾ ਐਲਾਨ ਕੀਤਾ। ਕੇਂਦਰ ਸਰਕਾਰ ਅਨੁਸਾਰ ਇਸ ਸੋਲਾਂ ਸੌ ਕਰੋੜ ਵਿੱਚੋਂ 800 ਕੁ ਸੌ ਕਰੋੜ ਹਾਲੇ ਤੱਕ ਜਾਰੀ ਕੀਤਾ ਗਿਆ ਹੈ। ਇਸ 'ਵੱਡੀ ਰਕਮ' ਦੀਆਂ ਕਿਸ਼ਤਾਂ ਜਾਰੀ ਕਰਨ ਵਿੱਚ ਵੀ ਕੇਂਦਰ ਸਰਕਾਰ ਨੇ ਪੰਜਾਬ ਸਰਕਾਰ ਦੀਆਂ ਹੀਲਾਂ ਕਢਾ ਦਿੱਤੀਆਂ। ਪੰਜਾਬ ਸਰਕਾਰ ਦੀ ਇੱਕ ਹੋਰ ਪ੍ਰਾਪਤੀ ਇਹ ਸੀ ਕਿ ਪੰਜਾਬ ਪੁਲਿਸ ਨੇ ਜਦੋਂ ਸ਼ੰਭੂ ਅਤੇ ਖਨੌਰੀ ਬਾਰਡਰਾਂ ਤੋਂ ਕਿਸਾਨਾਂ ਦੇ ਧਰਨੇ ਜ਼ਬਰਦਸਤੀ ਚੁੱਕੇ ਤਾਂ ਕਿਸਾਨਾਂ ਦੀਆਂ ਟਰਾਲੀਆਂ ਸਮੇਤ ਕੀਮਤੀ ਸਮਾਨ ਚੋਰੀ ਹੋ ਗਿਆ। ਕਿਸਾਨ ਸੰਗਠਨਾਂ ਨੇ ਜਦੋਂ ਆਪਣੀ ਮਿਹਨਤ ਨਾਲ ਇਸ ਸਾਜ਼ੋ ਸਮਾਨ ਦੀ ਸੂਹ ਲਗਾਈ ਤਾਂ ਇਹ ਸਰਕਾਰ ਦੇ ਅਸੈਂਬਲੀ ਮੈਂਬਰਾਂ ਦੇ ਨਜ਼ੀਦੀਕੀਆਂ ਅਤੇ ਸਰਕਾਰੀ ਅਫਸਰਾਂ ਦੇ ਸਕੇ ਸੰਬੰਧੀਆਂ ਕੋਲੋਂ ਨਿਕਲਣ ਲੱਗਾ। ਇਸ ਤੋਂ ਬਾਅਦ ਪੰਜਾਬ ਸਰਕਾਰ ਨੇ ਸ਼ਹਿਰੀ ਕਲੋਨੀਆਂ ਕੱਟਣ ਲਈ ਕਿਸਾਨਾਂ ਦੀ 65 ਹਜ਼ਾਰ ਏਕੜ ਜ਼ਮੀਨ ਅਕਵਾਇਰ ਕਰਨ ਦਾ ਐਲਾਨ ਕਰ ਦਿੱਤਾ। ਅਖ਼ੇ ਇਹ ਪੰਜਾਬ ਦੇ ਸ਼ਹਿਰੀ ਵਿਕਾਸ ਲਈ ਜ਼ਰੂਰੀ ਹੈ। ਕਿਸਾਨ ਸੰਗਠਨਾਂ ਅਤੇ ਪੰਜਾਬ ਦੇ ਕਿਸਾਨਾਂ ਦੇ ਆਪ ਮੁਹਾਰੇ ਤਿੱਖੇ ਵਿਰੋਧ ਨੇ ਸਰਕਾਰ ਨੂੰ ਆਪਣੀ ਇਹ ਸਕੀਮ ਵਾਪਸ ਲੈਣ ਲਈ ਮਜਬੂਰ ਕੀਤਾ।

ਨਸ਼ਿਆਂ ਵਿਰੁਧ ਮੁਹਿੰਮ ਵੱਡੇ ਪ੍ਰਚਾਰ ਪ੍ਰਸਾਰ ਦੇ ਬਾਵਜੂਦ ਦਮ ਤੋੜਦੀ ਨਜ਼ਰ ਆਈ। ਨਸ਼ੇ ਦੀ ਉਵਰ ਡੋਜ਼ ਨਾਲ ਮੌਤਾਂ ਪੰਜਾਬ ਵਿੱਚ ਤਕਰੀਬਨ ਹਰ ਰੋਜ਼ ਦੀ ਕਹਾਣੀ ਹੈ। ਪੰਜਾਬ ਸਰਕਾਰ ਦਾ ਦਾਅਵਾ ਹੈ ਕਿ ਰਾਜ ਸਰਕਾਰ ਵੱਲੋਂ ਹੁਣ ਤੱਕ 41881 ਨਸ਼ਾ ਤਸਕਰਾਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ; ਪਰ ਹਕੀਕਤ ਇਹ ਹੈ ਕਿ ਪੰਜਾਬ ਵਿੱਚ ਹੋਣ ਵਾਲੀ ਨਸ਼ਾ ਤਸਕਰੀ ਵਿੱਚ ਸਿਆਸੀ ਆਗੂਆਂ, ਗੈਂਗਸਟਰਾਂ ਅਤੇ ਪੁਲਿਸ ਅਧਿਕਾਰੀਆਂ ਦੀ ਮਿਲੀਭੁਗਤ ਹੈ। ਇਸ ਨੈਕਸਸ ਨੂੰ ਤੋੜਨ ਦੀ ਥਾਂ ਪੰਜਾਬ ਸਰਕਾਰ ਵੱਲੋਂ ਨਿੱਕੇ ਮੋਟੇ ਤਸਕਰਾਂ, ਨਸ਼ਾ ਖੋਰਾਂ ਅਤੇ ਕਸਬੀ ਜ਼ਰਾਇਮ ਪੇਸ਼ਾ ਲੋਕਾਂ ਨੂੰ ਸਲਾਖਾਂ ਪਿੱਛੇ ਬੰਦ ਕੀਤਾ ਜਾ ਰਿਹਾ ਹੈ। ਜਦੋਂ ਵੀ ਕਿਸੇ ਵੱਡੇ ਪੁਲਿਸ ਅਧਿਕਾਰੀ ਜਾਂ ਸਿਆਸੀ ਆਗੂ ਦਾ ਇਸ ਵਿੱਚ ਨਾਂ ਬੋਲਿਆ ਤਾਂ ਪੰਜਾਬ ਸਰਕਾਰ ਵੱਲੋਂ ਉਸ ਨੂੰ ਬਚਾਉਣ ਦਾ ਯਤਨ ਕੀਤਾ ਗਿਆ। ਘਰ ਵੀ ਮਾੜੇ ਧੀੜੇ ਤਸਕਰਾਂ ਦੇ ਘਰ ਢਾਹੇ ਗਏ; ਦਾਗੀ ਅਫਸਰਸ਼ਾਹਾਂ ਦੇ ਨਹੀਂ, ਨਾ ਸਿਆਸੀ ਆਗੂਆਂ ਦੇ। ਉਂਝ ਸਰਕਾਰ ਬਿਕਰਮ ਸਿੰਘ ਮਜੀਠੀਏ ਅਤੇ ਸੁਖਪਾਲ ਸਿੰਘ ਖਹਿਰਾ ਨੂੰ ਤਸਕਰ ਸਿੱਧ ਕਰਨ ਦਾ ਯਤਨ ਜ਼ਰੂਰ ਕਰਦੀ ਰਹੀ ਹੈ। ਜਿਨ੍ਹਾਂ ਨੂੰ ਇਹ ਆਗੂ ਸਿਆਸੀ ਬਦਲਾਖੋਰੀ ਦਾ ਨਾਂ ਦਿੰਦੇ ਰਹੇ ਹਨ।

ਲੋਕਾਂ ਦੇ ਇਲਾਜ ਲਈ ਦਸ ਲੱਖ ਦੇ ਬੀਮੇ ਦਾ ਐਲਾਨ ਪੰਜਾਬ ਸਰਕਾਰ ਦੀ ਇਕਮਾਤਰ ਸਲਾਹੁਣ ਲਾਇਕ ਕਾਰਗੁਜ਼ਾਰੀ ਹੈ; ਪਰ ਇਸ ਦੀ ਸਫਲਤਾ ਹੀ ਇਸ ਬਾਰੇ ਅੰਤਿਮ ਫੈਸਲਾ ਕਰੇਗੀ। ਪੰਜਾਬ ਸਰਕਾਰ ਦੀ ਹਰ ਖੇਤਰ ਵਿੱਚ ਕਮਜ਼ੋਰ ਕਾਰਗੁਜ਼ਾਰੀ ਦਾ ਸਿੱਟਾ ਇਹ ਨਿਕਲਿਆ ਹੈ ਕਿ ਅਕਾਲੀ ਦਲ (ਬਾਦਲ) ਆਪਣੇ ਪੈਰ ਮੁੜ ਤੋਂ ਜਮਾਉਣ ਲੱਗਾ ਹੈ। ਲੋਕ ਸਭਾ ਵਿੱਚ ਚੰਗੀ ਕਾਰਗੁਜ਼ਾਰੀ ਵਿਖਾਉਣ ਵਾਲੀ ਕਾਂਗਰਸ ਪਾਰਟੀ ਦੇ ਆਪਸੀ ਕਲੇਸ਼ ਕਾਰਨ ਇਸ ਦਾ ਗਰਾਫ ਹੇਠਾਂ ਡਿੱਗ ਰਿਹਾ ਹੈ। ਨਵੇਂ ਸਾਲ ਦੇ ਆਰੰਭਲੇ ਮਹੀਨਿਆਂ ਵਿੱਚ ਇਸ ਦੀ ਲੀਡਰਸ਼ਿਪ ਵਿੱਚ ਬਦਲਾਅ ਦੇ ਚਰਚੇ ਤੁਰ ਪਏ ਹਨ। ਇਸ ਹਾਲਤ ਵਿੱਚ ਜੇ ਅਕਾਲੀ ਦਲ (ਵਾਰਸ ਪੰਜਾਬ ਦੇ) ਅਤੇ ਗਿਆਨੀ ਹਰਪ੍ਰੀਤ ਸਿੰਘ ਦੀ ਅਗਵਾਈ ਵਾਲਾ ਨਵਾਂ ਅਕਾਲੀ ਦਲ ਖੁਦ ਨੂੰ ਸਰਗਰਮ ਨਹੀਂ ਕਰਦੇ ਤਾਂ ਸੰਭਵ ਹੈ ਕਿ ਅਗਲੇ ਸਾਲ ਹੋਣ ਵਾਲੀਆਂ ਵਿਧਾਨ ਸਭਾ ਚੋਣਾਂ 'ਚ ਸੁਖਬੀਰ ਵਾਲਾ ਦਲ ਭਾਜਪਾ ਨਾਲ ਰਲ ਕੇ ਬਾਜੀ ਮਾਰ ਜਾਵੇ। ਪਰ ਇਨ੍ਹਾਂ ਪਾਰਟੀਆਂ ਲਈ ਵੀ ਦਿੱਕਤ ਇਹ ਹੈ ਕਿ 1984 ਤੋਂ ਬਾਅਦ ਕੇਂਦਰ ਦੀ ਨੀਤੀ ਇਹ ਬਣ ਗਈ ਹੈ ਕਿ ਪੰਜਾਬ 'ਚ ਉਸ ਲੀਡਰਸ਼ਿਪ ਲਈ ਸਪੇਸ ਲਗਪਗ ਖਤਮ ਕਰ ਦਿੱਤੀ ਗਈ, ਜਿਸ 'ਤੇ ਕੇਂਦਰ ਸਰਕਾਰ ਵੱਲੋਂ ਮਿਹਰ ਦੀ ਨਜ਼ਰ ਨਾ ਹੋਵੇ। ਇਸ ਕਿਸਮ ਦੀ ਮਿਹਰ-ਏ-ਨਜ਼ਰ ਇਨ੍ਹੀਂ ਦਿਨੀਂ ਸ਼੍ਰੋਮਣੀ ਅਕਾਲੀ ਦਲ ਦਾ ਆਗੂ ਸੁਖਬੀਰ ਸਿੰਘ ਬਾਦਲ ਪ੍ਰਾਪਤ ਕਰ ਰਿਹਾ ਹੈ।

ਤਰਨਤਾਰਨ ਜ਼ਿਮਨੀ ਚੋਣ ਵਿੱਚ ਕਥਿਤ ਪੱਖਪਾਤੀ ਰਵੱਈਏ ਕਾਰਨ ਪਹਿਲਾਂ ਐਸ.ਐਸ.ਪੀ. ਦੀ ਮੁਅੱਤਲੀ ਅਤੇ ਹੁਣ ਇੱਕ ਸੀਨੀਅਰ ਵਿਜੀਲੈਂਸ ਅਧਿਕਾਰੀ ਖਿਲਾਫ ਕਾਰਵਾਈ ਦਰਸਾਉਂਦੀ ਹੈ ਕਿ ਪੰਜਾਬ ਦੀ ਸਿਆਸੀ ਹਵਾ ਕਿਸ ਦਿਸ਼ਾ ਵਿੱਚ ਵਹਿ ਰਹੀ ਹੈ। ਹਾਲੀਆ ਜ਼ਿਮਨੀ ਚੋਣਾਂ ਵਿੱਚ ਭਾਜਪਾ ਨੇ ਇਹ ਵੀ ਵੇਖ ਲਿਆ ਹੈ ਕਿ ਪੇਂਡੂ ਪੰਜਾਬ ਦੇ ਪਛੜੇ ਤਬਕੇ ਵੀ ਹਾਲੇ ਉਸ ਨੂੰ ਗਲੇ ਲਾਉਣ ਲਈ ਤਿਆਰ ਨਹੀਂ ਹਨ। ਇਸ ਲਈ 2027 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਅਕਾਲੀ ਦਲ ਨਾਲ ਸਮਝੌਤਾ ਭਾਜਪਾ ਦੀ ਫਿਲਹਾਲ ਮਜਬੂਰੀ ਹੈ। ਇਸ ਮਕਸਦ ਲਈ ਕੇਂਦਰ ਸਰਕਾਰ ਦੀ ਹਾਲ ਦੀ ਘੜੀ ਨਜ਼ਰ ਪਰਖੇ ਪਰਤਿਆਏ ਅਕਾਲੀ ਦਲ (ਬਾਦਲ) 'ਤੇ ਹੀ ਹੈ।

ਦੁਨੀਆਂ ਭਰ ਵਿੱਚ ਵੱਸਦੇ ਪੰਜਾਬ ਦੇ ਲੋਕਾਂ ਲਈ ਖੁਸ਼ੀ ਵਾਲੀ ਖ਼ਬਰ ਇਹ ਹੈ ਕਿ ਸਾਰੇ ਨਾਂਹ ਮੁਖੀ ਵਰਤਾਰਿਆਂ ਦੇ ਬਾਵਜੂਦ ਪੰਜਾਬ ਅਤੇ ਸਿੱਖ ਵਿਰਾਸਤ ਦੀ ਸੰਘਰਸ਼ਸ਼ੀਲ ਤਾਸੀਰ ਜਿਉਂ ਦੀ ਤਿਉਂ ਕਾਇਮ ਹੈ। ਪੰਜਾਬ ਯੂਨੀਵਰਸਿਟੀ ਦੀ ਸੈਨੇਟ ਦੀ ਸਲਾਮਤੀ ਲਈ ਚੱਲੇ ਸੰਘਰਸ਼ ਵਿੱਚ ਵੀ ਪੰਜਾਬ ਦੇ ਉਭਰਦੇ ਆਗੂ ਨੌਜਵਾਨਾਂ ਨੇ ਇਹ ਦਰਸਾਇਆ ਹੈ। ਪੰਜਾਬ ਦੇ ਜਵਾਨਾਂ ਵੱਲੋਂ ਹੜ੍ਹਾਂ ਦੀ ਘੋਰ ਤ੍ਰਾਸਦੀ ਨੂੰ ਆਪਣੇ ਬਲਬੂਤੇ ਲਗਾਮ ਦੇਣੀ, ਪੰਜਾਬ ਸਰਕਾਰ ਦੀ ਜ਼ਮੀਨਾਂ ਹੜੱਪਣ ਦੀ ਕੋਸ਼ਿਸ਼ ਨੂੰ ਨਾਕਾਮ ਕਰਨਾ ਅਤੇ ਅਖੀਰ ਪੰਜਾਬ ਯੂਨੀਵਰਸਿਟੀ ਦੀ ਸੈਨੇਟ ਦਾ ਬਚਾਅ ਕਰ ਲੈਣਾ ਅਜਿਹੀਆਂ ਘਟਨਾਵਾਂ ਹਨ, ਜਿਨ੍ਹਾਂ ਦੀ ਸ਼ਾਨਦਾਰ ਵਿਰਾਸਤ ਗੋਦ ਵਿੱਚ ਲੈ ਕੇ ਨਵੇਂ ਸਾਲ ਦਾ ਸੂਰਜ ਚੜ੍ਹੇਗਾ। ਪੰਜਾਬ ਦੇ ਕਿਸਾਨਾਂ ਦੇ ਪੈਰਾਂ ਹੇਠਲੀ ਜ਼ਮੀਨ ਦੇ ਬਚਾਅ ਅਤੇ ਨੌਜਵਾਨਾਂ ਦੀ ਸਾਰਥਿਕ ਦਿਸ਼ਾ ਅਗਲੀਆਂ ਸਫਲਤਾਵਾਂ ਲਈ ਅਤਿ ਜ਼ਰੂਰੀ ਹੈ। ਪੰਜਾਬ ਦੇ ਜ਼ਮੀਨ ਵਿਹੂਣੇ ਲੋਕ ਵੀ ਇਸ ਸੰਘਰਸ਼ ਦਾ ਹਿਸਾ ਬਣ ਕੇ ਹੀ ਆਪਣਾ ਬਚਾਅ ਕਰ ਸਕਦੇ ਹਨ। ਇਸੇ ਲਈ 'ਨਰੇਗਾ' ਵਰਗੀ ਸਹੂਲਤ ਨੂੰ ਕਾਇਮ ਰੱਖਣ ਲਈ ਵੀ ਪੰਜਾਬ ਦੇ ਕਿਸਾਨਾਂ ਅਤੇ ਨੌਜਵਾਨਾਂ ਨੂੰ ਹੀ ਉੱਦਮ ਕਰਨਾ ਪੈਣਾ ਹੈ; ਕਰਨਾ ਚਾਹੀਦਾ ਹੈ। ਪੰਜਾਬ ਦੇ ਇਕ ਕੌਮੀਅਤ ਵਜੋਂ ਵਿਕਾਸ ਲਈ ਇਸ ਕਿਸਮ ਦੀ ਏਕਤਾ/ਨੇੜਤਾ ਬੇਹੱਦ ਅਹਿਮ ਹੈ।

## ਪੰਜਾਬ ਸਰਕਾਰ ਤੇ ਸਿੱਖ ਸੰਸਥਾਵਾਂ ਵਿਚਾਲੇ ਮਘੀ ਸ਼ਬਦ ਜੰਗ

ਸਫਾ ਇੱਕ ਦੀ ਬਾਕੀ...

ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਅਤੇ ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਬੀਤੇ ਵਿੱਚ ਮਾਮਲਾ ਅਕਾਲ ਤਖਤ ਵੱਲੋਂ ਨਿਬੇੜ ਦਿੱਤੇ ਜਾਣ ਦੀ ਦਲੀਲ ਦੇ ਰਹੇ ਤੇ ਸਰਕਾਰੀ ਕਾਰਵਾਈ ਨੂੰ ਗੈਰ-ਵਾਜ਼ਬ ਕਰਾਰ ਦੇ ਰਹੇ ਹਨ। ਐਡਵੋਕੇਟ ਈਸ਼ਰ ਸਿੰਘ ਕਮਿਸ਼ਨ ਦੀ ਸਥਾਪਨਾ ਅਕਾਲ ਤਖਤ ਸਾਹਿਬ ਵੱਲੋਂ ਹੀ ਕੀਤੀ ਗਈ ਸੀ।

ਉਧਰ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਆਪਣੇ ਇੱਕ ਬਿਆਨ ਵਿੱਚ ਕਿਹਾ ਹੈ ਕਿ ਸ਼੍ਰੋਮਣੀ ਕਮੇਟੀ ਜਾਂਚ ਦਾ ਰਾਹ ਰੋਕਣ ਲਈ ਅਕਾਲ ਤਖਤ ਸਾਹਿਬ ਨੂੰ ਢਾਲ ਬਣਾ ਰਹੀ ਹੈ। ਉਨ੍ਹਾਂ ਕਿਹਾ ਕਿ 328 ਸਰੂਪਾਂ ਦੇ ਲਾਪਤਾ ਹੋਣ ਦੇ ਮਾਮਲੇ ਵਿੱਚ ਕਾਰਵਾਈ ਨਾ ਹੋਣ 'ਤੇ ਸਿੱਖ ਸੰਗਤ ਨਾਰਾਜ਼ ਹੈ। ਉਨ੍ਹਾਂ ਕਿਹਾ ਕਿ ਜਦੋਂ ਹੁਣ ਸਰਕਾਰ ਗਾਇਬ ਸਰੂਪਾਂ ਦੇ ਮਾਮਲੇ ਵਿੱਚ ਕੇਸ ਦਰਜ ਕਰਕੇ ਜਾਂਚ ਕਰਵਾ ਰਹੀ ਹੈ ਤਾਂ ਇਨ੍ਹਾਂ ਨੂੰ ਡਰ ਹੈ ਕਿ ਅਕਾਲੀਆਂ ਦੇ ਘਿਨਾਉਣੇ ਚਿਹਰੇ ਨੰਗੇ ਨਾ ਹੋ ਜਾਣ। ਇੱਥੇ ਜ਼ਿਕਰਯੋਗ ਹੈ ਕਿ ਗੁੰਮ ਸਰੂਪਾਂ ਦੇ ਮਾਮਲੇ ਨੂੰ ਲੈ ਕੇ ਸ੍ਰੀ ਹਰਮਿੰਦਰ ਸਾਹਿਬ ਦੇ ਸਾਬਕਾ ਰਾਗੀ ਭਾਈ ਬਲਦੇਵ ਸਿੰਘ ਵਡਾਲਾ ਸ੍ਰੀ ਦਰਬਾਰ ਸਾਹਿਬ ਵੱਲ ਜਾਂਦੇ ਵਿਰਾਸਤੀ ਮਾਰਗ 'ਤੇ ਪਿਛਲੇ ਕੁਝ ਸਾਲਾਂ ਤੋਂ ਧਰਨਾ ਦੇ ਕੇ ਕਾਰਵਾਈ ਦੀ ਮੰਗ ਕਰਦੇ ਰਹੇ ਹਨ। ਇਸ ਤੋਂ ਇਲਾਵਾ ਬਾਦਲ ਵਿਰੋਧੀ ਅਕਾਲੀ ਧਿਰਾਂ, ਸੰਤ ਸਮਾਜ ਅਤੇ ਹੋਰ ਪੰਥਕ ਜਥੇਬੰਦੀਆਂ ਵੱਲੋਂ ਵੀ ਇਸ ਮਾਮਲੇ ਵਿੱਚ ਪੜਤਾਲ ਦੀ ਮੰਗ ਕੀਤੀ ਜਾ ਰਹੀ ਸੀ।

ਇਹ ਗੱਲ ਕਿੰਨੀ ਹਾਸੋਹੀਣੀ ਹੈ ਕਿ ਇਸ ਮਾਮਲੇ ਨੂੰ ਤੁਰੰਤ ਨਿਬੇੜਨ ਦੀ ਥਾਂ ਅਕਾਲ ਤਖਤ ਸਾਹਿਬ ਦੇ ਜਥੇਦਾਰ ਕੁਲਦੀਪ ਸਿੰਘ ਗੜਗੱਜ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਵੀ ਇਸ 'ਤੇ ਕੋਈ ਕਾਰਵਾਈ ਕਰਨ ਦੀ ਥਾਂ ਇਸ ਮਾਮਲੇ ਨੂੰ ਇੱਕ-ਦੂਜੇ ਵੱਲ ਖਿਸਕਾਉਣ ਦਾ ਯਤਨ ਕੀਤਾ ਹੈ। ਇਹ ਠੀਕ ਹੈ ਕਿ ਇਸ ਮਾਮਲੇ 'ਤੇ ਸਾਲ 2020 ਵਿੱਚ ਕਾਰਵਾਈ ਕਰਦਿਆਂ ਅਕਾਲ ਤਖਤ ਸਾਹਿਬ ਦੇ ਤਤਕਾਲੀ ਜਥੇਦਾਰ ਵੱਲੋਂ ਸੰਬੰਧਤ ਮੁਲਾਜ਼ਮਾਂ ਖਿਲਾਫ ਕਾਰਵਾਈ ਕਰਕੇ ਇਨ੍ਹਾਂ ਵਿੱਚੋਂ ਕਈਆਂ ਨੂੰ ਮੁਅਤਲ ਅਤੇ ਬਰਖਾਸਤ ਕਰਦਿਆਂ ਇੱਕ ਢੰਗ ਨਾਲ ਮਾਮਲਾ ਨਿਬੇੜ ਦਿੱਤਾ ਗਿਆ ਸੀ; ਪਰ ਕਿਸੇ ਵੀ ਮਾਮਲੇ ਨੂੰ ਉਦੋਂ ਤੱਕ ਨਿੱਬੜਿਆ ਨਹੀਂ ਸਮਝਿਆ ਜਾ ਸਕਦਾ, ਜਿੰਨੀ ਦੇਰ ਤੱਕ ਕਿਸੇ ਗੁਆਚੀ ਜਾਂ ਚੋਰੀ ਕੀਤੀ ਗਈ ਵਸਤ ਦੀ ਬਰਾਮਦਗੀ ਨਹੀਂ ਹੋ ਜਾਂਦੀ। ਇੱਥੇ ਤੇ ਗੁਰੂ ਗ੍ਰੰਥ ਸਾਹਿਬ ਜੀ ਦੇ 328 ਸਰੂਪਾਂ ਦੇ ਲਾਪਤਾ ਹੋਣ ਦਾ ਮਾਮਲਾ ਹੈ? ਇਸ ਲਈ ਮਾਮਲੇ ਦੇ ਨਿਪਟਾਰੇ ਵਾਸਤੇ ਇਹ ਬਹੁਤ ਜ਼ਰੂਰੀ ਹੈ ਕਿ ਲਾਪਤਾ ਕੀਤੇ ਗਏ 328 ਪਾਵਨ ਸਰੂਪ ਕਿੱਥੇ ਹਨ ਅਤੇ ਕਿਸ ਕੋਲ ਹਨ? ਇਹ ਜਾਣਕਾਰੀ ਸਾਹਮਣੇ ਲਿਆਂਦੀ ਜਾਵੇ। ਇਸ ਨੂੰ ਜਨਤਕ ਕੀਤਾ ਜਾਵੇ। ਤਦ ਹੀ ਇਸ ਮਾਮਲੇ ਦਾ ਮੁਕੰਮਲ ਰੂਪ ਵਿੱਚ ਨਿਪਟਾਰਾ ਹੋਇਆ ਸਮਝਿਆ ਜਾਵੇਗਾ। ਉਂਝ ਇਹ ਕਿਆਸ ਕੇ ਹੈਰਾਨੀ ਹੁੰਦੀ ਹੈ ਕਿ ਜੇ ਸਿੱਖ ਸੰਸਥਾਵਾਂ ਅਤੇ ਅਕਾਲੀ ਲੀਡਰਸ਼ਿੱਪ ਦਾ ਇਸ ਮਾਮਲੇ ਨਾਲ ਕੋਈ ਸਿੱਧਾ ਸੰਬੰਧ ਨਹੀਂ ਹੈ ਤਾਂ ਇਸ ਬਾਰੇ ਸਾਰੀ ਸੱਚਾਈ ਨੂੰ ਸਾਹਮਣੇ ਕਿਉਂ ਨਹੀਂ ਲਿਆਂਦਾ ਜਾ ਸਕਦਾ? ਜੇ ਇਹ ਸਾਰਾ ਕੁਝ ਖੁਦ ਸਿੱਖ ਸੰਸਥਾਵਾਂ ਅਤੇ ਲੀਡਰਸ਼ਿੱਪ ਨਹੀਂ ਕਰਨਗੀਆਂ ਤਾਂ ਉਹ ਸਰਕਾਰੀ, ਸਿਆਸੀ ਅਤੇ ਪੁਲਿਸ ਦੇ ਦਖ਼ਲ ਨੂੰ ਤਾਂ ਸੱਦਾ ਦੇ ਹੀ ਰਹੀਆਂ ਹੋਣਗੀਆਂ।

ਯਾਦ ਰਹੇ, ਬੀਤੀ 7 ਦਸੰਬਰ ਨੂੰ ਜਦੋਂ ਅੰਮ੍ਰਿਤਸਰ ਦੇ ਇੱਕ ਥਾਣੇ ਵਿੱਚ ਗੁਰੂ ਗ੍ਰੰਥ ਸਾਹਿਬ ਦੇ ਸਰੂਪਾਂ ਦੇ ਗੁੰਮ ਹੋਣ ਬਾਰੇ ਇੱਕ ਐਫ.ਆਈ.ਆਰ. ਦਰਜ ਕੀਤੀ ਗਈ ਤਾਂ 'ਆਪ' ਆਗੂ ਅਤੇ ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ, ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਅਤੇ ਇੰਦਰਬੀਰ ਸਿੰਘ ਨਿੱਝਰ ਨਾ ਸਿਰਫ ਉਸ ਸਮੇਂ ਗਿਆਨੀ ਬਲਦੇਵ ਸਿੰਘ ਵਡਾਲਾ ਦੇ ਨਾਲ ਮੌਜੂਦ ਸਨ, ਸਗੋਂ ਉਹ ਸਿੱਖ ਸੰਸਥਾਵਾਂ ਦੀ ਲੀਡਰਸ਼ਿੱਪ ਨੂੰ ਐਫ.ਆਈ.ਆਰ. ਦੀ ਕਾਪੀ ਦੇਣ ਲਈ ਵੀ ਗਏ। ਸਿੱਖ ਲੀਡਰਸ਼ਿਪ ਨੂੰ ਐਫ.ਆਈ.ਆਰ. ਦੀ ਕਾਪੀ ਪਹੁੰਚਾਉਣ ਦਾ ਕੰਮ ਆਮ ਆਦਮੀ ਪਾਰਟੀ ਦੇ ਸਿੱਖ ਆਗੂਆਂ ਦਾ ਨਹੀਂ ਹੈ, ਇਸ ਨੂੰ ਪੁਲਿਸ ਨੂੰ ਹੀ ਕਰਨ ਦਿੱਤਾ ਜਾਣਾ ਚਾਹੀਦਾ ਸੀ। ਪੰਜਾਬ ਸਰਕਾਰ ਨੇ 22 ਦਸੰਬਰ 2025 ਨੂੰ ਏ.ਆਈ.ਜੀ. ਵਿਜੀਲੈਂਸ ਜਗਤਪ੍ਰੀਤ ਸਿੰਘ ਦੀ ਅਗਵਾਈ ਵਿੱਚ ਇੱਕ ਸਿੱਟ ਦਾ ਗਠਨ ਕਰ ਦਿੱਤਾ ਹੈ। ਇਹ ਸਿੱਟ 328 ਪਾਵਨ ਸਰੂਪਾਂ ਦੇ ਮਾਮਲੇ ਦੀ ਪੜਤਾਲ ਕਰੇਗੀ।

## 'ਜੀ ਰਾਮ ਜੀ' ਖ਼ਿਲਾਫ਼ ਪੰਜਾਬ ਵਿਧਾਨ ਸਭਾ ਵੱਲੋਂ ਮਤਾ ਪਾਸ

***ਮਗਨਰੇਗਾ ਦਾ ਸਰੂਪ ਬਦਲਣ ਖ਼ਿਲਾਫ਼ ਮਤਾ ਪਾਸ ਕਰਨ ਵਾਲਾ ਪਹਿਲਾ ਸੂਬਾ ਬਣਿਆ ਪੰਜਾਬ**

ਪੰਜਾਬ ਵਿਧਾਨ ਸਭਾ ਨੇ ਮੰਗਲਵਾਰ ਨੂੰ ਵਿਸ਼ੇਸ਼ ਸੈਸ਼ਨ ਦੌਰਾਨ ਕੇਂਦਰ ਸਰਕਾਰ ਦੇ 'ਵਿਕਸਿਤ ਭਾਰਤ-ਜੀ ਰਾਮ ਜੀ' ਕਾਨੂੰਨ ਖ਼ਿਲਾਫ਼ ਸਰਬਸੰਮਤੀ ਨਾਲ ਮਤਾ ਪਾਸ ਕਰ ਦਿੱਤਾ ਹੈ। ਮਗਨਰੇਗਾ ਦਾ ਸਰੂਪ ਬਦਲਣ ਖ਼ਿਲਾਫ਼ ਮਤਾ ਪਾਸ ਕਰਨ ਵਾਲਾ ਪੰਜਾਬ ਪਹਿਲਾ ਸੂਬਾ ਬਣ ਗਿਆ ਹੈ। ਪੇਂਡੂ ਵਿਕਾਸ ਅਤੇ ਪੰਚਾਇਤ ਮੰਤਰੀ ਤਰੁਨਪ੍ਰੀਤ ਸਿੰਘ ਸੌਂਦ ਵੱਲੋਂ ਪੇਸ਼ ਮਤੇ ਨੂੰ ਸਦਨ ਨੇ ਬਹਿਸ ਮਗਰੋਂ ਪਾਸ ਕਰ ਦਿੱਤਾ। ਸਰਕਾਰੀ ਮਤੇ 'ਚ ਸਦਨ ਨੇ ਸਿਫ਼ਾਰਸ਼ ਕੀਤੀ ਕਿ ਸੂਬਾ ਸਰਕਾਰ ਕੇਂਦਰ ਤੋਂ ਨਵਾਂ ਐਕਟ ਵਾਪਸ ਲੈਣ ਦੀ ਮੰਗ ਕਰੇ, ਸਕੀਮ ਨੂੰ ਅਧਿਕਾਰ ਆਧਾਰਿਤ ਰੂਪ 'ਚ ਬਹਾਲ ਕੀਤਾ ਜਾਵੇ, ਗ਼ਰੀਬ ਪਰਿਵਾਰਾਂ ਲਈ ਗਾਰੰਟੀਸ਼ੁਦਾ ਕੰਮ ਅਤੇ ਉਜਰਤ ਯਕੀਨੀ ਬਣਾਈ ਜਾਵੇ। ਇਹ ਵੀ ਕਿਹਾ ਗਿਆ ਕਿ ਨਵੇਂ ਐਕਟ ਨਾਲ ਜਿੱਥੇ ਸੂਬਿਆਂ 'ਤੇ ਵਿੱਤੀ ਬੋਝ ਵਧੇਗਾ, ਉੱਥੇ ਮਗਨਰੇਗਾ ਦੀ ਖ਼ੁਦਮੁਖ਼ਤਾਰੀ ਨੂੰ ਵੀ ਢਾਹ ਲੱਗੇਗੀ। ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਸਰਕਾਰੀ ਮਤਾ ਅਤੇ ਤਿੰਨ ਅਹਿਮ ਬਿੱਲ ਪਾਸ ਹੋਣ ਮਗਰੋਂ ਸਦਨ ਅਣਮਿੱਥੇ ਸਮੇਂ ਲਈ ਉਠਾ ਦਿੱਤਾ। ਹਾਕਮ ਧਿਰ ਨੇ ਮਗਨਰੇਗਾ ਸਕੀਮ 'ਚ ਤਬਦੀਲੀ ਖ਼ਿਲਾਫ਼ ਸ਼੍ਰੋਮਣੀ ਅਕਾਲੀ ਦਲ ਦੀ ਚੁੱਪ 'ਤੇ ਵੀ ਸਵਾਲ ਚੁੱਕੇ।

ਸਦਨ 'ਚ ਜਦੋਂ ਪੰਚਾਇਤ ਮੰਤਰੀ ਤਰੁਨਪ੍ਰੀਤ ਸਿੰਘ ਸੌਂਦ ਨੇ ਨਵੇਂ ਕੇਂਦਰੀ ਐਕਟ 'ਚ ਦਲਿਤ ਵਰਗ ਨੂੰ ਮਾਰ ਪੈਣ ਦੀ ਗੱਲ ਕਹੀ ਤਾਂ ਕਾਂਗਰਸੀ ਵਿਧਾਇਕਾ ਅਰੁਣਾ ਚੌਧਰੀ ਨੇ ਸਪੱਸ਼ਟ ਕੀਤਾ ਕਿ ਮਗਨਰੇਗਾ ਸਕੀਮ ਇਕੱਲੇ ਦਲਿਤਾਂ ਲਈ ਨਹੀਂ ਬਲਕਿ ਹਰ ਵਰਗ ਨੂੰ ਰੁਜ਼ਗਾਰ ਦਾ ਮੌਕਾ ਦਿੰਦੀ ਹੈ। ਕੇਂਦਰ ਹੁਣ ਤੱਕ 23 ਸਕੀਮਾਂ ਦੇ ਨਾਮ ਬਦਲ ਚੁੱਕਾ ਹੈ। ਵਿੱਤ ਮੰਤਰੀ ਐਡਵੋਕੇਟ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਕੇਂਦਰ ਸਰਕਾਰ ਮਗਨਰੇਗਾ ਸਕੀਮ ਨੂੰ ਖ਼ਤਮ ਕਰ ਕੇ ਗ਼ਰੀਬਾਂ ਦੀ ਰੋਜ਼ੀ ਰੋਟੀ ਖੋਹਣ ਦੇ ਰਾਹ ਪਈ ਹੈ। ਉਨ੍ਹਾਂ ਮਨਗਰੇਗਾ ਵਰਕਰ ਚਰਨਜੀਤ ਕੌਰ ਦੀ ਭਾਵੁਕ ਚਿੱਠੀ ਵੀ ਪੜ੍ਹੀ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਦੀ ਇਹ ਪਹੁੰਚ ਸਹਿਕਾਰੀ ਸੰਘੀ ਢਾਂਚੇ ਨੂੰ ਤਬਾਹ ਕਰ ਰਹੀ ਹੈ ਅਤੇ ਸੂਬਿਆਂ ਤੋਂ ਹੱਕ ਖੋਹ ਰਹੀ ਹੈ। ਐਡਵੋਕੇਟ ਚੀਮਾ ਨੇ ਪੰਜਾਬ ਸਰਕਾਰ ਵੱਲੋਂ ਦਲਿਤ ਭਲਾਈ ਲਈ ਚੁੱਕੇ ਕਦਮਾਂ ਦਾ ਵੇਰਵਾ ਵੀ ਸਦਨ 'ਚ ਸਾਂਝਾ ਕੀਤਾ।

ਕੈਬਨਿਟ ਮੰਤਰੀ ਅਮਨ ਅਰੋੜਾ ਨੇ ਕਿਹਾ ਕਿ ਪਹਿਲਾਂ ਮਗਨਰੇਗਾ ਮੰਗ-ਆਧਾਰਿਤ ਸੀ ਅਤੇ ਮਜ਼ਦੂਰਾਂ ਦੀ ਲੋੜ ਅਨੁਸਾਰ ਉਨ੍ਹਾਂ ਨੂੰ ਕੰਮ ਦੀ ਗਾਰੰਟੀ ਦਿੱਤੀ ਜਾਂਦੀ ਸੀ, ਹੁਣ ਇਸ ਨੂੰ ਸਪਲਾਈ-ਆਧਾਰਿਤ ਬਣਾ ਦਿੱਤਾ ਗਿਆ ਹੈ। ਅਕਾਲੀ-ਭਾਜਪਾ ਅਤੇ ਕਾਂਗਰਸ ਦੇ ਕਾਰਜਕਾਲ ਦੌਰਾਨ ਮਗਨਰੇਗਾ ਸਕੀਮ 'ਚ ਕਾਫ਼ੀ ਘਪਲੇ ਹੋਏ ਸਨ। ਸ੍ਰੀ ਅਰੋੜਾ ਨੇ ਮੁੱਖ ਮੰਤਰੀ ਤੋਂ ਮੰਗ ਕੀਤੀ ਕਿ ਖ਼ਾਸ ਕਰਕੇ ਗਿੱਦੜਬਾਹਾ, ਮੁਕਤਸਰ ਅਤੇ ਅਬੋਹਰ ਹਲਕੇ 'ਚ ਹੋਏ ਘਪਲਿਆਂ ਦੀ ਜਾਂਚ ਕਰਾਈ ਜਾਵੇ। ਉਨ੍ਹਾਂ ਦੱਸਿਆ ਕਿ 2005 ਤੋਂ ਪੰਜਾਬ ਨੂੰ ਮਗਨਰੇਗਾ ਤਹਿਤ 11,700 ਕਰੋੜ ਰੁਪਏ ਪ੍ਰਾਪਤ ਹੋਏ ਹਨ। ਅਕਾਲੀ-ਭਾਜਪਾ ਗੱਠਜੋੜ ਦੇ 10 ਸਾਲਾਂ ਦੌਰਾਨ ਪੰਜਾਬ ਵਿੱਚ ਸਿਰਫ਼ 1988 ਕਰੋੜ ਰੁਪਏ ਖ਼ਰਚੇ ਗਏ ਅਤੇ ਕਾਂਗਰਸ ਦੇ 5 ਸਾਲਾਂ ਵਿੱਚ ਮਗਨਰੇਗਾ ਤਹਿਤ 4708 ਕਰੋੜ ਰੁਪਏ ਵਰਤੇ ਗਏ। 'ਆਪ' ਸਰਕਾਰ ਦੇ ਸਾਢੇ ਤਿੰਨ ਸਾਲਾਂ 'ਚ 5,131 ਕਰੋੜ ਰੁਪਏ ਇਸ ਸਕੀਮ ਤਹਿਤ ਖ਼ਰਚੇ ਗਏ। ਅਕਾਲੀ ਵਿਧਾਇਕ ਮਨਪ੍ਰੀਤ ਸਿੰਘ ਇਆਲੀ ਨੇ ਕਿਹਾ ਕਿ ਮਗਨਰੇਗਾ ਸਕੀਮ 'ਚ 17 ਸਾਲ ਤੋਂ ਕੰਮ ਕਰ ਰਹੇ ਮੁਲਾਜ਼ਮਾਂ ਨੂੰ ਪੱਕਾ ਕੀਤਾ ਜਾਵੇ।

ਮਤਾ ਪਾਸ ਹੋਣ ਮੌਕੇ ਭਾਜਪਾ ਵਿਧਾਇਕ ਗ਼ੈਰ-ਹਾਜ਼ਰ ਸਨ; ਮੁੱਖ ਵਿਰੋਧੀ ਧਿਰ ਕਾਂਗਰਸ ਸਮੇਤ ਬਾਕੀ ਸਭ ਸਿਆਸੀ ਧਿਰਾਂ ਨੇ ਮਤੇ ਦੀ ਹਮਾਇਤ ਕੀਤੀ। ਸ਼੍ਰੋਮਣੀ ਅਕਾਲੀ ਦਲ ਦੀ ਵਿਧਾਇਕਾ ਗਨੀਵ ਕੌਰ ਮਜੀਠੀਆ ਵੀ ਗ਼ੈਰ-ਹਾਜ਼ਰ ਰਹੀ।

# ਗੁਰੂ ਨਾਨਕ ਸੁਸਾਇਟੀ, ਸਿਨਸਿਨੈਟੀ (ਓਹਾਇਓ)

4394 Tylersville Rd, Hamilton, OH 45011
(Ph: 513-860-0589)



## ਜਾਤਾਂ-ਪਾਤਾਂ ਦੀਆਂ ਵਲਗਣਾਂ ਢਾਹ ਕੇ 'ਖ਼ਾਲਸਾ ਪੰਥ' ਦੀ ਸਾਜਨਾ ਕਰਨ ਵਾਲੇ ਚੋਜੀ ਪਾਤਿਸ਼ਾਹ

# ਦਸਮ ਪਿਤਾ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਪੁਰਬ ਦੀ ਸਮੁੱਚੀ ਸਿੱਖ ਕੌਮ ਨੂੰ

# ਲੱਖ ਲੱਖ ਵਧਾਈ ਹੋਵੇ

**ਪ੍ਰਕਾਸ਼ ਪੁਰਬ ਸਬੰਧੀ ਸਮਾਗਮ**

**11 ਜਨਵਰੀ 2026 (ਐਤਵਾਰ)**

ਸਵੇਰੇ ਸਹਿਜ ਪਾਠ ਦਾ ਭੋਗ ਅਤੇ ਉਪਰੰਤ ਸ਼ਬਦ ਕੀਰਤਨ ਤੇ ਕਥਾ ਵਿਆਖਿਆ

*ਸੰਗਤ ਨੂੰ ਬੇਨਤੀ ਹੈ ਕਿ ਗੁਰੂ ਘਰ ਵਿੱਚ ਹਾਜ਼ਰੀਆਂ ਭਰ ਕੇ ਗੁਰੂ ਕੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ*

# ਸਭ ਨੂੰ ਨਵਾਂ ਸਾਲ 2026 ਮੁਬਾਰਕ ਹੋਵੇ

ਅਕਾਲ ਪੁਰਖ ਦੇ ਚਰਨਾਂ ਵਿੱਚ ਅਰਦਾਸ ਹੈ ਕਿ ਸਿੱਖ ਕੌਮ ਦੀ ਸਦਾ ਚੜ੍ਹਦੀ ਕਲਾ ਬਣੀ ਰਹੇ ਅਤੇ ਸਭ ਭਾਈਚਾਰੇ ਪਿਆਰ-ਇਤਫਾਕ ਦੀ ਤੰਦ ਨਾਲ ਜੁੜੇ ਰਹਿਣ

# Guru Nanak Society of Greater Cincinnati

# ਇਜ਼ਰਾਈਲ ਵਿਰੁੱਧ ਇੱਕਜੁਟ ਹੋਏ 21 ਮੁਸਲਿਮ ਮੁਲਕ

***ਸੋਮਾਲੀਲੈਂਡ ਨੂੰ ਮਾਨਤਾ ਦੇਣ ’ਤੇ ਵਿਰੋਧ; ਕਿਹਾ, ਇਸ ਨਾਲ ਪੂਰੀ ਦੁਨੀਆ ਦੀ ਅਮਨ ਸ਼ਾਂਤੀ ਅਤੇ ਸੁਰੱਖਿਆ ਨੂੰ ਖ਼ਤਰਾ**

ਪੰਜਾਬੀ ਪਰਵਾਜ਼ ਬਿਊਰੋ

ਇਜ਼ਰਾਈਲ ਨੇ 26 ਦਸੰਬਰ 2025 ਨੂੰ ਸੋਮਾਲੀਲੈਂਡ ਨੂੰ ਇੱਕ ਆਜ਼ਾਦ ਮੁਲਕ ਵਜੋਂ ਆਧਿਕਾਰਕ ਤੌਰ ’ਤੇ ਮਾਨਤਾ ਦੇ ਦਿੱਤੀ। ਇਜ਼ਰਾਈਲ ਇਹ ਕਰਨ ਵਾਲਾ ਪਹਿਲਾ ਦੇਸ਼ ਬਣ ਗਿਆ ਹੈ। ਇਸ ਫ਼ੈਸਲੇ ਤੋਂ ਬਾਅਦ ਮੁਸਲਿਮ ਦੇਸ਼ਾਂ ਵਿੱਚ ਗੁੱਸਾ ਵਧਦਾ ਜਾ ਰਿਹਾ ਹੈ। ਦੁਨੀਆ ਭਰ ਦੇ 21 ਮੁਸਲਿਮ ਦੇਸ਼ਾਂ ਨੇ ਇਸ ਫ਼ੈਸਲੇ ਵਿਰੁੱਧ ਸਾਂਝਾ ਬਿਆਨ ਜਾਰੀ ਕਰ ਕੇ ਵਿਰੋਧ ਦਰਜ ਕਰਵਾਇਆ ਹੈ।

ਸੋਮਾਲੀਲੈਂਡ ਅਫ਼ਰੀਕਾ ਦੇ ਹਾਰਨ ਖੇਤਰ ਵਿੱਚ ਸਥਿਤ ਹੈ। ਇਸ ਨੇ 1991 ਵਿੱਚ ਸੋਮਾਲੀਆ ਤੋਂ ਆਜ਼ਾਦੀ ਦਾ ਐਲਾਨ ਕੀਤਾ ਸੀ ਅਤੇ ਉਸ ਵੇਲੇ ਤੋਂ ਅੰਤਰਰਾਸ਼ਟਰੀ ਮਾਨਤਾ ਲਈ ਜੱਦੋਜਹਿਦ ਕਰ ਰਿਹਾ ਹੈ। ਇਜ਼ਰਾਈਲੀ ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ਨੇ ਸੋਮਾਲੀਲੈਂਡ ਦੇ ਰਾਸ਼ਟਰਪਤੀ ਅਬਦੀਰਹਿਮਾਨ ਮੁਹੰਮਦ ਅਬਦੁੱਲਾਹੀ ਨਾਲ ਸਾਂਝੇ ਐਲਾਨਨਾਮੇ ਉੱਤੇ ਦਸਤਖ਼ਤ ਕੀਤੇ। ਸੋਮਾਲੀਲੈਂਡ ਦੇ ਰਾਸ਼ਟਰਪਤੀ ਨੇ ਇਸ ਨੂੰ ਇਤਿਹਾਸਕ ਪਲ ਦੱਸਿਆ ਅਤੇ ਕਿਹਾ ਕਿ ਇਹ ਫ਼ੈਸਲਾ ਮੱਧ ਪੂਰਬ ਅਤੇ ਆਫ਼ਰੀਕਾ ਵਿੱਚ ਸ਼ਾਂਤੀ ਅਤੇ ਖੁਸ਼ਹਾਲੀ ਨੂੰ ਵਧਾਏਗਾ।

### ਸੋਮਾਲੀਲੈਂਡ ਦਾ ਇਤਿਹਾਸ ਅਤੇ ਅੰਤਰਰਾਸ਼ਟਰੀ ਸਥਿਤੀ

ਸੋਮਾਲੀਲੈਂਡ ਦਾ ਇਤਿਹਾਸ ਬੜਾ ਰਸਮੀ ਹੈ। ਇਹ ਕਿਸੇ ਵੇਲੇ ਬ੍ਰਿਟਿਸ਼ ਸੋਮਾਲੀਲੈਂਡ ਵਜੋਂ ਜਾਣਿਆ ਜਾਂਦਾ ਸੀ ਅਤੇ 1960 ਵਿੱਚ ਇਸ ਨੂੰ ਅੰਤਰਰਾਸ਼ਟਰੀ ਮਾਨਤਾ ਮਿਲੀ ਸੀ; ਪਰ ਉਸੇ ਸਾਲ ਇਹ ਸੋਮਾਲੀਆ ਵਿੱਚ ਰਲ਼ ਗਿਆ ਅਤੇ 1991 ਵਿੱਚ ਸੋਮਾਲੀਆ ਵਿੱਚ ਅੰਦਰੂਨੀ ਯੁੱਧ ਕਾਰਨ ਵੱਖਰਾ ਹੋ ਗਿਆ। ਇੱਥੇ ਇੱਕ ਸਥਿਰ ਸਰਕਾਰ ਹੈ; ਪੁਲਿਸ, ਆਪਣੀ ਮੁਦਰਾ (ਸ਼ਿਲਿੰਗ) ਅਤੇ ਚੋਣਾਂ ਹੁੰਦੀਆਂ ਨੇ। ਇਸ ਦੀ ਆਰਥਿਕ ਵਿਵਸਥਾ ਜ਼ਿਆਦਾਤਰ ਪਸ਼ੂਆਂ ਦੇ ਨਿਰਯਾਤ, ਰਿਮਟੈਂਸ (ਵਿਦੇਸ਼ਾਂ ਤੋਂ ਭੇਜੇ ਪੈਸੇ), ਮੱਛੀਆਂ ਅਤੇ ਖਣਿਜਾਂ ’ਤੇ ਨਿਰਭਰ ਹੈ। 2025 ਵਿੱਚ ਇਸ ਦੀ ਜੀ.ਡੀ.ਪੀ. ਲਗਭਗ 3 ਬਿਲੀਅਨ ਡਾਲਰ ਸੀ, ਜੋ ਅਫ਼ਰੀਕਾ ਵਿੱਚ ਸਥਿਰਤਾ ਦਾ ਨਮੂਨਾ ਹੈ। ਪਰ ਅੰਤਰਰਾਸ਼ਟਰੀ ਭਾਈਚਾਰੇ ਵੱਲੋਂ ਇਸ ਨੂੰ ਅਜੇ ਤੱਕ ਮਾਨਤਾ ਨਹੀਂ ਮਿਲੀ ਸੀ, ਜਦੋਂ ਤੱਕ ਇਜ਼ਰਾਈਲ ਨੇ ਇਹ ਕਦਮ ਨਹੀਂ ਚੁੱਕਿਆ। ਇਹ ਖੇਤਰ ਲਾਲ ਸਾਗਰ ਦੇ ਨੇੜੇ ਹੈ, ਜੋ ਰਣਨੀਤਕ ਤੌਰ ’ਤੇ ਮਹੱਤਵਪੂਰਨ ਹੈ ਅਤੇ ਇਜ਼ਰਾਈਲ ਲਈ ਈਰਾਨ ਵਰਗੇ ਦੇਸ਼ਾਂ ਨੂੰ ਰੋਕਣ ਵਿੱਚ ਮਦਦਗਾਰ ਹੋ ਸਕਦਾ ਹੈ।

### ਇਜ਼ਰਾਈਲ ਦੇ ਫ਼ੈਸਲੇ ਦੇ ਪਿੱਛੇ ਰਣਨੀਤਕ ਕਾਰਨ

ਇਜ਼ਰਾਈਲ ਨੇ ਇਹ ਕਦਮ ਰਣਨੀਤਕ ਤੌਰ ’ਤੇ ਚੁੱਕਿਆ ਹੈ। ਹਾਰਨ ਆਫ਼ ਅਫ਼ਰੀਕਾ ਲਾਲ ਸਾਗਰ ਅਤੇ ਅਰਬ ਸਾਗਰ ਨੂੰ ਜੋੜਦਾ ਹੈ, ਜੋ ਵਪਾਰ ਅਤੇ ਤੇਲ ਰਸਤਿਆਂ ਲਈ ਮਹੱਤਵਪੂਰਨ ਹੈ। ਇਜ਼ਰਾਈਲ ਲਈ ਇਹ ਈਰਾਨ ਅਤੇ ਹਿਜ਼ਬੁੱਲ੍ਹਾ ਵਰਗੀਆਂ ਸ਼ਕਤੀਆਂ ਨੂੰ ਰੋਕਣ ਵਿੱਚ ਮਦਦ ਕਰ ਸਕਦਾ ਹੈ। 2025 ਵਿੱਚ ਇਜ਼ਰਾਈਲ ਨੇ ਅਫ਼ਰੀਕੀ ਦੇਸ਼ਾਂ ਨਾਲ ਸੰਬੰਧ ਵਧਾਏ ਹਨ, ਜਿਵੇਂ ਇਥੋਪੀਆ ਅਤੇ ਕੀਨੀਆ ਨਾਲ ਟਰੇਡ ਅਗਰੀਮੈਂਟ। ਸੋਮਾਲੀਲੈਂਡ ਨਾਲ ਇਹ ਮਾਨਤਾ ਇਜ਼ਰਾਈਲ ਨੂੰ ਇੱਕ ਨਵਾਂ ਗਠਜੋੜ ਦਿੰਦੀ ਹੈ, ਜਿੱਥੇ ਉਹ ਟੈਕਨਾਲੋਜੀ ਅਤੇ ਸੁਰੱਖਿਆ ਵਿੱਚ ਮਦਦ ਕਰ ਸਕਦਾ ਹੈ; ਪਰ ਇਹ ਫ਼ਲਸਤੀਨ ਮੁੱਦੇ ਨਾਲ ਜੁੜ ਕੇ ਮੁਸਲਿਮ ਦੁਨੀਆ ਵਿੱਚ ਵਿਰੋਧ ਵਧਾ ਰਿਹਾ ਹੈ।



### ਪੰਜ ਨੁਕਤਿਆਂ ’ਤੇ ਮੁਸਲਿਮ ਦੇਸ਼ਾਂ ਨੇ ਵਿਰੋਧ ਜ਼ਾਹਰ ਕੀਤਾ

ਇਸ ਮਾਮਲੇ ’ਤੇ ਇਜ਼ਰਾਈਲ ਦਾ ਜਾਰਡਨ, ਮਿਸਰ, ਅਲਜ਼ੀਰੀਆ, ਕੋਮੋਰੋਸ, ਜ਼ੀਬੂਟੀ, ਗੈਂਬੀਆ, ਈਰਾਨ, ਈਰਾਕ, ਕੁਵੈਤ, ਲੀਬੀਆ, ਮਾਲਦੀਵ, ਨਾਈਜੀਰੀਆ, ਓਮਾਨ, ਪਾਕਿਸਤਾਨ, ਫ਼ਲਿਸਤੀਨ, ਕਤਰ, ਸਾਊਦੀ ਅਰਬ, ਸੋਮਾਲੀਆ, ਸੂਡਾਨ, ਤੁਰਕੀ ਅਤੇ ਯਮਨ ਨੇ ਵਿਰੋਧ ਕੀਤਾ ਹੈ। ਨਾਲ਼ ਹੀ ਓਰਗੇਨਾਈਜ਼ੇਸ਼ਨ ਆਫ਼ ਇਸਲਾਮਿਕ ਕੋਆਪਰੇਸ਼ਨ (ਓ.ਆਈ.ਸੀ.) ਨੇ ਵੀ ਬਿਆਨ ਜਾਰੀ ਕਰ ਕੇ ਇਤਰਾਜ਼ ਪ੍ਰਗਟਾਇਆ ਹੈ। ਬਿਆਨ ਵਿੱਚ ਪੰਜ ਨੁਕਤਿਆਂ ਵਿੱਚ ਗੱਲਾਂ ਕੀਤੀਆਂ ਗਈਆਂ ਹਨ:

*ਸੋਮਾਲੀਆ ਰਿਪਬਲਿਕਨ ਦੇ ਸੋਮਾਲੀਲੈਂਡ ਖੇਤਰ ਨੂੰ ਇਜ਼ਰਾਈਲ ਵੱਲੋਂ ਮਾਨਤਾ ਦੇਣ ਨੂੰ ਅਸੀਂ ਖਾਰਜ ਕਰਦੇ ਹਾਂ। ਅਜਿਹਾ ਕਦਮ ਹਾਰਨ ਆਫ਼ ਅਫ਼ਰੀਕਾ ਅਤੇ ਲਾਲ ਸਾਗਰ ਨਾਲ ਪੂਰੀ ਦੁਨੀਆ ਦੀ ਸ਼ਾਂਤੀ ਤੇ ਸੁਰੱਖਿਆ ਉੱਤੇ ਅਸਰ ਪਾਵੇਗਾ। ਇਜ਼ਰਾਈਲ ਨੇ ਅੰਤਰਰਾਸ਼ਟਰੀ ਕਾਨੂੰਨ ਦੀ ਉਲੰਘਣਾ ਕੀਤੀ ਹੈ।

*ਅਜਿਹੀ ਮਾਨਤਾ ਦੀ ਸਖ਼ਤ ਸ਼ਬਦਾਂ ਵਿੱਚ ਨਿੰਦਾ ਕਰਦੇ ਹਾਂ। ਇਹ ਅੰਤਰਰਾਸ਼ਟਰੀ ਕਾਨੂੰਨ ਅਤੇ ਯੂਨਾਈਟਿਡ ਨੇਸ਼ਨਜ਼ ਚਾਰਟਰ ਦੇ ਸਿਧਾਂਤਾਂ ਦਾ ਗੰਭੀਰ ਉਲੰਘਣ ਹੈ, ਜਿਸ ਵਿੱਚ ਰਾਜਾਂ ਦੀ ਸੰਪ੍ਰਭੂਤਾ ਅਤੇ ਖੇਤਰੀ ਅਖੰਡਤਾ ਦੀ ਰਾਖੀ ਨੂੰ ਜ਼ਰੂਰੀ ਦੱਸਿਆ ਗਿਆ ਹੈ। ਇਹ ਇਜ਼ਰਾਈਲ ਦੀ ਵਿਸਥਾਰਵਾਦੀ ਸੋਚ ਹੈ।

*ਸੋਮਾਲੀਆ ਰਿਪਬਲਿਕਨ ਦੀ ਸੰਪ੍ਰਭੂਤਾ ਦਾ ਪੂਰਾ ਸਮਰਥਨ ਅਸੀਂ ਕਰਦੇ ਹਾਂ। ਸੋਮਾਲੀਆ ਦੀ ਏਕਤਾ ਨੂੰ ਘਟਾਉਣ ਵਾਲੇ ਕਿਸੇ ਵੀ ਕਦਮ ਦਾ ਅਸੀਂ ਖੰਡਨ ਕਰਦੇ ਹਾਂ।

*ਕਿਸੇ ਦੇਸ਼ ਦੇ ਹਿੱਸੇ ਨੂੰ ਵੱਖਰੀ ਮਾਨਤਾ ਦੇਣਾ ਅੰਤਰਰਾਸ਼ਟਰੀ ਸ਼ਾਂਤੀ ਅਤੇ ਸੁਰੱਖਿਆ ਲਈ ਗੰਭੀਰ ਖ਼ਤਰਾ ਹੈ। ਇਹ ਅੰਤਰਰਾਸ਼ਟਰੀ ਕਾਨੂੰਨ ਅਤੇ ਯੂ.ਐੱਨ. ਚਾਰਟਰ ਦੇ ਮੂਲ ਸਿਧਾਂਤਾਂ ਦਾ ਉਲੰਘਣ ਹੈ।

*ਇਜ਼ਰਾਈਲ ਦੇ ਅਜਿਹੇ ਕਦਮਾਂ ਅਤੇ ਫ਼ਲਿਸਤੀਨੀ ਲੋਕਾਂ ਨੂੰ ਉਨ੍ਹਾਂ ਦੀ ਜ਼ਮੀਨ ਤੋਂ ਜ਼ਬਰਦਸਤੀ ਖਦੇੜਨ ਦੀ ਕੋਸ਼ਿਸ਼ ਨੂੰ ਵੀ ਅਸੀਂ ਨਕਾਰਦੇ ਹਾਂ।

ਅਫ਼ਰੀਕੀ ਯੂਨੀਅਨ ਨੇ ਕਿਹਾ- ਇਹ ਸੋਮਾਲੀਆ ਦੀ ਸੰਪ੍ਰਭੂਤਾ ਉੱਤੇ ਹਮਲਾ ਹੈ। ਬਹੁਤੀਆਂ ਅੰਤਰਰਾਸ਼ਟਰੀ ਸੰਸਥਾਵਾਂ ਨੇ ਵੀ ਇਜ਼ਰਾਈਲ ਦੇ ਇਸ ਕਦਮ ਦਾ ਕਰੜਾ ਵਿਰੋਧ ਕੀਤਾ ਹੈ। ਅਰਬ ਲੀਗ, ਖਾੜੀ ਸਹਿਯੋਗ ਪ੍ਰੀਸ਼ਦ (ਜੀ.ਸੀ.ਸੀ.), ਅਫ਼ਰੀਕੀ ਯੂਨੀਅਨ (ਏ.ਯੂ.) ਅਤੇ ਇਸਲਾਮਿਕ ਕੋਆਪਰੇਸ਼ਨ ਆਰਗੇਨਾਈਜ਼ੇਸ਼ਨ (ਓ.ਆਈ.ਸੀ.) ਨੇ ਇਜ਼ਰਾਈਲ ਦੇ ਇਸ ਫ਼ੈਸਲੇ ਨੂੰ ਸੋਮਾਲੀਆ ਦੀ ਸੰਪ੍ਰਭੂਤਾ ਉੱਤੇ ਹਮਲਾ ਕਿਹਾ ਅਤੇ ਇਸ ਨੂੰ ਅੰਤਰਰਾਸ਼ਟਰੀ ਕਾਨੂੰਨ ਦਾ ਉਲੰਘਣ ਕਰਾਰ ਦਿੱਤਾ। ਅਫ਼ਰੀਕੀ ਯੂਨੀਅਨ ਦੇ ਚੇਅਰਮੈਨ ਮਹਿਮੂਦ ਅਲੀ ਯੂਸੁਫ ਨੇ ਕਿਹਾ ਕਿ ਸੋਮਾਲੀਲੈਂਡ, ਸੋਮਾਲੀਆ ਦਾ ਅਟੁੱਟ ਹਿੱਸਾ ਹੈ ਅਤੇ ਅਜਿਹੀ ਮਾਨਤਾ ਸ਼ਾਂਤੀ ਅਤੇ ਸਥਿਰਤਾ ਲਈ ਖ਼ਤਰਨਾਕ ਹੋ ਸਕਦੀ ਹੈ। ਅਰਬ ਲੀਗ ਦੇ ਜਨਰਲ ਸੈਕਟਰੀ ਅਹਿਮਦ ਅਬੂਲ ਗੈਤ ਨੇ ਇਸ ਨੂੰ ਰਾਜਾਂ ਦੀ ਏਕਤਾ ਦੇ ਸਿਧਾਂਤ ਦਾ ਸਪੱਸ਼ਟ ਉਲੰਘਣ ਕਿਹਾ, ਜਦਕਿ ਜੀ.ਸੀ.ਸੀ. ਨੇ ਇਸ ਨੂੰ ਖੇਤਰੀ ਸਥਿਰਤਾ ਨੂੰ ਕਮਜ਼ੋਰ ਕਰਨ ਵਾਲਾ ਖ਼ਤਰਨਾਕ ਕਦਮ ਦੱਸਿਆ। ਓ.ਆਈ.ਸੀ. ਨੇ ਬਹੁਤੇ ਮੁਸਲਿਮ ਦੇਸ਼ਾਂ ਦੇ ਵਿਦੇਸ਼ ਮੰਤਰੀਆਂ ਨਾਲ ਸਾਂਝਾ ਬਿਆਨ ਜਾਰੀ ਕਰ ਕੇ ਇਜ਼ਰਾਈਲ ਦੀ ਨਿੰਦਾ ਕੀਤੀ ਅਤੇ ਸੋਮਾਲੀਆ ਦੀ ਸੰਪ੍ਰਭੂਤਾ ਦਾ ਪੂਰਾ ਸਮਰਥਨ ਕੀਤਾ।

ਸੋਮਾਲੀਆ ਦੀ ਸਰਕਾਰ ਨੇ ਇਜ਼ਰਾਈਲ ਦੇ ਫ਼ੈਸਲੇ ਨੂੰ ਆਪਣੀ ਸੰਪ੍ਰਭੂਤਾ ਉੱਤੇ ਜਾਣ-ਬੁੱਝ ਕੇ ਕੀਤਾ ਹਮਲਾ ਕਿਹਾ ਅਤੇ ਇਸ ਨੂੰ ਖੇਤਰੀ ਸ਼ਾਂਤੀ ਲਈ ਖ਼ਤਰਾ ਕਰਾਰ ਦਿੱਤਾ। ਸੋਮਾਲੀਆ ਨੇ ਇਜ਼ਰਾਈਲ ਤੋਂ ਮਾਨਤਾ ਤੁਰੰਤ ਵਾਪਸ ਲੈਣ ਦੀ ਮੰਗ ਕੀਤੀ ਹੈ। ਯੂਰਪੀਅਨ ਯੂਨੀਅਨ ਨੇ ਸੋਮਾਲੀਆ ਦੀ ਖੇਤਰੀ ਅਖੰਡਤਾ ਦਾ ਸਨਮਾਨ ਕਰਨ ਦੀ ਅਪੀਲ ਕੀਤੀ। ਦੂਜੇ ਪਾਸੇ, ਸੋਮਾਲੀਲੈਂਡ ਵਿੱਚ ਇਸ ਫ਼ੈਸਲੇ ਦਾ ਜ਼ੋਰਦਾਰ ਸਵਾਗਤ ਹੋਇਆ ਅਤੇ ਲੋਕ ਸੜਕਾਂ ‘ਤੇ ਜਸ਼ਨ ਮਨਾ ਰਹੇ ਹਨ।

ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਵੀ ਇਸ ਮੁੱਦੇ ’ਤੇ ਟਿੱਪਣੀ ਕੀਤੀ। ਨਿਊ ਯਾਰਕ ਪੋਸਟ ਮੁਤਾਬਕ, ਸੋਮਾਲੀਲੈਂਡ ਨੂੰ ਮਾਨਤਾ ਦੇਣ ਬਾਰੇ ਟਰੰਪ ਨੇ ਕਿਹਾ ਕਿ ਉਹ ਅਜੇ ਅਜਿਹੀ ਕੋਈ ਯੋਜਨਾ ਨਹੀਂ ਬਣਾ ਰਹੇ। ਉਨ੍ਹਾਂ ਨੇ ਹੋਰ ਕਿਹਾ, “ਕੀ ਅਸਲ ਵਿੱਚ ਕੋਈ ਜਾਣਦਾ ਹੈ ਕਿ ਸੋਮਾਲੀਲੈਂਡ ਕੀ ਹੈ?” ਇਹ ਬਿਆਨ ਸੋਮਾਲੀਲੈਂਡ ਲਈ

⇒ ਬਾਕੀ ਅਗਲੇ ਸਫੇ ਉਤੇ ਪੜ੍ਹੋ

ਦੇਸ-ਵਿਦੇਸ਼ ਵੱਸਦੇ ਸਮੂਹ ਪੰਜਾਬੀ ਭਾਈਚਾਰੇ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਪੂਰਬ ਅਤੇ ਨਵੇਂ ਸਾਲ ਦੀ ਲੱਖ ਲੱਖ ਵਧਾਈ



Inder Hunjan

PRAXSTI

PRAXSTI Manufacturing
Chicago, IL
Serving Innovation Globaly



Gurminder Maan

Laser Cutting, Bending Press Brake, Welding,
Fabrication and In-House Coating
WWW.PRAXSTI.COM

# ਆਪਸ ਵਿੱਚ ਝਗੜਦੇ ਮੁਹੱਲਿਆਂ 'ਚ ਵਟਿਆ ਗਲੋਬਲ ਵਿਲੇਜ

ਜਸਵੀਰ ਸਿੰਘ ਮਾਂਗਟ

***ਘੱਟਗਿਣਤੀਆਂ, ਪਰਵਾਸੀ ਕਾਮਿਆਂ ਦਾ ਜੀਣਾ ਮੁਹਾਲ ਹੋਇਆ**
***ਕੌਮੀ ਰਾਜਾਂ ਵਿੱਚ ਘੱਟਗਿਣਤੀਆਂ ਦੇ ਮਸਲੇ ਗੁੰਝਲਦਾਰ ਬਣੇ**






'ਟਰੂ ਪੈਟਰੀਆਟ ਆਫ ਨਿਊਜ਼ੀਲੈਂਡ' ਨਾਮੀ ਸੰਗਠਨ ਨਗਰ ਕੀਰਤਨ ਦਾ ਵਿਰੋਧ ਕਰਨ ਸਮੇਂ

ਬੰਗਲਾ ਦੇਸ਼, ਭਾਰਤ ਅਤੇ ਨਿਊਜ਼ੀਲੈਂਡ ਵਿੱਚ ਕ੍ਰਮਵਾਰ ਹਿੰਦੂਆਂ, ਇਸਾਈਆਂ ਅਤੇ ਸਿੱਖਾਂ ਖਿਲਾਫ ਕੁਝ ਇਸ ਕਿਸਮ ਦੀਆਂ ਘਟਨਾਵਾਂ ਵਾਪਰੀਆਂ ਹਨ, ਜਿਨ੍ਹਾਂ ਨੇ ਅੱਜ ਸੰਸਾਰ ਵਿੱਚ ਧਾਰਮਿਕ ਅਤੇ ਨਸਲੀ ਘੱਟਗਿਣਤੀਆਂ ਖਿਲਾਫ ਮਾਹੌਲ ਨੂੰ ਬੇਹੱਦ ਖ਼ਤਰਨਾਕ ਬਣਾ ਦਿੱਤਾ ਹੈ। ਭਾਰਤ ਦੇ ਗੁਆਂਢੀ ਮੁਲਕ ਬੰਗਲਾਦੇਸ਼ ਵਿੱਚ ਬੀਤੇ ਦਿਨੀਂ ਸ਼ੇਖ ਹਸੀਨਾ ਵਿਰੋਧੀ ਇੱਕ ਸੀਨੀਅਰ ਵਿਦਿਆਰਥੀ ਆਗੂ ਸ਼ਰੀਫ ਉਸਮਾਨ ਹਾਦੀ ਦੀ ਅਣਪਛਾਤੇ ਹਮਲਾਵਰਾਂ ਵੱਲੋਂ ਹੱਤਿਆ ਕਰ ਦਿੱਤੀ ਗਈ। ਇਸ ਹੱਤਿਆ ਬਾਰੇ ਬੰਗਲਾਦੇਸ਼ ਵਿੱਚ ਗੱਦੀਓਂ ਲੱਥੀ ਸ਼ੇਖ ਹਸੀਨਾ ਵਿਰੋਧੀ ਧਿਰਾਂ ਨੇ ਇਹ ਪ੍ਰਚਾਰ ਆਰੰਭ ਕਰ ਦਿੱਤਾ ਕਿ 'ਹਾਦੀ' ਦੇ ਕਾਤਲ ਭਾਰਤ ਵਿੱਚ ਦਾਖਲ ਹੋ ਗਏ ਹਨ। ਇਸ ਤਰ੍ਹਾਂ ਭਾਰਤ ਵਿਰੋਧੀ ਪ੍ਰਦਰਸ਼ਨ ਬੰਗਲਾਦੇਸ਼ ਵਿੱਚ ਹੋਣੇ ਸ਼ੁਰੂ ਹੋ ਗਏ।

ਇਸ ਘਟਨਾਕ੍ਰਮ ਤੋਂ ਬਾਅਦ ਦੋਹਾਂ ਧਿਰਾਂ ਨੇ ਇੱਕ-ਦੂਜੇ ਦੇ ਰਾਜਦੂਤਾਂ ਨੂੰ ਬੁਲਾ ਕੇ ਆਪੋ-ਆਪਣੇ ਇਤਰਾਜ਼ ਵੀ ਦਰਜ ਕਰਵਾਏ। ਇਸ ਦੌਰਾਨ ਬੰਗਲਾਦੇਸ਼ੀ ਭੀੜ ਵੱਲੋਂ ਇੱਕ ਹਿੰਦੂ ਮੂਲ ਦੇ ਵਿਅਕਤੀ ਦੀਪੂ ਚੰਦਰ ਦਾਸ ਦੀ ਹੱਤਿਆ ਕਰ ਦਿੱਤੀ ਗਈ ਅਤੇ ਉਸ ਦੀ ਲਾਸ਼ ਨੂੰ ਦਰਖਤ ਨਾਲ ਬੰਨ੍ਹ ਕੇ ਸਾੜ ਦਿੱਤਾ। ਇਸ ਤੋਂ ਪਿਛੋਂ ਬੀਤੇ ਹਫਤੇ ਬੇਕਾਬੂ ਹੋਈਆਂ ਬੰਗਲਾਦੇਸ਼ੀ ਭੀੜਾਂ ਨੇ 'ਸਮਰਾਟ' ਨਾਮੀ ਇੱਕ ਹੋਰ ਹਿੰਦੂ ਮੂਲ ਦੇ ਵਿਅਕਤੀ ਦੀ ਵੀ ਹੱਤਿਆ ਕਰ ਦਿੱਤੀ। ਕੁੱਟਮਾਰ ਨਾਲ ਗੰਭੀਰ ਰੂਪ ਵਿੱਚ ਜ਼ਖਮੀ ਹੋਏ ਇਸ ਵਿਅਕਤੀ ਨੂੰ ਪੁਲਿਸ ਨੇ ਭੀੜ ਹੱਥੋਂ ਛੁਡਾ ਲਿਆ ਸੀ, ਪਰ ਹਸਪਤਾਲ ਵਿੱਚ ਇਲਾਜ ਦੌਰਾਨ ਉਸ ਦੀ ਮੌਤ ਹੋ ਗਈ। ਇਸੇ ਤਰ੍ਹਾਂ ਇੱਕ ਹੋਰ ਬੰਗਲਾ ਵਿਦਿਆਰਥੀ ਦੀ ਵੀ ਇਸ ਦਰਮਿਆਨ ਹੱਤਿਆ ਕੀਤੀ ਗਈ। ਇਨ੍ਹਾਂ ਘਟਨਾਵਾਂ ਦਾ ਭਾਰਤ ਵਿੱਚ ਤਿੱਖਾ ਪ੍ਰਤੀਕਰਮ ਹੋਇਆ ਅਤੇ ਵਿਸ਼ਵ ਹਿੰਦੂ ਪ੍ਰੀਸ਼ਦ ਅਤੇ ਬਜਰੰਗ ਦਲ ਜਿਹੀਆਂ ਕੱਟੜ ਹਿੰਦੂ ਜਥੇਬੰਦੀਆਂ ਨੇ ਬੰਗਲਾਦੇਸ਼ ਵਿੱਚ ਹੋਈ ਹਿੰਸਾ ਖਿਲਾਫ ਪ੍ਰਦਰਸ਼ਨ ਕੀਤੇ। ਦਿੱਲੀ, ਕੋਲਕਾਤਾ, ਮੁੰਬਈ ਅਤੇ ਹੈਦਰਾਬਾਦ ਸਮੇਤ ਕਈ ਸ਼ਹਿਰਾਂ ਵਿੱਚ ਇਸ ਕਿਸਮ ਦੇ ਪ੍ਰਦਰਸ਼ਨ ਕੀਤੇ ਗਏ।

ਇਸੇ ਤਰ੍ਹਾਂ ਵਿਕਸਤ ਸਮਝੇ ਜਾਂਦੇ ਮੁਲਕ ਨਿਊਜ਼ੀਲੈਂਡ ਵਿੱਚ ਇੱਕ ਕੱਟੜ ਇਸਾਈ ਤਬਕੇ ਦੇ ਕਾਰਕੁੰਨਾਂ ਨੇ ਸਾਹਿਬਜ਼ਾਦਿਆਂ ਦੀ ਯਾਦ ਵਿੱਚ ਆਯੋਜਤ ਕੀਤੇ ਜਾ ਰਹੇ ਇੱਕ ਨਗਰ ਕੀਰਤਨ ਨੂੰ ਜ਼ਬਰਦਸਤੀ ਰੋਕਣ ਦਾ ਯਤਨ ਕੀਤਾ, ਪਰ ਪੁਲਿਸ ਦੇ ਦਖਲ ਕਾਰਨ ਸਥਿਤੀ ਹਿੰਸਕ ਹੋਣ ਤੋਂ ਟਲ ਗਈ। ਇਸੇ ਤਰ੍ਹਾਂ ਇਸ ਵਾਰ ਕ੍ਰਿਸਮਸ ਦੇ ਤਿਉਹਾਰ ਮੌਕੇ ਹਿੰਦੂ ਕੱਟੜਪੰਥੀਆਂ ਨੇ ਮੁਲਕ ਦੇ ਵੱਖ-ਵੱਖ ਹਿੱਸਿਆਂ ਵਿੱਚ ਇਸਾਈਆਂ 'ਤੇ ਹਮਲੇ ਕੀਤੇ। ਇਨ੍ਹਾਂ ਸ਼ਰਮਨਾਕ ਹਮਲਿਆਂ ਖਿਲਾਫ ਸਾਡੀਆਂ ਸਰਕਾਰਾਂ ਅਤੇ ਮੰਤਰੀ ਲਗਪਗ ਚੁੱਪ ਰਹੇ ਹਨ। ਕਾਂਗਰਸ ਸਮੇਤ ਵਿਰੋਧੀ ਸਿਆਸੀ ਧਿਰਾਂ ਨੇ ਜ਼ਰੂਰ ਇਸ ਖਿਲਾਫ ਪ੍ਰਤੀਕਰਮ ਪ੍ਰਗਟ ਕੀਤੇ ਹਨ।

ਘੱਟਗਿਣਤੀ ਅਤੇ ਮੁਕਾਬਲਤਨ ਛੋਟੀਆਂ, ਕਮਜ਼ੋਰ ਕੌਮਾਂ ਦੇ ਜੀਣ-ਥੀਣ ਅਤੇ ਆਪਣੀ ਆਜ਼ਾਦੀ ਬਰਕਰਾਰ ਰੱਖਣ ਦਾ ਮਸਲਾ ਅੱਜ ਦੁਨੀਆਂ ਵਿੱਚ ਪ੍ਰਮੁੱਖ ਮਸਲਾ ਬਣ ਗਿਆ ਹੈ। ਇਸ ਦੇ ਨਾਲ ਹੀ ਘੱਟ ਵਿਕਸਤ ਦੇਸ਼ਾਂ ਵੱਲੋਂ ਵਿਕਸਤ ਮੁਲਕਾਂ ਵੱਲ ਜਾਂਦੇ ਹੁਨਰੀ ਅਤੇ ਗੈਰ-ਹੁਨਰੀ ਕਾਮਿਆਂ ਦਾ ਗੈਰਤ ਨਾਲ ਰੋਜ਼ੀ ਰੋਟੀ ਕਮਾਉਣ ਦਾ ਮਸਲਾ ਵੀ ਸਾਹਮਣੇ ਆ ਗਿਆ ਹੈ। ਇਹ ਮਸਲਾ ਵੀ ਇੱਕ ਜਾਂ ਦੂਜੇ ਤਰੀਕੇ ਨਾਲ ਕਿਸੇ ਮੁਲਕ ਵਿੱਚ ਵੱਸਦੀਆਂ ਧਾਰਮਿਕ ਅਤੇ ਨਸਲੀ ਘੱਟਗਿਣਤੀਆਂ ਨਾਲ ਜੁੜਿਆ ਹੋਇਆ ਹੈ।

ਇੱਥੇ ਭਾਰਤ ਵਿੱਚ 1947 ਤੋਂ ਤੁਰੰਤ ਬਾਅਦ ਹੀ ਘੱਟਗਿਣਤੀਆਂ ਦਾ ਮਸਲਾ ਉੱਠ ਖੜ੍ਹਾ ਹੋਇਆ ਸੀ। ਖਾਸ ਕਰਕੇ ਸਿੱਖਾਂ, ਮੁਸਲਮਾਨਾਂ ਅਤੇ ਇਸਾਈ ਭਾਈਚਾਰੇ ਦੇ ਖਿਲਾਫ ਵੱਖ-ਵੱਖ ਰਾਜ ਸਰਕਾਰਾਂ ਜਾਂ ਕੇਂਦਰ ਸਰਕਾਰ ਦੀ ਸ਼ਹਿ 'ਤੇ ਹਿੰਸਾ ਜਥੇਬੰਦ ਕੀਤੀ ਜਾਂਦੀ ਰਹੀ ਹੈ। ਮਸਲਨ 1984 ਵਿੱਚ ਇੰਦਰਾ ਗਾਂਧੀ ਦੇ ਕਤਲ ਤੋਂ ਬਾਅਦ ਕੇਂਦਰ ਵਿੱਚ ਰਾਜ ਕਰਦੀ ਕਾਂਗਰਸ ਪਾਰਟੀ ਵੱਲੋਂ ਪੂਰੇ ਯੋਜਨਾਬੰਦ ਢੰਗ ਨਾਲ ਸਿੱਖਾਂ ਖਿਲਾਫ ਫਿਰਕੂ ਹਿੰਸਾ ਜਥੇਬੰਦ ਕੀਤੀ ਗਈ। ਇਸ ਤੋਂ ਇਲਾਵਾ ਗੁਜਰਾਤ ਵਿੱਚ ਜਦੋਂ ਨਰਿੰਦਰ ਮੋਦੀ ਦੀ ਅਗਵਾਈ ਵਾਲੀ ਭਾਜਪਾ ਸਰਕਾਰ ਸੀ, ਤਾਂ ਗੋਧਰਾ ਕਾਂਡ ਵਾਪਰਨ ਤੋਂ ਬਾਅਦ ਸਟੇਟ ਦੀ ਰਾਜ ਸ਼ਕਤੀ ਦੀ ਮਦਦ ਨਾਲ ਹਿੰਸਾ ਜਥੇਬੰਦ ਕੀਤੀ ਗਈ ਅਤੇ ਹਜ਼ਾਰਾਂ ਮੁਸਲਮਾਨ ਮਾਰ ਦਿੱਤੇ ਗਏ। ਕਾਂਗਰਸ ਅਤੇ ਭਾਰਤੀ ਜਨਤਾ ਪਾਰਟੀ- ਦੋਹਾਂ ਦੀ ਮਿਲੀਭੁਗਤ ਨਾਲ ਬਾਬਰੀ ਮਸਜਿਦ ਨੂੰ ਢਾਹਿਆ ਗਿਆ। ਇਸ ਤੋਂ ਇਲਾਵਾ ਹਾਲ ਹੀ ਦੇ ਸਾਲਾਂ ਵਿੱਚ ਦਿੱਲੀ ਵਿੱਚ ਮੁਸਲਮਾਨਾਂ ਖਿਲਾਫ ਇੱਕ ਭਿਆਨਕ ਹਿੰਸਾ ਨੂੰ ਪੁਲਿਸ ਅਤੇ ਸੁਰੱਖਿਆ ਦਸਤਿਆਂ ਦੀ ਮਦਦ ਨਾਲ ਜਥੇਬੰਦ ਕੀਤਾ ਗਿਆ।

ਕਿਸੇ ਧਾਰਮਿਕ ਜਾਂ ਨਸਲੀ ਘੱਟਗਿਣਤੀ ਦੇ ਖਿਲਾਫ ਸਟੇਟ ਦੀ ਮਿਲੀ ਭੁਗਤ ਨਾਲ ਹਿੰਸਾ ਨੂੰ ਜਥੇਬੰਦ ਕੀਤੇ ਜਾਣਾ ਇੱਕ ਬਾਕਾਇਦਾ ਫਾਸ਼ੀ ਵਰਤਾਰਾ ਹੈ। ਇਸੇ ਲਈ ਤਕਰੀਬਨ ਸਾਰੀਆਂ ਹੀ ਕੌਮੀ ਪਾਰਟੀਆਂ ਵੱਲੋਂ ਘੱਟਗਿਣਤੀਆਂ ਖਿਲਾਫ ਸਟੇਟ ਦੀ ਮਦਦ ਨਾਲ ਬਹੁਗਿਣਤੀ ਭਾਈਚਾਰੇ ਵੱਲੋਂ ਕੀਤੀ ਜਾਂਦੀ ਹਿੰਸਾ ਨੂੰ ਕਦੀ ਵੀ ਇੱਕ ਪਲੜੇ ਵਿੱਚ ਰੱਖ ਕੇ ਨਹੀਂ ਤੋਲਿਆ ਜਾ ਸਕਦਾ। ਸਟੇਟ ਜਿਸ ਵੀ ਧਾਰਮਿਕ ਨਸਲੀ ਧਿਰ ਦਾ ਪੱਖ ਪੂਰਦੀ ਹੈ, ਉਹ ਲਾਜ਼ਮੀ ਹੀ ਜ਼ਲਾਮ ਹੋ ਜਾਂਦੀ ਹੈ। ਜਦਕਿ ਰਾਜ ਹੀਣ ਘੱਟਗਿਣਤੀਆਂ ਆਮ ਤੌਰ 'ਤੇ ਨਿਹੱਥੀਆਂ ਹੁੰਦੀਆਂ ਹਨ। ਸਾਡੇ ਆਪਣੇ ਇੱਥੇ ਦੱਖਣੀ ਏਸ਼ੀਆ ਦੇ ਦੋ ਮੁਲਕਾਂ- ਭਾਰਤ ਅਤੇ ਬੰਗਲਾਦੇਸ਼ ਵਿੱਚ ਅਜਿਹਾ ਵਰਤਾਰਾ ਸਾਫ ਰੂਪ ਵਿੱਚ ਵਾਪਰਦਾ ਵੇਖਿਆ ਜਾ ਸਕਦਾ ਹੈ।

ਭਾਰਤ ਵਿੱਚ ਹਰ ਨਿੱਕੀ ਮੋਟੀ ਚੋਣ ਵੇਲੇ ਭਾਰਤੀ ਜਨਤਾ ਪਾਰਟੀ ਮੁਸਲਮਾਨਾਂ ਖਿਲਾਫ ਰੱਜ ਕੇ ਨਫਰਤ ਫੈਲਾਉਂਦੀ ਹੈ। ਆਮ ਚੋਣਾਂ ਜਿੱਤਣ ਲਈ ਭਾਜਪਾ ਵੱਲੋਂ ਮੁਸਲਮਾਨਾਂ ਖਿਲਾਫ ਨਫਰਤ ਨੂੰ ਇੱਕ ਤਰ੍ਹਾਂ ਨਾਲ ਹਥਿਆਰ ਬਣਾਇਆ ਜਾਂਦਾ। ਇਹ ਇਸ ਲਈ ਕਿ ਮੁਸਲਮਾਨਾਂ ਖਿਲਾਫ ਨਫਰਤ ਫੈਲਾ ਕੇ ਹਿੰਦੂਆਂ ਦੀ ਵੋਟ ਨੂੰ ਆਪਣੇ ਪੱਖ ਵਿੱਚ ਕਨਸੌਲੀਡੇਟ ਕੀਤਾ ਜਾ ਸਕੇ। ਪਿਛਲੇ ਦਸ ਬਾਰਾਂ ਸਾਲਾਂ ਦਾ ਭਾਰਤੀ ਜਨਤਾ ਪਾਰਟੀ ਦਾ ਰਾਜ ਮੁਸਲਮਾਨਾਂ ਖਿਲਾਫ ਹਿੰਸਾ ਭੜਕਾਉਣ ਅਤੇ ਉਨ੍ਹਾਂ ਨੂੰ ਹਰ ਤਰ੍ਹਾਂ ਜ਼ਲੀਲ ਕਰਨ ਦਾ ਸਾਧਨ ਬਣਿਆ ਹੋਇਆ ਹੈ। ਰਾਜ ਪ੍ਰਾਪਤ ਕਰਨ ਲਈ ਵੀ ਮੁਸਲਮਾਨ ਹੀ ਨਿਸ਼ਾਨੇ 'ਤੇ ਹੁੰਦੇ ਹਨ ਅਤੇ ਅੱਗੇ ਰਾਜ ਹੱਥ ਆ ਜਾਣ ਤੋਂ ਬਾਅਦ ਧਾਰਮਿਕ ਘੱਟਗਿਣਤੀਆਂ ਨੂੰ ਖੂੰਜੇ ਲਾਉਣ ਲਈ ਇਸ ਦੀ ਵਰਤੋਂ ਕੀਤੀ ਜਾਂਦੀ ਹੈ। ਇਹ ਸਾਰਾ ਕੁਝ ਕਰਦਿਆਂ-ਕਰਾਉਂਦਿਆਂ ਭਾਰਤੀ ਜਨਤਾ ਪਾਰਟੀ ਨੇ ਇਹ ਕਦੀ ਨਹੀਂ ਸੋਚਿਆ ਕਿ ਉਸ ਵੱਲੋਂ ਜਿਹੜੇ ਕਾਰੇ ਇਸ ਮੁਲਕ ਵਿੱਚ ਕੀਤੇ ਜਾ ਰਹੇ ਹਨ, ਉਨ੍ਹਾਂ ਦਾ ਅਸਰ ਦੂਜੇ ਮੁਲਕਾਂ ਵਿੱਚ ਭਾਰਤੀ ਘੱਟਗਿਣਤੀਆਂ ਖਿਲਾਫ ਪ੍ਰਤੀਕਰਮ ਵਿੱਚ ਵੀ ਹੋ ਸਕਦਾ।

ਹੁਣ ਜਦੋਂ ਬੰਗਲਾਦੇਸ਼ ਵਿੱਚ ਉਸੇ ਤਰ੍ਹਾਂ ਦਾ ਵਰਤਾਵ ਹਿੰਦੂਆਂ ਨਾਲ ਕੀਤਾ ਜਾਣ ਲੱਗਾ ਹੈ, ਜਿਸ ਤਰ੍ਹਾਂ ਦਾ ਭਾਰਤੀ ਜਨਤਾ ਪਾਰਟੀ ਇੱਥੇ ਮੁਸਲਮਾਨਾਂ ਨਾਲ ਕਰਦੀ ਹੈ, ਤਾਂ ਮੌਜੂਦਾ ਕੇਂਦਰ ਸਰਕਾਰ ਨੂੰ ਤਕਲੀਫ ਹੋਣ ਲੱਗੀ ਹੈ। ਇਸ 'ਤੇ ਵੱਖ-ਵੱਖ ਕੇਂਦਰੀ ਮੰਤਰੀਆਂ ਵੱਲੋਂ ਦੇਸੀ-ਵਿਦੇਸ਼ੀ ਮੀਡੀਏ ਵਿੱਚ ਲੰਮੇ ਚੌੜੇ ਬਿਆਨ ਜਾਰੀ ਕੀਤੇ ਜਾਣ ਲੱਗੇ ਹਨ। ਭਾਰਤੀ ਵਿਦੇਸ਼ ਮੰਤਰਾਲੇ ਦੇ ਬੁਲਾਰੇ ਰਣਧੀਰ ਜਾਇਸਵਾਲ ਨੇ ਇਸ ਵਰਤਾਰੇ ਬਾਰੇ ਜਾਰੀ ਆਪਣੇ ਇੱਕ ਬਿਆਨ ਵਿੱਚ ਕਿਹਾ ਕਿ ਬੰਗਲਾਦੇਸ਼ ਵਿੱਚ ਬੀਤੇ ਦਿਨਾਂ ਵਿੱਚ ਹੋਈ ਹਿੰਸਾ ਨੂੰ ਸਿਆਸੀ ਹਿੰਸਾ ਆਖ ਕੇ ਦਰਕਿਨਾਰ ਨਹੀਂ ਕੀਤਾ ਜਾ ਸਕਦਾ। ਇਨ੍ਹਾਂ ਹਮਲਿਆਂ ਦੇ ਦੋਸ਼ੀਆਂ ਖਿਲਾਫ ਸਖਤ ਕਾਰਵਾਈ ਹੋਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਬੰਗਲਾਦੇਸ਼ ਵਿੱਚ ਮੁਹੰਮਦ ਯੂਨਿਸ ਦੀ ਅੰਤ੍ਰਿਮ ਸਰਕਾਰ ਬਣਨ ਤੋਂ ਪਿੱਛੋਂ ਤਕਰੀਬਨ 35 ਹਿੰਦੂਆਂ ਦੀ ਹੱਤਿਆ ਕੀਤੀ ਗਈ ਹੈ ਅਤੇ ਘੱਟਗਿਣਤੀਆਂ ਖਿਲਾਫ ਹਿੰਸਾ ਦੇ 2900 ਮਾਮਲੇ ਸਾਹਮਣੇ ਆਏ ਹਨ। ਇੱਥੇ ਦਿਲਚਸਪ ਤੱਥ ਇਹ ਹੈ ਕਿ ਭਾਰਤੀ ਵਿਦੇਸ਼ ਮੰਤਰਾਲੇ ਨੇ ਨਿਊਜ਼ੀਲੈਂਡ ਵਿੱਚ ਇੱਕ ਸਿੱਖ ਨਗਰ ਕੀਰਤਨ ਨੂੰ ਕੱਟੜ ਇਸਾਈਆਂ ਵੱਲੋਂ ਡੱਕਣ ਖਿਲਾਫ ਕੋਈ ਪ੍ਰਤੀਕਰਮ ਪ੍ਰਗਟ ਨਹੀਂ ਕੀਤਾ।

ਯਾਦ ਰਹੇ, ਦੂਜੀ ਸੰਸਾਰ ਜੰਗ ਵਿੱਚ ਯਹੂਦੀਆਂ ਦੇ ਕਤਲੇਆਮ ਤੋਂ ਬਾਅਦ ਅਤੇ ਯੂ.ਐਨ.ਓ. ਦੇ ਹੋਂਦ ਵਿੱਚ ਆ ਜਾਣ ਮਗਰੋਂ ਧਾਰਮਿਕ ਘੱਟਗਿਣਤੀਆਂ ਨੂੰ ਜਮਹੂਰੀ ਅਧਿਕਾਰ ਦੇਣ ਅਤੇ ਇਨ੍ਹਾਂ ਦੀ ਬਾਕਾਇਦਾ ਰਾਖੀ ਕਰਨ ਦੀ ਇੱਕ ਰਵਾਇਤ ਰਹੀ ਹੈ। ਖਾਸ ਕਰਕੇ ਯੂਰਪੀਅਨ ਮੁਲਕਾਂ, ਅਮਰੀਕਾ ਅਤੇ ਕੈਨੇਡਾ ਵਿਚ; ਪਰ ਪਿਛਲੇ ਕੁਝ ਸਮੇਂ ਤੋਂ ਪੈਦਾ ਹੋਏ ਆਰਥਿਕ-ਸਿਆਸੀ ਸੰਕਟ ਨੇ ਦੁਨੀਆਂ ਨੂੰ ਆਪਣੀ ਲਪੇਟ ਵਿੱਚ ਲਿਆ ਹੈ ਤਾਂ ਗਲੋਬਲ ਪਿੰਡ ਬਣ ਗਈ ਦੁਨੀਆਂ ਮੁੜ ਅੱਤਿ ਕੱਟੜ ਕੌਮੀ ਮੁਹੱਲਿਆਂ ਵਿੱਚ ਵਟ ਗਈ ਹੈ। ਇਨ੍ਹਾਂ ਕੌਮੀ ਮੁਹੱਲਿਆਂ ਵਿੱਚ ਵਸਦੇ ਪਰਵਾਸੀਆਂ ਖਿਲਾਫ ਨਫਰਤ ਦੀ ਹਨੇਰੀ ਚਲਾਈ ਜਾ ਰਹੀ ਹੈ। ਅਜਿਹੀਆਂ ਹਾਲਤਾਂ ਵਿੱਚ ਸਿੱਖਾਂ ਵਾਂਗ ਉਨ੍ਹਾਂ ਪਰਵਾਸੀਆਂ ਦਾ ਬੜਾ ਕੁਝ ਦਾਅ 'ਤੇ ਲੱਗਾ ਹੋਇਆ ਹੈ, ਜਿਨ੍ਹਾਂ ਦੀ ਆਪਣੀ ਕੋਈ ਸਟੇਟ ਨਹੀਂ ਹੈ ਜਾਂ ਜਿਨ੍ਹਾਂ ਖਿਲਾਫ ਵਾਪਰਨ ਵਾਲੀ ਹਿੰਸਾ ਖਿਲਾਫ ਉਨ੍ਹਾਂ ਦੀ ਪੇਰੈਂਟ ਸਟੇਟ ਕੋਈ ਵੀ ਉਪਾਅ ਨਹੀਂ ਕਰਦੀ।

ਇਸੇ ਕਿਸਮ ਦਾ ਮਸਲਾ ਨਿਊਜ਼ੀਲੈਂਡ ਵਿੱਚ ਉਦੋਂ ਸਾਹਮਣੇ ਆਇਆ, ਜਦੋਂ ਸਿੱਖਾਂ ਨੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਦੀ ਯਾਦ ਵਿੱਚ ਇੱਕ ਨਗਰ ਕੀਰਤਨ ਦਾ ਆਯੋਜਨ ਕੀਤਾ ਅਤੇ ਉਨ੍ਹਾਂ ਨੂੰ ਕੱਟੜ ਇਸਾਈਆਂ ਦੇ ਇੱਕ ਤਬਕੇ ਨੇ ਘੇਰ ਕੇ ਰੋਕ ਲਿਆ ਤੇ ਬੁਰਾ ਭਲਾ ਕਿਹਾ। ਇਸ ਨਗਰ ਕੀਰਤਨ ਨੂੰ ਤਾਮਕੀ ਨਾ ਦੇ ਇੱਕ ਕੱਟੜ ਇਸਾਈ ਧਾਰਮਿਕ ਆਗੂ ਨਾਲ ਸੰਬੰਧਤ 'ਡੈਸਟਿਨੀ ਚਰਚ' ਦੇ ਕਾਰਕੁੰਨਾਂ ਨੇ ਰੋਕ ਕੇ ਅਗਰੈਸਿਵ ਕਿਸਮ ਦੇ ਹਾਕਾ ਡਾਂਸ ਰਾਹੀਂ ਵਿਰੋਧ ਕੀਤਾ। 'ਟਰੂ ਪੈਟਰੀਆਟ ਆਫ ਨਿਊਜ਼ੀਲੈਂਡ' ਨਾਮੀ ਇਸ ਸੰਗਠਨ ਦਾ ਵਿਰੋਧ ਇੰਨਾ ਹਮਲਾਵਰ ਅਤੇ ਭੜਕਾਊ ਸੀ ਕਿ ਜੇ ਸਥਾਨਕ ਪ੍ਰਸ਼ਾਸਨ ਅਤੇ ਪੁਲਿਸ ਨੇ ਸਾਰਥਕ ਦਖ਼ਲ ਨਾ ਦਿੱਤਾ ਹੁੰਦਾ ਤਾਂ ਇਹ ਹਿੰਸਾ ਵੀ ਹੋ ਸਕਦੀ ਸੀ। ਇਸ ਘਟਨਾ ਦੇ ਵਾਪਰਨ ਤੋਂ ਬਾਅਦ ਭਾਰਤ ਸਰਕਾਰ ਵੱਲੋਂ ਕੋਈ ਚੱਜ ਦਾ ਬਿਆਨ ਤੱਕ ਨਹੀਂ ਸਰਿਆ। ਇਹ ਵਰਤਾਰਾ ਦਰਸਾਉਂਦਾ ਹੈ ਕਿ ਕੇਂਦਰ ਦੀ ਭਾਜਪਾ ਸਰਕਾਰ ਭਾਰਤ ਵਿੱਚ ਵੱਸਦੀਆਂ ਧਾਰਮਿਕ ਘੱਟਗਿਣਤੀਆਂ ਨੂੰ ਆਪਣੇ ਸ਼ਹਿਰੀ ਨਹੀਂ ਸਮਝਦੀ।

ਲਗਪਗ ਇਸੇ ਕਿਸਮ ਦੀ ਹਾਲਤ ਪਾਕਿਸਤਾਨ ਵਿੱਚ ਹੈ। ਇੱਕ ਖਾਸ ਬਹੁਗਿਣਤੀ ਦੇ ਆਧਾਰ 'ਤੇ ਬਣੀਆਂ ਸੰਸਾਰ ਦੀਆਂ ਸਾਰੀਆਂ ਹੀ ਕੌਮੀ ਸਟੇਟਾਂ ਵਿੱਚ ਧਾਰਮਿਕ ਨਸਲੀ ਘੱਟਗਿਣਤੀਆਂ ਦਾ ਮਸਲਾ ਇੱਕ ਸਿਆਸੀ ਗੁੰਝਲ ਬਣਿਆ ਹੋਇਆ ਹੈ। ਦੁਨੀਆਂ ਦੇ ਵੱਡੇ ਮੁਲਕਾਂ- ਖਾਸ ਕਰਕੇ ਅਮਰੀਕਾ, ਭਾਰਤ, ਇੰਗਲੈਂਡ, ਜਰਮਨੀ, ਇਟਲੀ ਅਤੇ ਰੂਸ ਜਿਹੇ ਮੁਲਕਾਂ ਵਿੱਚ ਸਰਕਾਰਾਂ ਦੀ ਸੌੜੀ ਸੋਚ ਨੇ ਆਪੋ-ਆਪਣੇ ਮੁਲਕਾਂ ਵਿੱਚ ਧਾਰਮਿਕ ਘੱਟਗਿਣਤੀਆਂ ਦਾ ਜੀਣਾ-ਥੀਣਾ ਹੋਰ ਮੁਹਾਲ ਕੀਤਾ ਹੋਇਆ ਹੈ। ਆਰਥਕ ਤੌਰ 'ਤੇ ਇੱਕ-ਦੂਜੇ ਨਾਲ ਪੀਡੀ ਤਰ੍ਹਾਂ ਬੱਝ ਗਏ ਸੰਸਾਰ ਨੇ ਸ਼ਾਇਦ ਇੱਕ-ਦੂਜੇ ਦੀ ਵੱਖਰੀ ਹੋਂਦ ਹਸਤੀ ਨੂੰ ਸਵੀਕਾਰ ਕਰਨਾ ਹਾਲੇ ਸਿੱਖਣਾ ਹੈ। ਬਿਲਕੁਲ ਇਹੋ ਦੌਰ ਹੈ, ਜਿੱਥੇ ਗੁਰੂ ਗ੍ਰੰਥ ਸਾਹਿਬ ਵਿੱਚ ਮੌਜੂਦ ਵੰਨ-ਸੁਵੰਨਤਾ ਨੂੰ ਇੱਕ ਆਦਰਸ਼ ਵਜੋਂ ਪੇਸ਼ ਕੀਤਾ ਜਾ ਸਕਦਾ ਹੈ।

## ਇਜ਼ਰਾਈਲ ਵਿਰੁੱਧ ਇਕਜੁਟ ਹੋਏ 21 ਮੁਸਲਿਮ ਮੁਲਕ

ਇੱਕ ਮਖੌਲ ਵਾਲੀ ਗੱਲ ਬਣ ਗਿਆ।

**ਸੋਮਾਲੀਲੈਂਡ ਤੇ ਸੋਮਾਲੀਆ ਵਿਚਾਲੇ ਮੁੱਖ ਵਿਵਾਦ**

ਸੋਮਾਲੀਲੈਂਡ ਅਤੇ ਸੋਮਾਲੀਆ ਵਿਚਕਾਰ ਮੁੱਖ ਵਿਵਾਦ ਸੋਮਾਲੀਲੈਂਡ ਦੀ ਆਜ਼ਾਦੀ ਅਤੇ ਵੱਖਰੇਪਣ ਨਾਲ ਜੁੜਿਆ ਹੈ। ਸੋਮਾਲੀਲੈਂਡ (ਉੱਤਰ-ਪੱਛਮੀ ਖੇਤਰ) ਨੇ 1991 ਵਿੱਚ ਆਪਣੇ ਆਪ ਨੂੰ ਸੁਤੰਤਰ ਗਣਰਾਜ ਦੱਸਿਆ, ਪਰ ਸੋਮਾਲੀਆ ਇਸ ਨੂੰ ਆਪਣਾ ਅਟੁੱਟ ਅੰਗ ਮੰਨਦਾ ਹੈ ਅਤੇ ਕਿਸੇ ਵੀ ਵੱਖਰੇਪਣ ਨੂੰ ਨਹੀਂ ਮੰਨਦਾ। ਸੋਮਾਲੀਆ ਦਾ ਕਹਿਣਾ ਹੈ ਕਿ ਇਹ ਖੇਤਰ ਉਸ ਦੀ ਰਾਸ਼ਟਰੀ ਅਖੰਡਤਾ ਦਾ ਹਿੱਸਾ ਹੈ। ਇਸ ਵਿਵਾਦ ਨੇ ਅਫ਼ਰੀਕਾ ਵਿੱਚ ਤਣਾਅ ਵਧਾਇਆ ਹੈ ਅਤੇ ਹੁਣ ਇਜ਼ਰਾਈਲ ਦੇ ਫ਼ੈਸਲੇ ਨਾਲ ਇਹ ਅੰਤਰਰਾਸ਼ਟਰੀ ਪੱਧਰ 'ਤੇ ਪਹੁੰਚ ਗਿਆ ਹੈ।

**ਹੋਰ ਅੰਤਰਰਾਸ਼ਟਰੀ ਪ੍ਰਤੀਕਿਰਿਆਵਾਂ ਤੇ ਨਤੀਜੇ**

ਅਬਰਾਹਮ ਅਕਾਰਡਸ ਨਾਲ ਜੁੜੇ ਦੇਸ਼ਾਂ ਜਿਵੇਂ ਯੂ.ਏ.ਈ. ਅਤੇ ਬਹਰੀਨ ਨੇ ਇਸ ਬਿਆਨ ਵਿੱਚ ਹਿੱਸਾ ਨਹੀਂ ਲਿਆ, ਜੋ ਇਜ਼ਰਾਈਲ ਨਾਲ ਉਨ੍ਹਾਂ ਦੇ ਸੰਬੰਧਾਂ ਨੂੰ ਦਰਸਾਉਂਦਾ ਹੈ। ਯੂਰਪੀਅਨ ਯੂਨੀਅਨ ਨੇ ਸੋਮਾਲੀਆ ਦਾ ਸਮਰਥਨ ਕੀਤਾ ਅਤੇ ਸ਼ਾਂਤੀ ਦੀ ਅਪੀਲ ਕੀਤੀ। ਅਮਰੀਕਾ ਨੇ ਅਜੇ ਤੱਕ ਕੋਈ ਫ਼ੈਸਲਾ ਨਹੀਂ ਕੀਤਾ, ਪਰ ਟਰੰਪ ਦੇ ਬਿਆਨ ਨੇ ਵਿਵਾਦ ਵਧਾਇਆ ਹੈ। ਇਸ ਫ਼ੈਸਲੇ ਨਾਲ ਅਫ਼ਰੀਕਾ ਵਿੱਚ ਨਵੇਂ ਗਠਜੋੜ ਬਣ ਸਕਦੇ ਹਨ, ਪਰ ਇਹ ਲਾਲ ਸਾਗਰ ਵਿੱਚ ਤਣਾਅ ਵਧਾ ਸਕਦਾ ਹੈ, ਜਿੱਥੇ ਈਰਾਨ ਅਤੇ ਹੂਥੀ ਵਰਗੇ ਗਰੁੱਪਾਂ ਨਾਲ ਝੜੱਪਾਂ ਹੋ ਰਹੀਆਂ ਨੇ।

ਇਹ ਘਟਨਾ ਅੰਤਰਰਾਸ਼ਟਰੀ ਕਾਨੂੰਨ ਅਤੇ ਸੰਪ੍ਰਭੂਤਾ ਦੇ ਮੁੱਦਿਆਂ ਨੂੰ ਉਜਾਗਰ ਕਰਦੀ ਹੈ। ਸੋਮਾਲੀਲੈਂਡ ਲਈ ਇਹ ਇੱਕ ਵੱਡੀ ਜਿੱਤ ਹੈ, ਪਰ ਸੋਮਾਲੀਆ ਅਤੇ ਮੁਸਲਿਮ ਦੁਨੀਆਂ ਲਈ ਚੁਣੌਤੀ। ਭਵਿੱਖ ਵਿੱਚ ਯੂ.ਐੱਨ. ਵਿੱਚ ਇਸ ਬਾਰੇ ਬਹਿਸ ਹੋ ਸਕਦੀ ਹੈ, ਜਿੱਥੇ ਅਫ਼ਰੀਕੀ ਯੂਨੀਅਨ ਅਤੇ ਓ.ਆਈ.ਸੀ. ਮਜਬੂਤ ਆਵਾਜ਼ ਉਠਾਉਣਗੇ। ਇਸ ਨਾਲ ਨਾ ਸਿਰਫ਼ ਅਫ਼ਰੀਕੀ ਮਹਾਂਦੀਪ ਵਿੱਚ ਤਣਾਅ ਵਧੇਗਾ, ਸਗੋਂ ਮੱਧ ਪੂਰਬ ਅਤੇ ਅਫ਼ਰੀਕਾ ਵਿਚਕਾਰ ਸੰਬੰਧ ਵੀ ਪ੍ਰਭਾਵਿਤ ਹੋਣਗੇ।

Prepare for Tomorrow Now With Comprehensive Retirement Planning

■Annuities ■Life Insurance ■Long-Term Care
■Medicare Planning ■Disability Income

FUTURITY FIRST
Retirement | Life | Health



Call Gurpreet Singh
Retirement and Insurance Advisor
Cell: 630-677-6144
Email: Preetisingh@ffig.com

Futurity First Insurance Group

# ਪ੍ਰਤਿਭਾ ਦੀ ਹਿਜਰਤ: 'ਬ੍ਰੇਨ ਗੇਨ' ਜਾਂ 'ਬ੍ਰੇਨ ਡਰੇਨ'?

***5 ਹਜ਼ਾਰ ਡਾਕਟਰਾਂ, 11 ਹਜ਼ਾਰ ਇੰਜੀਨੀਅਰਾਂ ਅਤੇ 13 ਹਜ਼ਾਰ ਅਕਾਊਂਟੈਂਟਾਂ ਨੇ ਛੱਡਿਆ ਪਾਕਿਸਤਾਨ**

**ਪੰਜਾਬੀ ਪਰਵਾਜ਼ ਬਿਊਰੋ**

ਕਿਸੇ ਵੀ ਦੇਸ਼ ਦੀ ਅਸਲੀ ਤਾਕਤ ਉਸ ਦੇ ਟੈਂਕਾਂ, ਮਿਜ਼ਾਈਲਾਂ ਜਾਂ ਭਾਸ਼ਣਾਂ ਵਿੱਚ ਨਹੀਂ ਹੁੰਦੀ ਬਲਕਿ ਉਹ ਲੋਕ ਹੁੰਦੇ ਹਨ, ਜੋ ਹਸਪਤਾਲ ਚਲਾਉਂਦੇ ਹਨ, ਪੁਲ ਬਣਾਉਂਦੇ ਹਨ, ਉਦਯੋਗ ਖੜ੍ਹੇ ਕਰਦੇ ਹਨ ਅਤੇ ਭਵਿੱਖ ਦੀ ਤਕਨੀਕ 'ਤੇ ਕੰਮ ਕਰਦੇ ਹਨ। ਪਰ ਜਦੋਂ ਇਹ ਲੋਕ ਵੱਡੀ ਗਿਣਤੀ ਵਿੱਚ ਦੇਸ਼ ਛੱਡਣ ਲੱਗ ਜਾਣ, ਤਾਂ ਇਹ ਸਿਰਫ਼ ਹਿਜਰਤ ਨਹੀਂ, ਸਗੋਂ ਸਿਸਟਮ ਦੀ ਅਸਫਲਤਾ ਦਾ ਸੰਕੇਤ ਹੁੰਦਾ ਹੈ। ਪਾਕਿਸਤਾਨ ਲਈ ਇਹ ਪ੍ਰਤਿਭਾ ਦੀ ਹਿਜਰਤ ਇੱਕ ਚੇਤਾਵਨੀ ਨਹੀਂ ਸਗੋਂ ਇੱਕ ਵੱਡਾ ਨੁਕਸਾਨ ਹੈ। ਪਾਕਿਸਤਾਨ ਆਪਣੇ ਇਤਿਹਾਸ ਦੇ ਸਭ ਤੋਂ ਗੰਭੀਰ 'ਬ੍ਰੇਨ ਡਰੇਨ' (ਮਾਨਸਿਕ ਹਿਜਰਤ) ਦੇ ਦੌਰ ਵਿੱਚੋਂ ਲੰਘ ਰਿਹਾ ਹੈ। ਇਸ ਖੁਲਾਸੇ ਤੋਂ ਬਾਅਦ ਪਾਕਿਸਤਾਨੀ ਸੋਸ਼ਲ ਮੀਡੀਆ 'ਤੇ ਸਰਕਾਰ ਦਾ ਮਜ਼ਾਕ ਉਡਾਇਆ ਜਾ ਰਿਹਾ ਹੈ ਅਤੇ ਫੌਜ ਦੇ ਮੁਖੀ ਅਸੀਮ ਮੁਨੀਰ ਨੂੰ ਵੀ ਨਿਸ਼ਾਨਾ ਬਣਾਇਆ ਜਾ ਰਿਹਾ ਹੈ। ਉਨ੍ਹਾਂ ਨੇ ਕੁਝ ਸਮਾਂ ਪਹਿਲਾਂ ਇਸ ਵੱਡੀ ਹਿਜਰਤ ਨੂੰ 'ਬ੍ਰੇਨ ਗੇਨ' (ਮਾਨਸਿਕ ਲਾਭ) ਕਿਹਾ ਸੀ।



ਸਰਕਾਰੀ ਅੰਕੜਿਆਂ ਮੁਤਾਬਕ ਪਿਛਲੇ 24 ਮਹੀਨਿਆਂ ਵਿੱਚ (ਜਨਵਰੀ 2024 ਤੋਂ ਦਸੰਬਰ 2025 ਤੱਕ) ਪਾਕਿਸਤਾਨ ਨੇ ਲਗਭਗ 5,000 ਡਾਕਟਰਾਂ, 11,000 ਇੰਜੀਨੀਅਰਾਂ ਅਤੇ 13,000 ਅਕਾਊਂਟੈਂਟਾਂ ਨੂੰ ਗੁਆਇਆ ਹੈ। ਅਗਸਤ 2025 ਵਿੱਚ ਅਮਰੀਕਾ ਦੌਰੇ ਦੌਰਾਨ ਵਿਦੇਸ਼ ਵੱਲ ਹਿਜਰਤ ਕਰਨ ਵਾਲੇ ਪਾਕਿਸਤਾਨੀਆਂ ਨੂੰ ਸੰਬੋਧਨ ਕਰਦੇ ਹੋਏ ਅਸੀਮ ਮੁਨੀਰ ਨੇ ਕਿਹਾ ਸੀ ਕਿ ਵਿਦੇਸ਼ ਜਾਣਾ 'ਬ੍ਰੇਨ ਡਰੇਨ ਨਹੀਂ, ਬਲਕਿ ਬ੍ਰੇਨ ਗੇਨ ਹੈ।' ਕਿਉਂਕਿ ਵਿਦੇਸ਼ ਵੱਲ ਹਿਜਰਤ ਕਰਨ ਵਾਲੇ ਪਾਕਿਸਤਾਨੀ ਰੈਮਿਟੈਂਸ (ਵਿਦੇਸ਼ਾਂ ਤੋਂ ਭੇਜੇ ਪੈਸੇ) ਭੇਜਦੇ ਹਨ ਅਤੇ ਦੇਸ਼ ਦਾ ਨਾਮ ਰੌਸ਼ਨ ਕਰਦੇ ਹਨ। ਇਹ ਬਿਆਨ ਸੁਣਨ ਵਿੱਚ ਚੰਗਾ ਲੱਗਦਾ ਹੈ, ਪਰ ਆਲੋਚਕਾਂ ਅਨੁਸਾਰ ਇਹ ਅਸਲੀਅਤ ਤੋਂ ਧਿਆਨ ਹਟਾਉਣ ਦੀ ਕੋਸ਼ਿਸ਼ ਹੈ। 'ਐਕਸਪ੍ਰੈੱਸ ਟ੍ਰਿਬਿਊਨ' ਨੇ ਆਪਣੀ ਇੱਕ ਤਾਜ਼ਾ ਰਿਪੋਰਟ ਵਿੱਚ ਲਿਖਿਆ, "ਜਿਵੇਂ-ਜਿਵੇਂ ਪਾਕਿਸਤਾਨ 2026 ਵਿੱਚ ਦਾਖਲ ਹੋ ਰਿਹਾ ਹੈ, 'ਐਕਸੋਡਸ ਆਫ਼ 2025' (2025 ਦੀ ਵੱਡੀ ਹਿਜਰਤ) ਇਸ ਦੌਰ ਦੀ ਮੁੱਖ ਨਿਸ਼ਾਨੀ ਬਣ ਗਿਆ ਹੈ। ਪਾਕਿਸਤਾਨ ਇੱਕ 'ਬ੍ਰੇਨ ਡਰੇਨ ਇਕਾਨਮੀ' ਵਿੱਚ ਬਦਲ ਚੁੱਕਾ ਹੈ, ਜੋ ਆਪਣੇ ਭਵਿੱਖ ਨੂੰ ਬਣਾਉਣ ਲਈ ਜਿਨ੍ਹਾਂ ਲੋਕਾਂ ਦੀ ਲੋੜ ਹੈ, ਉਨ੍ਹਾਂ ਨੂੰ ਹੀ ਵੇਚ ਰਿਹਾ ਹੈ।"

### ਮੁਨੀਰ 'ਤੇ ਪਾਕਿਸਤਾਨੀ ਲੋਕਾਂ ਦਾ ਵਿਅੰਗ

ਡਾਕਟਰਾਂ ਅਤੇ ਇੰਜੀਨੀਅਰਾਂ ਦੇ ਵੱਡੇ ਪੈਮਾਨੇ 'ਤੇ ਦੇਸ਼ ਛੱਡਣ ਨਾਲ ਜੁੜੇ ਨਵੇਂ ਅੰਕੜਿਆਂ ਨੇ ਸੋਸ਼ਲ ਮੀਡੀਆ 'ਤੇ ਵਿਅੰਗ ਅਤੇ ਮਖੌਲ ਦੀ ਬਾਰਿਸ਼ ਲਿਆ ਦਿੱਤੀ ਹੈ। ਹੁਣ ਅਸੀਮ ਮੁਨੀਰ ਸੋਸ਼ਲ ਮੀਡੀਆ 'ਤੇ ਮਜ਼ਾਕ ਦਾ ਪਾਤਰ ਬਣ ਗਏ ਹਨ। ਇੱਕ ਯੂਜ਼ਰ ਨੇ ਟਵੀਟ ਕੀਤਾ, "ਇਸ ਜਿਹਨੀ ਮਰੀਜ਼ ਦੇ ਅਨੁਸਾਰ, ਇਹ ਬ੍ਰੇਨ ਗੇਨ ਹੈ।" ਇੱਕ ਹੋਰ ਯੂਜ਼ਰ ਨੇ ਲਿਖਿਆ, "ਉਹ ਇਸ ਨੂੰ 'ਬ੍ਰੇਨ ਗੇਨ' ਕਹਿੰਦੇ ਹਨ...। ਇਨ੍ਹਾਂ ਲੋਕਾਂ ਦੀ ਅਗਿਆਨਤਾ ਇੰਨੀ ਵਧ ਗਈ ਹੈ ਕਿ ਇਹ ਦੇਸ਼ ਨੂੰ ਗੰਭੀਰ ਤਬਾਹੀ ਵੱਲ ਲੈ ਜਾ ਸਕਦੀ ਹੈ, ਪਰ ਫਿਰ ਵੀ ਉਹ ਯਾਹਿਆ ਖਾਨ ਵਾਂਗੂੰ ਗੌਰਵ ਅਤੇ ਆਤਮਵਿਸ਼ਵਾਸ ਨਾਲ ਭਰੇ ਨਜ਼ਰ ਆਉਂਦੇ ਹਨ, ਜਿਵੇਂ ਕੁਝ ਵੀ ਨਾ ਹੋਇਆ ਹੋਵੇ।" ਇੰਟਰਨੈੱਟ ਤੇ #BrainDrainPakistan ਅਤੇ #MockMunir ਹੈਸ਼ਟੈਗ ਟ੍ਰੈਂਡਿੰਗ ਹਨ। ਇੱਕ ਯੂਜ਼ਰ ਨੇ ਲਿਖਿਆ, "ਬ੍ਰੇਨ ਗੇਨ ਨਹੀਂ, ਬ੍ਰੇਨ ਗੋਨ (ਚਲਾ ਗਿਆ) ਹੈ!"

ਇਮਰਾਨ ਖਾਨ ਦੀ ਪਾਰਟੀ ਪਾਕਿਸਤਾਨ ਤਹਿਰੀਕ-ਏ-ਇਨਸਾਫ਼ (ਪੀ.ਟੀ.ਆਈ.) ਦੇ ਸਮਰਥਕ ਸਾਜਿਦ ਸਿਕੰਦਰ ਅਲੀ ਨੇ ਕਿਹਾ ਕਿ ਪਾਕਿਸਤਾਨ ਵਿੱਚ ਬ੍ਰੇਨ ਡਰੇਨ ਕੋਈ ਰਹੱਸ ਨਹੀਂ ਹੈ। ਉਨ੍ਹਾਂ ਨੇ ਟਵੀਟ ਕੀਤਾ, "ਨਾ ਉਦਯੋਗ ਹਨ, ਨਾ ਰਿਸਰਚ ਫੰਡਿੰਗ, ਨਾ ਨੌਕਰੀਆਂ। ਪੀਐੱਚ.ਡੀ. ਵਾਲੇ ਖਾਲੀ ਲੈਬਾਂ ਵਿੱਚ ਵਾਪਸ ਆਉਂਦੇ ਹਨ ਅਤੇ ਪੇਸ਼ੇਵਰ ਬੰਦ ਬਜ਼ਾਰਾਂ ਵਿੱਚ। ਤੁਸੀਂ ਏਅਰਪੋਰਟ 'ਤੇ ਅਪਮਾਨ ਕਰ ਕੇ ਪ੍ਰਤਿਭਾ ਨੂੰ ਨਹੀਂ ਰੋਕ ਸਕਦੇ, ਇਸ ਨੂੰ ਸਿਰਫ਼ ਮੌਕੇ ਪੈਦਾ ਕਰ ਕੇ ਹੀ ਰੋਕਿਆ ਜਾ ਸਕਦਾ ਹੈ।"

### ਕੀ ਦੱਸਦੇ ਨੇ ਪਾਕਿਸਤਾਨੀ ਹਿਜਰਤ ਦੇ ਅੰਕੜੇ?

ਪਾਕਿਸਤਾਨ ਆਪਣੇ ਇਤਿਹਾਸ ਦੇ ਸਭ ਤੋਂ ਵੱਡੇ ਟੈਲੇਂਟ ਐਕਸੋਡਸ (ਪ੍ਰਤਿਭਾ ਹਿਜਰਤ) ਦਾ ਸਾਹਮਣਾ ਕਰ ਰਿਹਾ ਹੈ। ਵਿਗੜਦੀ ਆਰਥਿਕ ਹਾਲਤ ਅਤੇ ਰਾਜਨੀਤਿਕ ਅਸਥਿਰਤਾ ਵਿੱਚ ਪਿਛਲੇ ਦੋ ਸਾਲਾਂ ਵਿੱਚ ਹਜ਼ਾਰਾਂ ਡਾਕਟਰਾਂ, ਇੰਜੀਨੀਅਰਾਂ ਅਤੇ ਅਕਾਊਂਟੈਂਟਾਂ ਨੇ ਦੇਸ਼ ਛੱਡਿਆ ਹੈ। ਹਾਲ ਹੀ ਵਿੱਚ ਆਈ ਇੱਕ ਸਰਕਾਰੀ ਰਿਪੋਰਟ ਨੂੰ ਪਾਕਿਸਤਾਨ ਦੇ ਸਾਬਕਾ ਸੈਨੇਟਰ ਮੁਸਤਫਾ ਨਵਾਜ਼ ਖੋਖਰ ਨੇ ਸਾਹਮਣੇ ਰੱਖਿਆ। ਉਨ੍ਹਾਂ ਨੇ ਟਵੀਟ ਕੀਤਾ, "ਅਰਥਵਿਵਸਥਾ ਨੂੰ ਸੁਧਾਰਨਾ ਹੈ ਤਾਂ ਪਹਿਲਾਂ ਰਾਜਨੀਤੀ ਨੂੰ ਸੁਧਾਰੋ। ਪਾਕਿਸਤਾਨ ਦੁਨੀਆਂ ਦਾ ਚੌਥਾ ਸਭ ਤੋਂ ਵੱਡਾ ਫ੍ਰੀਲਾਂਸਿੰਗ ਹੱਬ ਵੀ ਹੈ, ਪਰ ਇੰਟਰਨੈੱਟ ਸ਼ਟਡਾਊਨ ਨਾਲ 1.62 ਅਰਬ ਡਾਲਰ ਦਾ ਨੁਕਸਾਨ ਹੋਇਆ ਹੈ ਅਤੇ 23.7 ਲੱਖ ਫ੍ਰੀਲਾਂਸ ਨੌਕਰੀਆਂ ਖ਼ਤਰੇ ਵਿੱਚ ਪੈ ਗਈਆਂ ਹਨ।" ਉਨ੍ਹਾਂ ਇਹ ਟਿੱਪਣੀ ਹਿਜਰਤ ਨਾਲ ਜੁੜੇ ਅੰਕੜਿਆਂ ਦੇ ਹਵਾਲੇ ਨਾਲ ਸਾਂਝੀ ਕੀਤੀ।

### ਨਰਸਾਂ ਵੀ ਜਾ ਰਹੀਆਂ ਹਨ ਵਿਦੇਸ਼

ਪਾਕਿਸਤਾਨ ਦੇ ਬਿਊਰੋ ਆਫ਼ ਇਮੀਗ੍ਰੇਸ਼ਨ ਐਂਡ ਓਵਰਸੀਜ਼ ਐਮਪਲਾਇਮੈਂਟ (ਬੀ.ਈ. ਐਂਡ. ਓ.ਈ) ਵੱਲੋਂ ਹਾਲ ਹੀ ਵਿੱਚ ਜਾਰੀ ਅੰਕੜੇ ਹਾਲਾਤ ਦੀ ਗੰਭੀਰ ਤਸਵੀਰ ਪੇਸ਼ ਕਰਦੇ ਹਨ। ਸਾਲ 2024 ਵਿੱਚ 7,27,381 ਪਾਕਿਸਤਾਨੀ ਨਾਗਰਿਕਾਂ ਨੇ ਵਿਦੇਸ਼ ਵਿੱਚ ਨੌਕਰੀ ਲਈ ਰਜਿਸਟ੍ਰੇਸ਼ਨ ਕਰਵਾਈ ਸੀ। ਇਸ ਸਾਲ ਨਵੰਬਰ ਤੱਕ 6,87,246 ਲੋਕ ਇਹ ਕੰਮ ਕਰ ਚੁੱਕੇ ਹਨ। ਚਿੰਤਾ ਵਾਲੀ ਗੱਲ ਇਹ ਹੈ ਕਿ ਇਹ ਹਿਜਰਤ ਹੁਣ ਸਿਰਫ਼ ਖਾੜੀ ਦੇਸ਼ਾਂ ਵਿੱਚ ਮਜ਼ਦੂਰੀ ਕਰਨ ਵਾਲਿਆਂ ਜਾਂ ਗੈਰ-ਕਾਨੂੰਨੀ ਤਰੀਕਿਆਂ ਨਾਲ ਵਿਦੇਸ਼ ਜਾਣ ਵਾਲਿਆਂ ਤੱਕ ਸੀਮਿਤ ਨਹੀਂ ਰਹੀ। ਸਭ ਤੋਂ ਵੱਧ ਅਸਰ ਸਿਹਤ ਖੇਤਰ 'ਤੇ ਪਿਆ ਹੈ। 2011 ਤੋਂ 2024 ਤੱਕ ਪਾਕਿਸਤਾਨ ਵਿੱਚ ਨਰਸਾਂ ਦੇ ਵਿਦੇਸ਼ ਜਾਣ ਦੀ ਗਿਣਤੀ ਵਿੱਚ 2,144 ਫੀਸਦੀ ਦਾ ਹੈਰਾਨੀਜਨਕ ਵਾਧਾ ਰਿਕਾਰਡ ਕੀਤਾ ਗਿਆ। 'ਐਕਸਪ੍ਰੈੱਸ ਟ੍ਰਿਬਿਊਨ' ਅਨੁਸਾਰ 2026 ਦੀ ਸ਼ੁਰੂਆਤ ਤੱਕ ਦੋ ਸਾਲਾਂ ਵਿੱਚ ਦੇਸ਼ ਛੱਡਣ ਵਾਲਿਆਂ ਦੀ ਕੁੱਲ ਗਿਣਤੀ 15 ਲੱਖ ਤੋਂ ਵੱਧ ਹੋ ਸਕਦੀ ਹੈ। ਇਹ ਗਿਣਤੀ ਅੱਗੇ ਵੀ ਜਾਰੀ ਰਹਿ ਸਕਦੀ ਹੈ।

### ਇੰਟਰਨੈੱਟ ਸ਼ਟਡਾਊਨ ਨੇ ਸੰਕਟ ਨੂੰ ਹੋਰ ਵਧਾਇਆ

ਇਸ ਸੰਕਟ ਨੂੰ ਹੋਰ ਗੰਭੀਰ ਬਣਾਉਣ ਵਾਲਾ ਕਾਰਕ 2024 ਅਤੇ 2025 ਵਿੱਚ ਵਾਰ-ਵਾਰ ਹੋਏ ਇੰਟਰਨੈੱਟ ਸ਼ਟਡਾਊਨ ਅਤੇ ਰਾਸ਼ਟਰੀ ਫਾਇਰਵਾਲ ਦੀ ਸ਼ੁਰੂਆਤ ਰਿਹਾ, ਜਿਸ ਨੇ ਪੇਸ਼ੇਵਰਾਂ ਅਨੁਸਾਰ ਡਿਜੀਟਲ ਫ੍ਰਿਕਸ਼ਨ ਨੂੰ ਵਧਾ ਦਿੱਤਾ। ਟੌਪ10 ਵੀ.ਪੀ.ਐੱਨ. ਰਿਸਰਚ ਦੀ ਇੱਕ ਰਿਪੋਰਟ ਅਨੁਸਾਰ ਸਾਲ 2024 ਵਿੱਚ ਇੰਟਰਨੈੱਟ ਬੰਦੀ ਕਾਰਨ ਪਾਕਿਸਤਾਨ ਨੂੰ ਦੁਨੀਆਂ ਵਿੱਚ ਸਭ ਤੋਂ ਵੱਧ ਆਰਥਿਕ ਨੁਕਸਾਨ ਝੱਲਣਾ ਪਿਆ, ਲਗਭਗ 1.62 ਅਰਬ ਡਾਲਰ। ਇਸ ਦੌਰਾਨ ਲਗਭਗ 9,735 ਘੰਟੇ ਇੰਟਰਨੈੱਟ ਪ੍ਰਭਾਵਤ ਰਿਹਾ, ਜਿਸ ਨਾਲ 8.29 ਕਰੋੜ ਯੂਜ਼ਰ ਪ੍ਰਭਾਵਿਤ ਹੋਏ। ਫ੍ਰੀਲਾਂਸਰਾਂ ਨੇ, ਜਿਨ੍ਹਾਂ ਕਾਰਨ ਪਾਕਿਸਤਾਨ ਨੂੰ ਦੁਨੀਆਂ ਦਾ ਚੌਥਾ ਸਭ ਤੋਂ ਵੱਡਾ ਗਿਗ ਵਰਕਫੋਰਸ ਦੇਸ਼ ਮੰਨਿਆ ਜਾਂਦਾ ਹੈ, ਕੰਮ ਦੇ ਮੌਕਿਆਂ ਵਿੱਚ 70 ਫੀਸਦੀ ਤੱਕ ਗਿਰਾਵਟ ਦੀ ਗੱਲ ਕੀਤੀ ਹੈ।

### ਹਵਾਈ ਅੱਡਿਆਂ 'ਤੇ ਵਧਾਈ ਸਖ਼ਤੀ

ਸਫੈਦਪੋਸ਼ ਪੇਸ਼ੇਵਰਾਂ ਦੇ ਅਚਾਨਕ ਵਧਦੀ ਹਿਜਰਤ ਕਾਰਨ ਸ਼ਹਿਬਾਜ਼ ਸ਼ਰੀਫ਼ ਸਰਕਾਰ ਨੇ ਹਵਾਈ ਅੱਡਿਆਂ 'ਤੇ ਸਖ਼ਤੀ ਵਧਾ ਦਿੱਤੀ ਹੈ। ਸਾਲ 2025 ਵਿੱਚ ਹੁਣ ਤੱਕ 66,154 ਯਾਤਰੀਆਂ ਨੂੰ ਪਾਕਿਸਤਾਨੀ ਏਅਰਪੋਰਟਾਂ ਤੋਂ ਆਫਲੋਡ ਕੀਤਾ ਗਿਆ, ਜੋ ਪਿਛਲੇ ਸਾਲ ਨਾਲੋਂ ਲਗਭਗ ਦੁੱਗਣਾ ਹੈ। ਇਹ ਕਦਮ ਤਸਕਰੀ ਅਤੇ ਭੀਖ ਮੰਗਣ ਵਾਲੇ ਗਿਰੋਹਾਂ ਨੂੰ ਲੈ ਕੇ ਵਧਦੀਆਂ ਚਿੰਤਾਵਾਂ ਵਿੱਚ ਚੁੱਕਿਆ ਗਿਆ। ਇਸ ਤੋਂ ਇਲਾਵਾ ਖਾੜੀ ਦੇਸ਼ਾਂ ਅਤੇ ਹੋਰ ਦੇਸ਼ਾਂ ਤੋਂ ਹਜ਼ਾਰਾਂ ਪਾਕਿਸਤਾਨੀਆਂ ਨੂੰ ਭੀਖ ਮੰਗਣ ਅਤੇ ਗੈਰ-ਕਾਨੂੰਨੀ ਹਿਜਰਤ ਦੇ ਦੋਸ਼ ਵਿੱਚ ਵਾਪਸ ਭੇਜਿਆ ਗਿਆ। ਕੁੱਲ ਮਿਲਾ ਕੇ, ਪਾਕਿਸਤਾਨ ਵਿੱਚ ਸਿਰਫ਼ ਹੁਨਰਮੰਦ ਪੇਸ਼ੇਵਰਾਂ ਦੀ ਕਮੀ ਹੀ ਨਹੀਂ ਵਧ ਰਹੀ, ਬਲਕਿ ਅਸੀਮ ਮੁਨੀਰ ਵਰਗੇ ਨੇਤਾਵਾਂ ਦੀ ਬਿਆਨਬਾਜ਼ੀ ਅਤੇ ਦੇਸ਼ ਦੀ ਜ਼ਮੀਨੀ ਹਕੀਕਤ ਵਿਚਕਾਰ ਦੀ ਖਾਈ ਵੀ ਲਗਾਤਾਰ ਡੂੰਘੀ ਹੋ ਰਹੀ ਹੈ।

### ਅਸੀਮ ਮੁਨੀਰ ਦਾ 'ਬ੍ਰੇਨ ਗੇਨ' ਦਾਅਵਾ

ਪਾਕਿਸਤਾਨ ਦੀ ਇਸ ਗੰਭੀਰ ਹਾਲਤ ਨੇ ਅਮਰੀਕਾ ਯਾਤਰਾ ਦੌਰਾਨ ਅਸੀਮ ਮੁਨੀਰ ਦੇ ਬ੍ਰੇਨ ਗੇਨ ਵਾਲੇ ਬਿਆਨ ਨੇ ਫਿਰ ਧਿਆਨ ਖਿੱਚਿਆ ਹੈ। ਵਿਦੇਸ਼ ਵੱਲ ਹਿਜਰਤ ਕਰਨ ਵਾਲੇ ਪਾਕਿਸਤਾਨੀਆਂ ਨੂੰ ਸੰਬੋਧਨ ਕਰਦੇ ਹੋਏ ਮੁਨੀਰ ਨੇ ਉਨ੍ਹਾਂ ਨੂੰ ਗੌਰਵ ਅਤੇ ਸਨਮਾਨ ਦਾ ਸਰੋਤ ਕਿਹਾ ਸੀ ਅਤੇ 'ਬ੍ਰੇਨ ਡਰੇਨ' ਦੀ ਧਾਰਨਾ ਨੂੰ ਖਾਰਜ ਕਰਦੇ ਹੋਏ ਇਸ ਨੂੰ 'ਬ੍ਰੇਨ ਗੇਨ' ਕਿਹਾ ਸੀ। ਇੱਕ ਐਕਸ ਯੂਜ਼ਰ ਨੇ ਲਿਖਿਆ ਕਿ ਇਹ ਪਾਕਿਸਤਾਨ ਤੋਂ ਬਾਹਰ ਜਾਣ ਵਾਲਿਆਂ ਦੇ ਅਧਿਕਾਰਕ ਅੰਕੜੇ ਹਨ। 2022 ਤੋਂ 'ਹਾਈਲੀ ਕੁਆਲੀਫਾਈਡ' ਤੇ 'ਹਾਈਲੀ ਸਕਿਲਡ' ਕਾਲਮ ਦੇ ਅੰਕੜੇ ਵੇਖੋ। ਫੀਲਡ ਮਾਰਸ਼ਲ ਅਸੀਮ ਮੁਨੀਰ ਦੇ ਅਨੁਸਾਰ ਇਹ ਹੀ 'ਬ੍ਰੇਨ ਗੇਨ' ਹੈ। ਇੱਕ ਯੂਜ਼ਰ ਨੇ ਕਿਹਾ ਕਿ ਹੈਰਾਨੀਜਨਕ ਬ੍ਰੇਨ ਡਰੇਨ ਜਾਰੀ ਹੈ। ਜਿਸ ਨੂੰ ਵੀ ਵਿਦੇਸ਼ ਵਿੱਚ ਨੌਕਰੀ ਮਿਲ ਸਕਦੀ ਹੈ, ਉਹ ਜਾ ਰਿਹਾ ਹੈ। ਇਸ ਨਾਲ ਪਾਕਿਸਤਾਨ ਘੱਟੋ-ਘੱਟ ਇੱਕ ਦਹਾਕਾ ਪਿੱਛੇ ਚਲਾ ਜਾਵੇਗਾ। ਇਹ ਬੇਹੱਦ ਖ਼ਰਾਬ ਨੀਤੀਗਤ ਸੋਚ ਦਾ ਨਤੀਜਾ ਹੈ।

### ਵਿਸ਼ਵ ਪੱਧਰੀ ਤੁਲਨਾ

ਵਿਸ਼ਵ ਬੈਂਕ ਦੀ 2025 ਰਿਪੋਰਟ ਅਨੁਸਾਰ ਪਾਕਿਸਤਾਨ ਬ੍ਰੇਨ ਡਰੇਨ ਵਾਲੇ ਦੇਸ਼ਾਂ ਵਿੱਚ ਅੱਗੇ ਹੈ। ਭਾਰਤ ਵਿੱਚ ਵੀ ਬ੍ਰੇਨ ਡਰੇਨ ਹੈ, ਪਰ ਉੱਥੇ ਵਾਪਸ ਆਉਣ ਵਾਲੇ ਪੇਸ਼ੇਵਰ ਵੱਧ ਹਨ। ਲਿਬਨਾਨ ਅਤੇ ਵੈਨੇਜ਼ੂਏਲਾ ਵਰਗੇ ਦੇਸ਼ਾਂ ਵਿੱਚ ਵੀ ਇਹ ਸਮੱਸਿਆ ਹੈ, ਪਰ ਪਾਕਿਸਤਾਨ ਵਿੱਚ ਇਹ ਰਫ਼ਤਾਰ ਨਾਲ ਵਧ ਰਹੀ ਹੈ। ਯੂ.ਐੱਨ. ਦੇ ਅੰਕੜਿਆਂ ਅਨੁਸਾਰ 2025 ਵਿੱਚ ਦੱਖਣੀ ਏਸ਼ੀਆ ਵਿੱਚ ਪਾਕਿਸਤਾਨੀ ਪਲੈਟਫਾਰਮ ਵਰਕਰਾਂ ਦੀ ਗਿਣਤੀ 20 ਫੀਸਦੀ ਵਧੀ ਹੈ, ਜੋ ਉਨ੍ਹਾਂ ਨੂੰ ਵਿਦੇਸ਼ੀ ਕੰਪਨੀਆਂ ਵੱਲ ਖਿੱਚ ਰਹੀ ਹੈ।

ਸੋਸ਼ਲ ਮੀਡੀਆ 'ਤੇ ਪਾਕਿਸਤਾਨੀ ਲੋਕ ਆਪਣੀ ਸਰਕਾਰ ਨੂੰ ਜ਼ਿੰਮੇਵਾਰ ਠਹਿਰਾਅ ਰਹੇ ਹਨ। ਉਹ ਕਹਿ ਰਹੇ ਹਨ ਕਿ 'ਹਾਰਡ ਸਟੇਟ' (ਸਖ਼ਤ ਰਾਜ) ਅਤੇ ਭ੍ਰਿਸ਼ਟਾਚਾਰ ਨੇ ਲੋਕਾਂ ਨੂੰ ਭਜਾਇਆ ਹੈ। ਕਈ ਯੰਗ ਇੰਜੀਨੀਅਰਾਂ ਨੇ ਟਵੀਟ ਕੀਤਾ ਹੈ ਕਿ 'ਪਾਕਿਸਤਾਨ ਵਿੱਚ ਨੌਕਰੀ ਨਹੀਂ, ਤਾਂ ਵਿਦੇਸ਼ ਜਾਣਾ ਪੈਂਦਾ ਹੈ।'

### ਹੱਲ ਕੀ ਹੈ?

ਇਸ ਸੰਕਟ ਨੂੰ ਰੋਕਣ ਲਈ ਪਾਕਿਸਤਾਨ ਸਰਕਾਰ ਨੂੰ ਤੁਰੰਤ ਕਦਮ ਚੁੱਕਣੇ ਚਾਹੀਦੇ ਹਨ। ਪਹਿਲਾਂ ਤਾਂ ਤਨਖ਼ਾਹਾਂ ਵਧਾਈਆਂ ਜਾਣ, ਨੌਕਰੀਆਂ ਵਧਾਈਆਂ ਜਾਣ ਅਤੇ ਬੁਨਿਆਦੀ ਸਹੂਲਤਾਂ ਸੁਧਾਰੀਆਂ ਜਾਣ। ਡਾਕਟਰਾਂ ਲਈ ਹਸਪਤਾਲਾਂ ਵਿੱਚ ਨਵੇਂ ਯੰਤਰ ਲਿਆਉਣੇ ਚਾਹੀਦੇ ਹਨ। ਇੰਜੀਨੀਅਰਾਂ ਲਈ ਵੱਡੇ ਪ੍ਰੋਜੈਕਟ ਸ਼ੁਰੂ ਕਰਨੇ ਚਾਹੀਦੇ ਹਨ। ਅਕਾਊਂਟੈਂਟਾਂ ਲਈ ਟੈਕਸ ਵਿਵਸਥਾ ਨੂੰ ਆਧੁਨਿਕ ਬਣਾਇਆ ਜਾਵੇ। ਨਾਲ ਹੀ, ਵਿਦੇਸ਼ਾਂ ਵਿੱਚ ਰਹਿੰਦੇ ਪਾਕਿਸਤਾਨੀਆਂ ਨੂੰ ਵਾਪਸ ਬੁਲਾਉਣ ਲਈ ਇਨਸੈਂਟਿਵ ਦੇਣੇ ਚਾਹੀਦੇ ਹਨ, ਜਿਵੇਂ ਘਰ 'ਚ ਨੌਕਰੀ ਤੇ ਟੈਕਸ ਛੋਟ।

ਜੇਕਰ ਇਹ ਨਾ ਹੋਇਆ, ਤਾਂ ਪਾਕਿਸਤਾਨ ਦਾ ਵਿਕਾਸ ਰੁਕ ਜਾਵੇਗਾ। ਇਹ ਸੰਕਟ ਨਾ ਸਿਰਫ਼ ਆਰਥਿਕ ਹੈ, ਸਗੋਂ ਸਮਾਜਿਕ ਵੀ ਹੈ। ਲੋਕਾਂ ਨੂੰ ਆਪਣੇ ਮੁਲਕ ਵਿੱਚ ਰਹਿਣ ਲਈ ਉਮੀਦ ਦੇਣੀ ਪਵੇਗੀ। ਅੰਤ ਵਿੱਚ, ਇਹ ਰਿਪੋਰਟ ਇੱਕ ਚੇਤਾਵਨੀ ਹੈ ਕਿ ਪਾਕਿਸਤਾਨ ਨੂੰ ਹੁਣ ਜਾਗਣਾ ਹੀ ਪਵੇਗਾ, ਨਹੀਂ ਤਾਂ ਇਹ ਬ੍ਰੇਨ ਡਰੇਨ ਇੱਕ ਵੱਡੀ ਤਬਾਹੀ ਲਿਆਵੇਗਾ।

Hiring Local & Midwest Drivers and Dedicated Lanes & Owner Operators



NT corp
4800 Vernon Ave,
Ste. C,
McCook, IL 60525
Ph: 847-562-5860 ext. 1003
Fax: 847-897-2660

Premium Truck & Trailer Tires
We also provide installation services
ਅਸੀਂ ਇੰਸਟਾਲੇਸ਼ਨ ਸੇਵਾਵਾਂ ਵੀ ਪ੍ਰਦਾਨ ਕਰਦੇ ਹਾਂ



HT HAMPSHIRE TIRES
ਟਰੱਕਾਂ ਅਤੇ ਟਰਾਲਿਆਂ ਲਈ
ਵਧੀਆ ਕਿਸਮ ਦੇ ਟਾਇਰ
ਲੈਣ ਲਈ ਸੰਪਰਕ ਕਰੋ
*ਹੈਂਪਸ਼ਾਇਰ ਟਾਇਰਜ਼* *ਭਰੋਸੇਮੰਦ ਅਤੇ ਹੰਢਣਸਾਰ*
Hampshire Tires
235 Industrial Dr., Hampshire, IL 60140
Ph: 847-556-9996
Email: info@hampshiretires.com www.hampshiretires.com

# ਸਮੁੱਚੇ ਭਾਈਚਾਰੇ ਨੂੰ ਨਵਾਂ ਸਾਲ 2026 ਮੁਬਾਰਕ !

## ਗੁਰੂ ਤੇਗ ਬਹਾਦਰ ਜੀ ਦੀਆਂ ਅੱਖਾਂ ਦੇ ਤਾਰੇ ਅਤੇ ਮਾਤਾ ਗੁਜਰੀ ਜੀ ਦੇ ਰਾਜ ਦੁਲਾਰੇ ਗੁਰੂ ਗੋਬਿੰਦ ਸਿੰਘ ਜੀ ਦੇ ਜਨਮ ਦਿਹਾੜੇ ਦੀ

# ਲੱਖ ਲੱਖ ਵਧਾਈ ਹੋਵੇ



ਦਸਮੇਸ਼ ਪਿਤਾ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ

# ਲੰਗਰ ਦੀ ਸੇਵਾ

**11 ਜਨਵਰੀ 2026 (ਐਤਵਾਰ)**

**ਗੁਰਦੁਆਰਾ ਸਾਹਿਬ ਪੈਲਾਟਾਈਨ**

**1280 Winnetka St, Palatine, IL 60067**

(ਗੁਰੂ ਮਹਾਰਾਜ ਦੀ ਕਿਰਪਾ ਨਾਲ ਪਿਛਲੇ 9 ਸਾਲਾਂ ਤੋਂ ਹਰ ਸਾਲ ਗੁਰਪੁਰਬ ਮੌਕੇ ਕਲੱਬ ਵੱਲੋਂ ਲੰਗਰ ਦੀ ਸੇਵਾ ਜਾਰੀ ਹੈ। ਇਸ ਮੌਕੇ ਗੁਰੂ ਘਰ ਵਿਖੇ ਵਿਸ਼ੇਸ਼ ਸਮਾਗਮ ਹੋਣਗੇ। ਸੰਗਤ ਨੂੰ ਹੁੰਮ-ਹੁਮਾ ਕੇ ਪਹੁੰਚਣ ਦੀ ਬੇਨਤੀ ਹੈ ਜੀ)



## ਸ਼ਹੀਦ ਭਗਤ ਸਿੰਘ ਸਪੋਰਟਸ ਕਲੱਬ, ਸ਼ਿਕਾਗੋ (USA)

ਸਮੂਹ ਕਲੱਬ ਮੈਂਬਰ ਅਤੇ ਸਹਿਯੋਗੀ ਸੇਵਾਦਾਰ

ਸੁਸ਼ੀਲ ਦੁਸਾਂਝ
ਫੋਨ:+91-9888799870

# ਯੂਨੀਵਰਸਿਟੀਆਂ ਵਿਚਲੇ ਰੇਗਿਸਤਾਨ...

## ਬੂੰਦ-ਬੂੰਦ ਨੂੰ ਤਰਸ ਰਹੇ ਨੇ ਪੇਂਡੂ ਵਿਦਿਆਰਥੀ

ਪੰਜਾਬ ਵਿੱਚ ਪੇਂਡੂ ਵਿਦਿਆਰਥੀਆਂ ਲਈ ਯੂਨੀਵਰਸਿਟੀਆਂ ਦੇ ਦਰਵਾਜ਼ੇ ਲਗਪਗ ਬੰਦ ਹੋ ਗਏ ਹਨ। ਇਹ ਅਸੀਂ ਨਹੀਂ ਕਹਿ ਰਹੇ, ਸਗੋਂ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੀ ਇੱਕ ਸਰਵੇ ਰਿਪੋਰਟ ਖੁੱਲ੍ਹ ਕੇ ਇਹ ਸੱਚਾਈ ਬੋਲ ਰਹੀ ਹੈ। ਇਸ ਰਿਪੋਰਟ ਦਾ ਸਾਰ ਤੱਤ ਇਹ ਹੀ ਹੈ ਕਿ ਪੇਂਡੂ ਵਿਦਿਆਰਥੀਆਂ ਅਤੇ ਪੰਜਾਬ ਦੀਆਂ ਚਾਰਾਂ ਮੁੱਖ ਯੂਨੀਵਰਸਿਟੀਆਂ- ਪੰਜਾਬੀ ਯੂਨੀਵਰਸਿਟੀ ਪਟਿਆਲਾ, ਪੰਜਾਬ ਯੂਨੀਵਰਸਿਟੀ ਚੰਡੀਗੜ੍ਹ, ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਅਤੇ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਵਿਚਕਾਰ ਆਪਸੀ ਤੰਦ ਲਗਪਗ ਟੁੱਟ ਗਈ ਹੈ। ਰਿਪੋਰਟ ਮੁਤਾਬਕ ਪਿਛਲੇ ਵਰ੍ਹੇ ਪੰਜਾਬ ਦੀ 66 ਫੀਸਦੀ ਪੇਂਡੂ ਅਬਾਦੀ ਵਿੱਚੋਂ ਸਿਰਫ਼ 4 ਫੀਸਦੀ ਵਿਦਿਆਰਥੀ ਹੀ ਉਚੇਰੀ ਸਿੱਖਿਆ ਲਈ ਪੰਜਾਬ ਦੇ ਵਿਸ਼ਵ ਵਿਦਿਆਲਿਆਂ ਵਿੱਚ ਪਹੁੰਚੇ।

ਇਹ ਅੰਕੜੇ ਨਾ ਸਿਰਫ਼ ਚਿੰਤਾਜਨਕ ਹਨ, ਸਗੋਂ ਇੱਕ ਪੂਰੀ ਪੀੜ੍ਹੀ ਨੂੰ ਅੰਧਕਾਰ 'ਚ ਧੱਕਣ ਵਾਲੇ ਹਨ। ਸਰਵੇ ਕਰਨ ਵਾਲੇ ਵਿਦਵਾਨਾਂ ਨੇ ਸੁਝਾਅ ਵੀ ਦਿੱਤੇ ਹਨ ਕਿ ਜੇ ਪੇਂਡੂ ਸਿੱਖਿਆ ਵਿੱਚ ਸੁਧਾਰ ਕਰਨਾ ਹੈ ਤਾਂ ਤੁਰੰਤ ਇੱਕ ਪੇਂਡੂ ਸਿੱਖਿਆ ਕਮਿਸ਼ਨ ਕਾਇਮ ਕਰਨਾ ਪਵੇਗਾ। ਸਿੱਖਿਆ ਦੇ ਬਜਟ ਵਿੱਚ ਵਾਧਾ ਕਰਦਿਆਂ ਖਾਸ ਤੌਰ 'ਤੇ ਪੇਂਡੂ ਖੇਤਰਾਂ ਵੱਲ ਧਿਆਨ ਦੇਣ ਦੇ ਨਾਲ-ਨਾਲ ਇਹ ਵੀ ਕਿਹਾ ਗਿਆ ਹੈ ਕਿ ਪ੍ਰਾਈਵੇਟ ਸਿੱਖਿਆ ਨੂੰ ਵਧੇਰੇ ਵਪਾਰਕ ਬਣਨ ਤੋਂ ਰੋਕਿਆ ਜਾਵੇ। ਇਹ ਸਰਵੇ ਦੇ ਨਤੀਜੇ ਸਿਰਫ਼ ਇੱਕ ਯੂਨੀਵਰਸਿਟੀ ਤੱਕ ਸੀਮਿਤ ਨਹੀਂ, ਸਗੋਂ ਪੰਜਾਬ ਦੀ ਪੂਰੀ ਉਚੇਰੀ ਸਿੱਖਿਆ ਪ੍ਰਣਾਲੀ ਦੀ ਹਾਲਤ ਨੂੰ ਉਜਾਗਰ ਕਰਦੇ ਹਨ।

ਉਂਜ ਐਨੂਅਲ ਸਟੇਟਸ ਆਫ਼ ਐਜੂਕੇਸ਼ਨ ਰਿਪੋਰਟ (ਏ.ਐਸ.ਈ.ਆਰ.) 2024 ਅਨੁਸਾਰ ਪੰਜਾਬ ਦੇ ਪੇਂਡੂ ਖੇਤਰਾਂ ਵਿੱਚ ਸਰਕਾਰੀ ਸਕੂਲਾਂ ਵਿੱਚ ਛੋਟੇ ਬੱਚਿਆਂ ਦੇ ਦਾਖਲੇ ਵਿੱਚ ਥੋੜ੍ਹਾ ਵਾਧਾ ਹੋਇਆ ਹੈ; ਜਿਵੇਂ ਕਿ 3 ਸਾਲ ਦੇ ਬੱਚਿਆਂ ਵਿੱਚੋਂ 36 ਫੀਸਦੀ ਹੁਣ ਅੰਗਣਵਾੜੀਆਂ ਵਿੱਚ ਪਹੁੰਚ ਰਹੇ ਹਨ, ਜੋ ਪਿਛਲੇ ਸਾਲ ਦੇ 32 ਫੀਸਦੀ ਤੋਂ ਵਧੇਰੇ ਹੈ, ਪਰ ਇਹ ਵਾਧਾ ਉਚੇਰੀ ਸਿੱਖਿਆ ਤੱਕ ਨਹੀਂ ਪਹੁੰਚ ਰਿਹਾ। ਭਾਰਤ ਵਿਆਪੀ ਏ.ਐਸ.ਈ.ਆਰ. ਰਿਪੋਰਟ ਵਿਖਾਉਂਦੀ ਹੈ ਕਿ ਪੇਂਡੂ ਭਾਰਤ ਵਿੱਚ 6-14 ਸਾਲ ਦੇ ਬੱਚਿਆਂ ਵਿੱਚ ਸਰਕਾਰੀ ਸਕੂਲਾਂ ਵਿੱਚ ਦਾਖਲਾ 72.9 ਫੀਸਦੀ ਤੋਂ ਘਟ ਕੇ 66.8 ਫੀਸਦੀ ਹੋ ਗਿਆ ਹੈ, ਜੋ ਪ੍ਰਾਈਵੇਟ ਸਿੱਖਿਆ ਵੱਲ ਝੁਕਾਅ ਨੂੰ ਦਰਸਾਉਂਦਾ ਹੈ। ਪੰਜਾਬ ਵਿੱਚ ਵੀ ਇਹ ਰੁਝਾਨ ਜਾਰੀ ਹੈ।

ਰਿਪੋਰਟ ਇਹ ਵੀ ਦੱਸਦੀ ਹੈ ਕਿ ਪੇਂਡੂ ਬੱਚੇ ਗਣਿਤ ਵਿੱਚ ਚੰਗੀ ਪ੍ਰਗਤੀ ਕਰ ਰਹੇ ਹਨ। ਪੰਜਵੀਂ ਜਮਾਤ ਦੇ 48.8 ਫੀਸਦੀ ਬੱਚੇ ਜਮਾਂ-ਘਟਾਓ ਕਰ ਸਕਦੇ ਹਨ, ਜੋ ਪਿਛਲੇ ਸਾਲ ਦੇ 41.8 ਫੀਸਦੀ ਤੋਂ ਵਧ ਗਿਆ ਹੈ; ਪਰ ਪੜ੍ਹਨ-ਲਿਖਣ ਵਿੱਚ ਅਜੇ ਵੀ ਕਮਜ਼ੋਰੀ ਹੈ। ਇਹ ਅੰਕੜੇ ਦੱਸਦੇ ਹਨ ਕਿ ਬੁਨਿਆਦੀ ਸਿੱਖਿਆ ਤੱਕ ਤਾਂ ਪਹੁੰਚ ਹੋ ਜਾਂਦੀ ਹੈ, ਪਰ ਉਚੇਰੀ ਪੱਧਰ 'ਤੇ ਪੇਂਡੂ ਵਿਦਿਆਰਥੀ ਪਿੱਛੇ ਰਹਿ ਜਾਂਦੇ ਹਨ।

ਸਭ ਤੋਂ ਮਹੱਤਵਪੂਰਨ ਗੱਲ ਇਹ ਹੈ ਕਿ ਭਾਵੇਂ ਗੱਲ ਅਸੀਂ ਪੰਜਾਬ ਦੀ ਉਚੇਰੀ ਸਿੱਖਿਆ ਬਾਰੇ ਹੋਏ ਸਰਵੇ ਦੇ ਹਵਾਲੇ ਨਾਲ ਹੀ ਕਰ ਰਹੇ ਹਾਂ, ਪਰ ਇਹਦਾ ਸਬੰਧ ਸਿਰਫ਼ ਪੰਜਾਬ ਨਾਲ ਹੀ ਨਹੀਂ, ਸਗੋਂ ਉਸ ਸਿੱਖਿਆ ਮਾਡਲ ਨਾਲ ਹੈ, ਜਿਹੜਾ ਕੇਂਦਰ ਸਰਕਾਰ ਦੀਆਂ ਨੀਤੀਆਂ- ਜਿਵੇਂ ਨਵੀਂ ਸਿੱਖਿਆ ਨੀਤੀ 2020 ਦੇ ਚਲਦਿਆਂ ਮੁਲਕ ਦੇ ਸਾਰੇ ਸੂਬਿਆਂ ਵਿੱਚ ਫੈਲ ਰਿਹਾ ਹੈ। ਇਸੇ ਲਈ ਉਚੇਰੀ ਸਿੱਖਿਆ ਦੀ ਜੋ ਹਾਲਤ ਪੰਜਾਬ ਵਿੱਚ ਹੈ, ਉਹ ਹੀ ਬਾਕੀ ਸੂਬਿਆਂ ਵਿੱਚ ਵੀ ਹੈ। ਫ਼ਰਕ ਸਿਰਫ਼ ਏਨਾ ਹੈ ਕਿ ਕਿਤੇ ਬੜੀ ਤੇਜ਼ੀ ਨਾਲ ਨਵੀਂ ਵਿਦਿਆਰਥੀ ਵਿਰੋਧੀ ਨੀਤੀਆਂ ਦੇ ਅਸਰ ਦਿਖਾਈ ਦੇਣ ਲੱਗੇ ਹਨ ਤੇ ਕਿਤੇ ਇਹ ਵਿਗੜਨ ਵਾਲਾ ਵਰਤਾਰਾ ਕੁਝ ਧੀਮੀ ਰਫ਼ਤਾਰ ਨਾਲ ਚੱਲ ਰਿਹਾ ਹੈ। ਪੰਜਾਬ ਵਿੱਚ 2025 ਵਿੱਚ ਵੀ ਇਹ ਸੰਕਟ ਡੂੰਘਾ ਹੋ ਗਿਆ ਹੈ।

ਏ.ਐਸ.ਐਚ.ਈ. (ਆਲ ਇੰਡੀਆ ਸਰਵੇ ਆਨ ਹਾਇਰ ਐਜੂਕੇਸ਼ਨ) ਰਿਪੋਰਟ ਅਨੁਸਾਰ ਭਾਰਤ ਵਿੱਚ ਉਚੇਰੀ ਸਿੱਖਿਆ ਵਿੱਚ ਦਾਖਲਾ 2025 ਤੱਕ 46.5 ਮਿਲੀਅਨ ਤੱਕ ਪਹੁੰਚਣ ਦਾ ਟੀਚਾ ਸੀ, ਪਰ ਪੰਜਾਬ ਵਿੱਚ ਪੇਂਡੂ ਵਿਦਿਆਰਥੀਆਂ ਦਾ ਹਿੱਸਾ ਪੰਜਾਬੀ ਯੂਨੀਵਰਸਿਟੀ ਵਰਗੀਆਂ ਸੰਸਥਾਵਾਂ ਵਿੱਚ ਸਿਰਫ਼ 8.16 ਫੀਸਦੀ ਰਹਿ ਗਿਆ ਹੈ। ਇਹ ਘਟਾਅ ਪਿਛਲੇ ਕਈ ਸਾਲਾਂ ਤੋਂ ਜਾਰੀ ਹੈ, ਜਿੱਥੇ ਸਮਾਜਿਕ-ਆਰਥਿਕ ਔਕੜਾਂ ਕਾਰਨ ਪੇਂਡੂ ਬੱਚੇ ਸ਼ਹਿਰੀ ਯੂਨੀਵਰਸਿਟੀਆਂ ਤੱਕ ਨਹੀਂ ਪਹੁੰਚ ਪਾ ਰਹੇ।

ਇਸ ਤੱਥ ਤੋਂ ਕੌਣ ਇਨਕਾਰ ਕਰ ਸਕਦਾ ਹੈ ਕਿ ਮੁਲਕ ਦੀਆਂ ਯੂਨੀਵਰਸਿਟੀਆਂ ਦੇ ਵਿਹੜਿਆਂ ਵਿੱਚ ਅੱਜ ਕੱਲ੍ਹ ਵਿਦਿਅਕ ਮਾਹੌਲ ਦਾ ਪੂਰਾ ਭੋਗ ਪੈ ਚੁੱਕਾ ਹੈ। ਯੂਨੀਵਰਸਿਟੀਆਂ ਅਜਿਹੇ ਰੇਗਿਸਤਾਨਾਂ ਵਿੱਚ ਤਬਦੀਲ ਹੋ ਰਹੀਆਂ ਹਨ, ਜਿੱਥੇ ਪਿਆਸਿਆਂ ਨੂੰ ਬੂੰਦ-ਬੂੰਦ ਲਈ ਤਰਸਣਾ ਪੈ ਰਿਹਾ ਹੈ। ਵਿਦਿਆਰਥੀਆਂ ਉੱਤੇ ਫੀਸਾਂ-ਫੰਡਾਂ ਦੇ ਅਸਹਿਣ ਬੋਝ ਪੈ ਰਹੇ ਹਨ। ਯੂਨੀਵਰਸਿਟੀਆਂ ਨੂੰ ਕਿਹਾ ਜਾ ਰਿਹਾ ਹੈ ਕਿ ਆਪਣੇ ਸਾਧਨ ਆਪ ਜੁਟਾਓ। ਇਸ ਤਰ੍ਹਾਂ ਦੇ ਮਾਹੌਲ ਵਿੱਚ ਜਦੋਂ ਉਚੇਰੀ ਸਿੱਖਿਆ ਆਮ ਪੇਂਡੂ ਵਿਦਿਆਰਥੀ ਦੀ ਪਹੁੰਚ ਤੋਂ ਬਾਹਰ ਹੋ ਗਈ ਹੈ, ਤਾਂ ਕੋਈ ਹੈਰਾਨੀ ਨਹੀਂ ਹੋਣੀ ਚਾਹੀਦੀ ਕਿ ਪਿਛਲੇ ਵਰ੍ਹੇ ਪੰਜਾਬ ਦੀਆਂ ਚਾਰਾਂ ਯੂਨੀਵਰਸਿਟੀਆਂ ਵਿੱਚ ਉਚੇਰੀ ਸਿੱਖਿਆ ਲਈ ਪਹੁੰਚੇ 22,368 ਵਿਦਿਆਰਥੀਆਂ ਵਿੱਚ ਪਿੰਡਾਂ ਨਾਲ ਸਬੰਧਤ ਸਿਰਫ਼ 911 ਵਿਦਿਆਰਥੀ ਹੀ ਸਨ। ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਵਿੱਚ ਪਿਛਲੇ ਵਰ੍ਹੇ ਆਏ ਵਿਦਿਆਰਥੀਆਂ ਵਿੱਚ ਵੀ ਪੇਂਡੂ ਵਿਦਿਆਰਥੀਆਂ ਦੀ ਗਿਣਤੀ ਸਿਰਫ਼ 4.73 ਫੀਸਦੀ ਸੀ। ਕੀ ਇਹ ਵੱਡੀ ਚਿੰਤਾ ਦਾ ਮਸਲਾ ਨਹੀਂ ਹੋਣਾ ਚਾਹੀਦਾ ਕਿ ਖੇਤੀ ਦਾ ਸਿੱਧਾ ਸਬੰਧ ਪਿੰਡਾਂ ਨਾਲ ਹੈ, ਪਰ ਪਿੰਡਾਂ ਵਿੱਚੋਂ ਖੇਤੀ ਤਕਨੀਕ ਅਤੇ ਵਿਗਿਆਨ ਪੜ੍ਹਨ ਲਈ ਵਿਦਿਆਰਥੀ ਆ ਹੀ ਨਹੀਂ ਰਹੇ? ਇਹ ਨਾ ਸਿਰਫ਼ ਖੇਤੀਬਾੜੀ ਖੇਤਰ ਨੂੰ ਪ੍ਰਭਾਵਿਤ ਕਰ ਰਿਹਾ ਹੈ, ਸਗੋਂ ਪੂਰੇ ਪੰਜਾਬ ਦੀ ਅਰਥਵਿਵਸਥਾ ਨੂੰ ਖੋਖਲਾ ਕਰ ਰਿਹਾ ਹੈ, ਜਿੱਥੇ ਪੇਂਡੂ ਖੇਤਰ ਸੂਬੇ ਦੀ 66 ਫੀਸਦੀ ਅਬਾਦੀ ਨੂੰ ਘੇਰਦੇ ਹਨ।

ਪੰਜਾਬ ਵਿੱਚ ਸਿੱਖਿਆ ਦੀਆਂ ਚੁਣੌਤੀਆਂ ਸਿਰਫ਼ ਅੰਕੜਿਆਂ ਤੱਕ ਸੀਮਿਤ ਨਹੀਂ। ਬੁਨਿਆਦੀ ਢਾਂਚੇ ਦੀ ਕਮੀ, ਅਧਿਆਪਕਾਂ ਦੀ ਘਾਟ ਅਤੇ ਸ਼ਹਿਰੀ-ਪੇਂਡੂ ਵੰਡ ਵੀ ਵੱਡੇ ਅੜਿੱਕੇ ਹਨ। ਪੇਂਡੂ ਸਕੂਲਾਂ ਵਿੱਚ ਇੰਟਰਨੈੱਟ ਅਤੇ ਡਿਜੀਟਲ ਸਾਧਨਾਂ ਦੀ ਕਮੀ ਕਾਰਨ ਵਿਦਿਆਰਥੀ ਵਿਗਿਆਨਕ ਅਤੇ ਤਕਨੀਕੀ ਸਿੱਖਿਆ ਤੋਂ ਵਾਂਝੇ ਰਹਿ ਜਾਂਦੇ ਹਨ। 2025 ਵਿੱਚ ਵੀ ਵਿਦਿਆਰਥੀ ਅੰਦੋਲਨਾਂ ਅਤੇ ਨੀਤੀਗਤ ਅਸੰਤੋਸ਼ ਨੇ ਸਿੱਖਿਆ ਵਿਭਾਗ ਨੂੰ ਕੱਖੋਂ ਹੌਲ਼ੇ ਕਰ ਦਿੱਤਾ ਹੈ। ਪ੍ਰਾਈਵੇਟ ਸੰਸਥਾਵਾਂ ਦੇ ਵਪਾਰਕੀਕਰਨ ਨੇ ਫੀਸਾਂ ਨੂੰ ਅਸਮਾਨੀ ਚੜ੍ਹਾ ਦਿੱਤਾ ਹੈ, ਜਿੱਥੇ ਇੱਕ ਸਾਧਾਰਨ ਪੇਂਡੂ ਵਿਦਿਆਰਥੀ ਲਈ ਯੂਨੀਵਰਸਿਟੀ ਦੀ ਫੀਸ ਇੱਕ ਵਰ੍ਹੇ ਦੀ ਫਸਲ ਤੋਂ ਵੱਧ ਹੋ ਜਾਂਦੀ ਹੈ। ਇਸ ਨਾਲ ਡਰਾਪਆਊਟ ਰੇਟ ਵਧ ਰਿਹਾ ਹੈ ਅਤੇ ਖਾਸ ਕਰ ਕੇ ਕੁੜੀਆਂ ਦੀ ਸਿੱਖਿਆ ਪ੍ਰਭਾਵਿਤ ਹੋ ਰਹੀ ਹੈ।

ਬਜਟ ਵਿੱਚ ਵੀ ਅਜਿਹਾ ਕੁਝ ਨਹੀਂ, ਜੋ ਇਸ ਸੰਕਟ ਨੂੰ ਰੋਕ ਸਕੇ। ਪੰਜਾਬ ਬਜਟ 2025-26 ਵਿੱਚ ਸਿੱਖਿਆ ਖੇਤਰ ਲਈ 17,975 ਕਰੋੜ ਰੁਪਏ ਰੱਖੇ ਗਏ ਹਨ, ਜੋ ਕੁੱਲ ਖਰਚੇ ਦਾ 13.1 ਫੀਸਦੀ ਹੈ। ਇਸ ਵਿੱਚ ਸਕੂਲ ਆਫ਼ ਐਮੀਨੈਂਸ ਲਈ 100 ਕਰੋੜ ਅਤੇ ਪੋਸਟ-ਮੈਟ੍ਰਿਕ ਸਕਾਲਰਸ਼ਿਪ ਲਈ 245 ਕਰੋੜ ਦਾ ਪ੍ਰਬੰਧਨ ਹੈ, ਜਿਸ ਲਈ 2.5 ਲੱਖ ਤੋਂ ਵੱਧ ਵਿਦਿਆਰਥੀਆਂ ਨੇ ਅਰਜ਼ੀਆਂ ਦਿੱਤੀਆਂ ਹਨ। ਸਮਗਰ ਸ਼ਿਕਸ਼ਾ ਯੋਜਨਾ ਅਧੀਨ 1277 ਕਰੋੜ ਵੀ ਮਿਲੇ ਹਨ, ਪਰ ਇਹ ਬਜਟ ਪੇਂਡੂ ਖੇਤਰਾਂ ਤੱਕ ਪਹੁੰਚਣ ਵਾਲਾ ਨਹੀਂ ਲੱਗਦਾ। ਵਿਦਵਾਨਾਂ ਦੇ ਸੁਝਾਅ ਅਨੁਸਾਰ ਪੇਂਡੂ ਸਿੱਖਿਆ ਲਈ ਵਿਸ਼ੇਸ਼ ਕਮਿਸ਼ਨ ਅਤੇ ਬਜਟ ਵਿੱਚ ਵਾਧਾ ਜ਼ਰੂਰੀ ਹੈ। ਪ੍ਰਾਈਵੇਟ ਸਿੱਖਿਆ ਨੂੰ ਨਿਯਮਤ ਕਰਨ ਲਈ ਇੱਕ ਖ਼ੁਦਮੁਖਤਿਆਰ ਸੰਸਥਾ ਵੀ ਬਣਾਉਣੀ ਪਵੇਗੀ, ਜੋ ਫੀਸਾਂ ਨੂੰ ਨਿਯੰਤ੍ਰਿਤ ਕਰੇ ਅਤੇ ਗੁਣਵੱਤਾ ਨੂੰ ਯਕੀਨੀ ਬਣਾਏ।

ਪੰਜਾਬੀ ਯੂਨੀਵਰਸਿਟੀ ਵਰਗੀਆਂ ਸੰਸਥਾਵਾਂ ਵੱਲੋਂ ਪੇਂਡੂ ਵਿਦਿਆਰਥੀਆਂ ਲਈ ਸੀਟਾਂ ਰਾਖਵੀਆਂ ਕਰਨ ਵਰਗੇ ਕਦਮ ਚੰਗੇ ਹਨ, ਪਰ ਇਹ ਕਾਫ਼ੀ ਨਹੀਂ। ਅਕਾਲ ਯੂਨੀਵਰਸਿਟੀ ਵਰਗੀਆਂ ਪੇਂਡੂ ਖੇਤਰਾਂ ਵਿੱਚ ਸਥਾਪਿਤ ਸੰਸਥਾਵਾਂ ਵਿੱਚ ਕੁੜੀਆਂ ਦਾ ਦਾਖਲਾ 50 ਫੀਸਦੀ ਹੈ, ਜੋ ਇੱਕ ਉਮੀਦ ਦੀ ਕਿਰਨ ਹੈ। ਪਰ ਇਨ੍ਹਾਂ ਨੂੰ ਵਧਾਉਣ ਲਈ ਸਰਕਾਰੀ ਨੀਤੀਆਂ ਵਿੱਚ ਬਦਲਾਅ ਲਿਆਉਣਾ ਪਵੇਗਾ। ਵਿਦਿਆ ਨੂੰ ਵਪਾਰ ਨਹੀਂ, ਸੇਵਾ ਬਣਾਉਣਾ ਪਵੇਗਾ। ਜੇ ਅਜਿਹਾ ਨਾ ਹੋਇਆ ਤਾਂ ਪੰਜਾਬ ਦੇ ਪਿੰਡ ਵਿਦਿਆ ਲਈ ਰੇਗਿਸਤਾਨ ਬਣ ਜਾਣਗੇ, ਅਤੇ ਸੂਬਾ ਆਪਣੀ ਖੇਤੀਬਾੜੀ ਤੇ ਸੱਭਿਆਚਾਰਕ ਵਿਰਾਸਤ ਨੂੰ ਗੁਆ ਬੈਠੇਗਾ।

ਅੰਤ ਵਿੱਚ ਕੁਝ ਬਿਹਤਰ ਹੋਣ ਦੀ ਉਮੀਦ ਵਿੱਚ ਆਪਣੀ ਹੀ ਇੱਕ ਗ਼ਜ਼ਲ ਦਾ ਸ਼ਿਅਰ ਯਾਦ ਆ ਰਿਹਾ ਹੈ,

ਤੁਸੀਂ ਤੇਸਾ ਜ਼ਰਾ ਚੁੱਕੋ ਇਹ ਲਿਫ਼-ਲਿਫ਼ ਪੈਣਗੇ ਪਰਬਤ,
ਤਹੱਈਆ ਜਦ ਕੋਈ ਕਰਦੈ ਤਾਂ ਕੁਝ ਮੁਸ਼ਕਲ ਨਹੀਂ ਹੁੰਦਾ।


ਸਮਾਜਿਕ ਇਨਕਲਾਬ ਦੇ ਮੋਢੀ ਤੇ ਬਹੁਮੁਖੀ ਪ੍ਰਤਿਭਾ ਦੇ ਮੁਜੱਸਮੇ ਕਲਗੀਧਰ ਪਾਤਸ਼ਾਹ

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪਾਵਨ ਪ੍ਰਕਾਸ਼ ਦਿਹਾੜੇ

ਅਤੇ

ਨਵੇਂ ਸਾਲ 2026 ਦੇ ਸ਼ੁਭ ਮੌਕੇ ਸਮੁੱਚੀ ਲੋਕਾਈ ਨੂੰ

ਦਿਲ ਦੀਆਂ ਗਹਿਰਾਈਆਂ ਤੋਂ



ਲੱਖ ਲੱਖ ਵਧਾਈ ਹੋਵੇ

HAPPY NEW YEAR

ਵੱਲੋਂ: ਜਿੰਦੀ ਦਿਆਲ, ਰਾਜਾ ਦਿਆਲ ਅਤੇ ਸਮੂਹ ਦਿਆਲ ਪਰਿਵਾਰ (ਸ਼ਿਕਾਗੋ)

# ਗਿਆਨ ਦੀ ਗਰਦਨ ਅਤੇ ਹਿੰਦੂਤਵ ਦੀ ਤਲਵਾਰ

***ਦਿੱਲੀ ਯੂਨੀਵਰਸਿਟੀ ਵਿੱਚ ਸਿਲੇਬਸ ਹੁਣ ਗਿਆਨ ਅਤੇ ਹਿੰਦੂਤਵਵਾਦੀ ਵਿਚਾਰਧਾਰਾ ਵਿਚਾਲੇ ਤਿੱਖੀ ਰੱਸਾਕਸ਼ੀ ਦਾ ਵਾਇਸ ਬਣ ਗਿਆ ਹੈ। ਜੈਂਡਰ, ਜਾਤੀ, ਵਿਤਕਰੇ ਅਤੇ ਵਿਸ਼ਵ ਇਤਿਹਾਸ ਵਰਗੇ ਮਹੱਤਵਪੂਰਨ ਵਿਸ਼ਿਆਂ ਨੂੰ ਹਟਾਉਣ ਦਾ ਦਬਾਅ ਵਧਦਾ ਜਾ ਰਿਹਾ ਹੈ। ਇਹ ਨਾ ਸਿਰਫ਼ ਅਕਾਦਮਿਕ ਸੁਤੰਤਰਤਾ ਨੂੰ ਖ਼ਤਰੇ ਵਿੱਚ ਪਾ ਰਿਹਾ ਹੈ, ਸਗੋਂ ਯੂਨੀਵਰਸਿਟੀਆਂ ਦੀ ਬੌਧਿਕ ਗੁਣਵੱਤਾ ਉੱਤੇ ਵੀ ਗੰਭੀਰ ਸਵਾਲ ਖੜ੍ਹੇ ਕਰ ਰਿਹਾ ਹੈ। ਇਸ ਵਿਸ਼ੇ ਉੱਤੇ ਦਿੱਲੀ ਯੂਨੀਵਰਸਿਟੀ ਦੇ ਪ੍ਰੋਫੈਸਰ ਅਪੂਰਵਾਨੰਦ ਦਾ ਇਹ ਲੇਖ ਡੂੰਘੀ ਝਾਤ ਪਾਉਂਦਾ ਹੈ।***

**ਪ੍ਰੋਫੈਸਰ ਅਪੂਰਵਾਨੰਦ**

ਦਿੱਲੀ ਯੂਨੀਵਰਸਿਟੀ ਦੀ ਅਕਾਦਮਿਕ ਕੌਂਸਲ ਦੀ ਸਟੈਂਡਿੰਗ ਕਮੇਟੀ ਨੇ ਅਰਥਸ਼ਾਸਤਰ ਅਤੇ ਇਤਿਹਾਸ ਵਿਭਾਗਾਂ ਨੂੰ ਆਪਣੇ ਸਿਲੇਬਸਾਂ ਉੱਤੇ ਫਿਰ ਵਿਚਾਰ ਕਰਨ ਦਾ ਹੁਕਮ ਦਿੱਤਾ ਹੈ। ਅਰਥਸ਼ਾਸਤਰ ਵਿਭਾਗ ਦੀ 'ਜੈਂਡਰ ਅਤੇ ਅਰਥਵਿਵਸਥਾ' ਨਾਮਕ ਇਕਾਈ ਉੱਤੇ ਵੱਡੇ ਇਤਰਾਜ਼ ਲਾਏ ਗਏ ਹਨ; ਖਾਸ ਕਰ ਕੇ ਇਸ ਵਿੱਚ ਸ਼ਾਮਲ 'ਅਪਰਾਧ ਅਤੇ ਜੈਂਡਰ' ਉਪ-ਇਕਾਈ ਨੂੰ ਲੈ ਕੇ। ਕਮੇਟੀ ਦੇ ਪ੍ਰਭਾਵਸ਼ਾਲੀ ਮੈਂਬਰਾਂ ਦਾ ਕਹਿਣਾ ਹੈ ਕਿ ਅਰਥਸ਼ਾਸਤਰ ਨੂੰ ਜੈਂਡਰ ਨਾਲ ਜੋੜਨਾ ਅਣਉਚਿਤ ਹੈ ਅਤੇ ਜੈਂਡਰ ਨਾਲ ਜੁੜੇ ਅਪਰਾਧਾਂ ਦਾ ਜ਼ਿਕਰ ਬਿਲਕੁਲ ਬਾਹਰੀ ਵਿਸ਼ਾ ਹੈ। ਵਿਭਾਗ ਅਥਾਰਟੀ ਨੇ ਵਿਆਖਿਆ ਕੀਤੀ ਕਿ ਔਰਤਾਂ ਵਿਰੁੱਧ ਘਰੇਲੂ ਜਾਂ ਸਮਾਜਿਕ ਹਿੰਸਾ ਅਰਥ ਵਿਵਸਥਾ ਨਾਲ ਸਿੱਧਾ ਜੁੜੀ ਹੈ, ਕਿਉਂਕਿ ਇਹ ਉਨ੍ਹਾਂ ਦੀ ਅਰਥਿਕ ਹਿੱਸੇਦਾਰੀ ਨੂੰ ਨੁਕਸਾਨ ਪਹੁੰਚਾਉਂਦੀ ਹੈ, ਪਰ ਕਮੇਟੀ ਨੇ ਇਤਰਾਜ਼ ਜਤਾਉਂਦਿਆਂ ਡਰਾਫਟ ਵਾਪਸ ਭੇਜ ਦਿੱਤਾ।

ਸਿਲੇਬਸ ਵਿੱਚ 'ਵਿਤਕਰੇ ਦਾ ਅਰਥਸ਼ਾਸਤਰ' (ਇਕਨਾਮਿਕਸ ਆਫ਼ ਡਿਸਕ੍ਰਿਮੀਨੇਸ਼ਨ) ਨਾਮਕ ਪੇਪਰ ਸੀ, ਜਿਸ ਨੂੰ ਕਮੇਟੀ ਨੇ ਹਟਾਉਣ ਦਾ ਹੁਕਮ ਦਿੱਤਾ। ਅਧਿਆਪਕਾਂ ਨੇ ਚੇਅਰਪਰਸਨ ਨਾਲ ਗੱਲ ਕੀਤੀ ਤਾਂ ਉਨ੍ਹਾਂ ਨੇ ਕਿਹਾ ਕਿ 'ਡਿਸਕ੍ਰਿਮੀਨੇਸ਼ਨ' ਸ਼ਬਦ ਖੁਦ ਹੀ ਅਪਮਾਨਜਨਕ ਹੈ ਅਤੇ ਇਸ ਨੂੰ ਪਾਠਕ੍ਰਮ ਵਿੱਚ ਰੱਖਣਾ ਅਸੰਭਵ ਹੈ।

ਇਤਿਹਾਸ ਵਿਭਾਗ ਨੂੰ ਵੀ ਨਿਰਦੇਸ਼ ਦਿੱਤੇ ਗਏ ਕਿ 'ਵਿਸ਼ਵ ਇਤਿਹਾਸ' ਉੱਤੇ ਇੰਨਾ ਜ਼ੋਰ ਕਿਉਂ? ਰਾਸ਼ਟਰੀ ਇਤਿਹਾਸ ਹੀ ਇੰਨਾ ਵਿਸ਼ਾਲ ਹੈ ਕਿ ਵਿਦੇਸ਼ੀ ਇਤਿਹਾਸ ਦੀ ਲੋੜ ਨਹੀਂ। ਵਿਭਾਗ ਨੇ ਜਵਾਬ ਦਿੱਤਾ ਕਿ ਪਾਠਕ੍ਰਮ (ਸਿਲੇਬਸ) ਦਾ 70 ਫ਼ੀਸਦੀ ਹਿੱਸਾ ਭਾਰਤੀ ਇਤਿਹਾਸ ਨਾਲ ਜੁੜਿਆ ਹੈ ਅਤੇ ਸਿਰਫ਼ 30 ਫ਼ੀਸਦੀ ਵਿਸ਼ਵ ਇਤਿਹਾਸ ਹੈ, ਜੋ ਵਿਦਿਆਰਥੀਆਂ ਨੂੰ ਲਾਈਲੱਗ ਬਣਨ ਤੋਂ ਬਚਾਉਂਦਾ ਹੈ, ਪਰ ਅਜੇ ਫ਼ੈਸਲਾ ਬਾਕੀ ਹੈ।

ਇਸੇ ਤਰ੍ਹਾਂ 'ਪ੍ਰਾਚੀਨ ਭਾਰਤੀ ਅਰਥਵਿਵਸਥਾ ਅਤੇ ਸਮਾਜ' ਪੇਪਰ ਵਿੱਚੋਂ 'ਸਮਾਜ' ਸ਼ਬਦ ਹਟਾਉਣ ਦੀ ਗੱਲ ਕੀਤੀ ਗਈ। ਇਹ ਵੀ ਪਤਾ ਲੱਗਾ ਕਿ ਕੁਝ ਲੇਖਕਾਂ ਦੀਆਂ ਕਿਤਾਬਾਂ ਹਟਾਉਣ ਦੇ ਹੁਕਮ ਵੀ ਆਏ ਹਨ, ਜਿਵੇਂ ਸ਼ੀਰੀਨ ਮੂਸਵੀ, ਇੰਦਰਾਣੀ ਚਟਰਜੀ ਅਤੇ ਰਿਚਰਡ ਈਟਨ ਦੀਆਂ ਰਚਨਾਵਾਂ। ਇਸੇ ਸਾਲ ਮਨੋਵਿਗਿਆਨ, ਭੂਗੋਲ ਅਤੇ ਰਾਜਨੀਤੀ ਵਿਗਿਆਨ ਵਿਭਾਗਾਂ ਵਿੱਚ ਵੀ ਅਜਿਹੇ ਬਦਲਾਵਾਂ ਉੱਤੇ ਬਹਿਸ ਹੋਈ। ਰਾਜਨੀਤੀ ਵਿਗਿਆਨ ਵਿੱਚ ਪਾਕਿਸਤਾਨ, ਚੀਨ, ਧਾਰਮਿਕ ਰਾਸ਼ਟਰਵਾਦ, ਸੰਘ ਦੀ ਰਾਜਨੀਤੀ, ਅੰਤਰਰਾਸ਼ਟਰੀ ਸੰਬੰਧਾਂ ਵਿੱਚ ਇਸਲਾਮ ਅਤੇ ਸ੍ਰੀਲੰਕਾ ਗ੍ਰਹਿ ਯੁੱਧ ਨਾਲ ਜੁੜੇ ਚੈਪਟਰ ਹਟਾਉਣ ਨੂੰ ਕਿਹਾ ਗਿਆ। ਸਮਾਜ ਸ਼ਾਸਤਰ ਵਿੱਚ ਵੈਬਰ, ਡੁਰਖੇਮ ਅਤੇ ਮਾਰਕਸ ਵਰਗੇ ਵਿਦੇਸ਼ੀ ਵਿਚਾਰਕਾਂ ਨੂੰ ਘੱਟ ਕਰ ਕੇ ਭਾਰਤੀ ਵਿਚਾਰਕਾਂ ਅਤੇ 'ਪਾਰਿਵਾਰਕ ਮੁੱਲਾਂ' ਉੱਤੇ ਜ਼ੋਰ ਦੇਣ ਦੀ ਸਲਾਹ ਦਿੱਤੀ ਗਈ।

ਭੂਗੋਲ ਵਿਭਾਗ ਨੂੰ ਅੰਦਰੂਨੀ ਦਵੰਦ ਅਤੇ ਰਾਸ਼ਟਰ ਨਿਰਮਾਣ ਵਰਗੇ ਵਿਸ਼ਿਆਂ ਤੋਂ ਬਚਣ ਨੂੰ ਕਿਹਾ ਗਿਆ। ਸਮਾਜਿਕ ਭੂਗੋਲ ਨੂੰ ਵੀ ਹਟਾਉਣ ਦੀ ਗੱਲ ਹੋਈ, ਜੋ ਅਨੁਸੂਚਿਤ ਜਾਤੀਆਂ-ਜਨਜਾਤੀਆਂ ਦੇ ਸਮਾਜਿਕ ਸਥਾਨਾਂ ਦਾ ਅਧਿਐਨ ਕਰਦਾ ਹੈ। 'ਜਾਤੀ', 'ਚਰਚ', 'ਕਲਟ' ਵਰਗੇ ਵਿਦੇਸ਼ੀ ਸ਼ਬਦਾਂ ਨੂੰ ਹਟਾ ਕੇ ਸ੍ਰੀ-ਮੁਨੀ ਵਰਗੇ ਭਾਰਤੀ ਸ਼ਬਦ ਰੱਖਣ ਦਾ ਹੁਕਮ ਦੇ ਦਿੱਤਾ ਗਿਆ। ਪਾਲ ਬ੍ਰਾਸ ਅਤੇ ਨੰਦਨੀ ਸੁੰਦਰ ਵਰਗੇ ਲੇਖਕਾਂ ਦੀਆਂ ਰਚਨਾਵਾਂ ਨੂੰ ਵੀ ਬਾਹਰ ਕੀਤਾ ਗਿਆ। ਯਾਦ ਰੱਖੋ, ਦਿੱਲੀ ਪੁਲਿਸ ਨੇ ਸ਼ਰਜੀਲ ਇਮਾਮ ਉੱਤੇ ਇਲਜ਼ਾਮ ਲਾਇਆ ਸੀ ਕਿ ਉਹ ਪਾਲ ਬ੍ਰਾਸ ਦੀਆਂ ਕਿਤਾਬਾਂ ਪੜ੍ਹ ਕੇ 'ਖਰਾਬ' ਹੋ ਗਿਆ। ਹੁਣ ਯੂਨੀਵਰਸਿਟੀ ਵਿਦਿਆਰਥੀਆਂ ਨੂੰ ਇਸ ਤੋਂ 'ਬਚਾਉਣ ਦੀ ਕੋਸ਼ਿਸ਼' ਕਰ ਰਹੀ ਹੈ।

ਪਿਛਲੇ 11 ਸਾਲਾਂ ਤੋਂ ਪਾਠਕ੍ਰਮ ਬਣਾਉਣਾ ਨਿਰੰਤਰ ਰੱਸਾਕਸ਼ੀ ਹੋ ਗਿਆ ਹੈ। ਵਿਭਾਗ ਮੁਖੀਆਂ ਨੂੰ ਰਾਸ਼ਟਰਵਾਦੀ ਅਤੇ ਭਾਰਤੀਅਤਾਵਾਦੀ ਕੁਤਰਕਾਂ ਨਾਲ ਆਪਣੇ ਪਾਠਕ੍ਰਮਾਂ ਦੀ ਰੱਖਿਆ ਕਰਨੀ ਪੈਂਦੀ ਹੈ। ਮਾਨਵ ਵਿਗਿਆਨ ਅਤੇ ਸਮਾਜ ਵਿਗਿਆਨ ਵਿੱਚ ਜਾਤੀ, ਜੈਂਡਰ, ਵਿਤਕਰਾ, ਯੌਨਿਕਤਾ ਜਾਂ ਐਲਜੀਬੀਟੀ ਕਿਊਆਰ ਵਰਗੇ ਸ਼ਬਦ ਵੇਖਦੇ ਹੀ ਪ੍ਰਸ਼ਾਸਨੀ ਨੁਮਾਇੰਦੇ ਭੜਕ ਜਾਂਦੇ ਹਨ। ਵਿਦੇਸ਼ੀ ਲੇਖਕਾਂ ਅਤੇ ਵਿਚਾਰਕਾਂ ਤੋਂ ਵੀ ਉਨ੍ਹਾਂ ਨੂੰ ਡਰ ਹੈ। ਗਿਆਨ ਦੇ ਭਾਰਤੀਕਰਨ ਦੀ ਜਲਦਬਾਜ਼ੀ 'ਚ ਉਹ ਮਾਹਿਰ ਅਧਿਆਪਕਾਂ ਨੂੰ ਪ੍ਰੇਸ਼ਾਨ ਕਰਨ ਵਿੱਚ ਕੋਈ ਕਸਰ ਨਹੀਂ ਛੱਡਦੇ।

ਕੁਝ ਅਧਿਆਪਕ ਆਪਣੇ ਅਨੁਸ਼ਾਸਨ ਦੀ ਲਗਾਤਾਰਤਾ ਲਈ ਕਮੇਟੀ ਵਿੱਚ ਬਹਿਸ ਕਰਦੇ ਹਨ ਅਤੇ ਤਰਕ ਨਾਲ ਲੜਦੇ ਹਨ, ਪਰ ਕਈਆਂ ਨੂੰ ਇਹ ਸੰਘਰਸ਼ ਵਿਅਰਥ ਲੱਗਦਾ ਹੈ, ਇਸ ਲਈ ਉਹ ਪਹਿਲਾਂ ਹੀ ਪਾਠਕ੍ਰਮ ਦਾ ਭਾਰਤੀਕਰਨ ਅਤੇ ਹਿੰਦੂਕਰਨ ਕਰ ਲੈਂਦੇ ਹਨ। ਮੇਰੇ ਵਿਸ਼ੇ ਹਿੰਦੀ ਸਾਹਿਤ ਵਿੱਚ 'ਭਾਰਤੀਅਤਾ ਬੋਧ' ਨਾਮਕ ਪੇਪਰ ਸ਼ੁਰੂ ਹੋ ਗਿਆ ਹੈ ਅਤੇ 'ਹਿੰਦੂ ਉਭਾਰ' ਨੂੰ ਵੀ ਸ਼ਾਮਲ ਕੀਤਾ ਗਿਆ। ਪ੍ਰੇਮਚੰਦ ਦੇ 'ਗੋਦਾਨ' ਉੱਤੇ ਵੀ ਸਵਾਲ ਉੱਠੇ ਹਨ, ਕਿਉਂਕਿ ਇਸ ਵਿੱਚ ਇੱਕ ਹਿੰਦੂ ਗਊ ਹੱਤਿਆ ਕਰਦਾ ਹੈ; ਕਿਹਾ ਗਿਆ ਕਿ ਇਹ 'ਹਿੰਦੂ ਵਿਰੋਧੀ' ਹੈ ਅਤੇ ਧਰਮ ਧਰੋਹ ਹੈ। ਪਹਿਲੀਆਂ ਰਚਨਾਵਾਂ ਦੀ ਬਜਾਏ ਹਿੰਦੂ ਰਾਸ਼ਟਰਵਾਦ ਨੂੰ ਉਭਾਰਦੀ ਸਮੱਗਰੀ ਲੱਭੀ ਜਾ ਰਹੀ ਹੈ।

ਗ੍ਰੈਜੂਏਟ ਪੱਧਰ ਉੱਤੇ ਵੀ 'ਨੈਤਿਕ ਮੁੱਲ ਅਤੇ ਹੁਨਰ' ਦੇ ਨਾਂ 'ਤੇ ਅਕਾਦਮਿਕ ਮੁੱਲ ਰਹਿਤ ਪੇਪਰ ਜਿਵੇਂ 'ਸਵੱਛਤਾ' ਜਾਂ 'ਪ੍ਰਸੰਨਤਾ' ਪੜ੍ਹਾਏ ਜਾ ਰਹੇ ਹਨ। ਇਹ ਵਿਦਿਆਰਥੀਆਂ ਦਾ ਸਮਾਂ ਬਰਬਾਦ ਕਰਦੇ ਹਨ। ਦਿੱਲੀ ਯੂਨੀਵਰਸਿਟੀ ਦੇ ਵਿਦਿਆਰਥੀ ਆਪਣੇ ਆਪ ਨੂੰ ਠੱਗਿਆ ਹੋਇਆ ਮਹਿਸੂਸ ਕਰਦੇ ਹਨ।

ਪੀਐੱਚ.ਡੀ. ਦਾਖਲਿਆਂ ਲਈ ਵੀ ਨਿਰਦੇਸ਼ ਹਨ ਕਿ ਜੇ.ਆਰ.ਐੱਫ. ਵਾਲਿਆਂ ਨੂੰ ਪ੍ਰਾਥਮਿਕਤਾ ਦਿਓ। ਪ੍ਰੀਖਿਆ ਵਿੱਚ ਬੇਲੋੜੇ ਵੇਰਵੇ ਜਿਵੇਂ ਕਹਾਣੀ ਦੇ ਪਾਤਰ ਦੀਆਂ ਚੱਪਲਾਂ ਦਾ ਰੰਗ ਪੁੱਛਿਆ ਜਾ ਰਿਹਾ ਹੈ। ਖੋਜ ਰੁਝਾਨ ਜਾਂ ਲਿਖਣ ਸਮਰੱਥਾ ਦੀ ਕੋਈ ਜਾਂਚ ਨਹੀਂ। ਕੁਝ ਵਿਭਾਗਾਂ ਵਿੱਚ ਸੈਂਕੜੇ ਖੋਜਾਰਥੀ ਹਨ। ਖੋਜ ਵਿਸ਼ੇ ਵੀ ਅਜੀਬ ਹਨ, ਜਿਵੇਂ ਪੋਖਰੀਆਲ (ਨਿਸ਼ੰਕ) ਦੇ ਸਾਹਿਤ ਉੱਤੇ ਖੋਜ, ਜੋ ਰਾਜਨੀਤਿਕ ਯੋਗਤਾ ਵਾਲੇ ਮੰਤਰੀ ਸਨ, ਨਾ ਕਿ ਸਾਹਿਤਕ।

ਪਰ ਸਭ ਕੁਝ ਖਤਮ ਨਹੀਂ ਹੋਇਆ। ਕਈ ਵਿਭਾਗ ਮੁਖੀ ਅਤੇ ਅਧਿਆਪਕ ਆਪਣੇ ਵਿਸ਼ੇ ਦੀ ਜਾਇਜ਼ਤਾ ਲਈ ਯਤਨ ਕਰਦੇ ਹਨ; ਕੁਝ ਸਫਲ ਹੁੰਦੇ ਹਨ ਤੇ ਕੁਝ ਸਮਝੌਤੇ ਕਰਦੇ ਹਨ। ਭਾਰਤੀ ਯੂਨੀਵਰਸਿਟੀਆਂ ਯੁੱਧਭੂਮੀ ਬਣ ਗਈਆਂ ਹਨ, ਜਿੱਥੇ ਗਿਆਨ ਅਤੇ ਹਿੰਦੂਤਵ ਵਿਚਕਾਰ ਯੁੱਧ ਚੱਲ ਰਿਹਾ ਹੈ।

ਦਿੱਲੀ ਯੂਨੀਵਰਸਿਟੀ ਜਾਂ ਜੇ.ਐੱਨ.ਯੂ. ਵਰਗੀਆਂ ਸਰਕਾਰੀ ਸੰਸਥਾਵਾਂ ਵਿੱਚ ਇਹ ਹਮਲੇ ਹੋ ਰਹੇ ਹਨ, ਪਰ ਅਸ਼ੋਕਾ ਜਾਂ ਸ਼ਿਵ ਨਾਦਰ ਵਰਗੀਆਂ ਨਿੱਜੀ ਯੂਨੀਵਰਸਿਟੀਆਂ ਵਿੱਚ ਨਹੀਂ। ਇਸ ਸਾਲ ਭਾਰਤ ਵਿੱਚ ਵਿਦੇਸ਼ੀ ਯੂਨੀਵਰਸਿਟੀ ਕੈਂਪਸ ਖੁੱਲ੍ਹੇ ਹਨ। ਕੀ ਉਨ੍ਹਾਂ ਦੇ ਸਿਲੇਬਸ ਵੀ ਹਿੰਦੂਤਵ ਨਾਲ ਜੁੜਨਗੇ? ਜੇ ਨਹੀਂ, ਤਾਂ ਕਿਉਂ ਵਿਦਿਆਰਥੀਆਂ ਨੂੰ ਰਾਸ਼ਟਰਵਾਦੀ 'ਪ੍ਰਸਾਦ' ਤੋਂ ਵਾਂਝਾ ਰੱਖਿਆ ਜਾ ਰਿਹਾ ਹੈ?

ਇਹ ਗਿਆਨ ਵਿੱਚ ਜ਼ਹਿਰ ਘੋਲਣ ਵਾਂਗ ਹੈ। ਸਰਕਾਰੀ ਯੂਨੀਵਰਸਿਟੀਆਂ ਵਿੱਚ ਵਿਸ਼ਵ-ਪੱਧਰੀ ਵਿਦਵਾਨ ਪੈਦਾ ਨਹੀਂ ਹੋਣਗੇ। ਕੀ ਇਹ ਵਿਦਿਆਰਥੀ ਬਾਹਰੀ ਯੂਨੀਵਰਸਿਟੀਆਂ 'ਚ ਖੋਜਾਰਥੀ ਜਾਂ ਅਧਿਆਪਕ ਬਣਨਗੇ? ਉਹ ਕੌਮਾਂਤਰੀ ਗਿਆਨ ਸੰਸਾਰ ਦੇ ਹਿੱਸੇਦਾਰ ਬਣ ਸਕਣਗੇ?

ਉਹ ਨਿੱਜੀ ਯੂਨੀਵਰਸਿਟੀ ਵਿਦਿਆਰਥੀਆਂ ਨਾਲੋਂ ਪਿੱਛੇ ਰਹਿਣ ਨੂੰ ਮਜਬੂਰ ਹਨ, ਪਰ ਇਸ ਵਿੱਚ ਉਨ੍ਹਾਂ ਦਾ ਕੋਈ ਦੋਸ਼ ਨਹੀਂ। ਹਾਲੇ 'ਰਾਸ਼ਟਰ ਵਿਰੋਧੀ' ਕਿਤਾਬਾਂ ਪਾਠਕ੍ਰਮਾਂ ਤੋਂ ਹਟਾਈਆਂ ਜਾ ਰਹੀਆਂ ਹਨ; ਹੌਲੀ-ਹੌਲੀ ਇਹ ਲਾਇਬਰੇਰੀਆਂ ਵਿੱਚੋਂ ਵੀ ਗਾਇਬ ਹੋ ਜਾਣਗੀਆਂ ਅਤੇ ਇਨ੍ਹਾਂ ਦਾ ਜ਼ਿਕਰ ਤੱਕ ਬੰਦ ਹੋ ਜਾਵੇਗਾ। ਗਿਆਨ ਦੇ ਮੁਲਕ ਵਿੱਚ ਲੰਮੀ ਠੰਢੀ ਰਾਤ ਸ਼ੁਰੂ ਹੋ ਗਈ ਹੈ। ਕੀ ਭਾਰਤੀ ਹਿੰਦੂਆਂ ਨੂੰ ਅਹਿਸਾਸ ਹੋਵੇਗਾ ਕਿ ਉਨ੍ਹਾਂ ਨਾਲ ਅਤੇ ਉਨ੍ਹਾਂ ਦੇ ਬੱਚਿਆਂ ਨਾਲ ਕੀ ਅਨਿਆਂ ਹੋ ਰਿਹਾ ਹੈ? ਨਹੀਂ, ਕਿਉਂਕਿ ਉਨ੍ਹਾਂ ਨੇ ਹੀ ਇਨ੍ਹਾਂ ਹਮਲਾਵਰਾਂ ਨੂੰ ਤਲਵਾਰ ਫੜਾਈ ਹੈ ਕਿ ਉਹ ਗਿਆਨ ਦੀ ਗਰਦਨ ਉਤਾਰ ਦੇਣ।


ਦਸਮੇਸ਼ ਪਿਤਾ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਪੁਰਬ ਅਤੇ ਨਵੇਂ ਵਰ੍ਹੇ 2026 ਦੀ ਸਮੂਹ ਭਾਈਚਾਰੇ ਨੂੰ

ਲੱਖ ਲੱਖ ਵਧਾਈ


ਬਲਵਿੰਦਰ ਸਿੰਘ (ਬੌਬ) ਸੰਧੂ


ਜਸਵਿੰਦਰ ਸਿੰਘ (ਜੱਸੀ) ਸੰਧੂ


ਕਿਰਪਾਲ ਸਿੰਘ ਰੰਧਾਵਾ


ਸੋਨੀ ਜੱਜ

ਵੱਲੋਂ: ਸੰਧੂ, ਰੰਧਾਵਾ ਅਤੇ ਜੱਜ ਪਰਿਵਾਰ (ਸ਼ਿਕਾਗੋ)

ਵਾਹੁ ਵਾਹੁ ਗੋਬਿੰਦ ਸਿੰਘ ਆਪੇ ਗੁਰ ਚੇਲਾ॥

'ਚਾਰ ਮੂਏ ਤੋ ਕਿਆ ਹੁਆ ਜੀਵਿਤ ਕਈ ਹਜਾਰ' ਆਖ ਕੇ ਸਰਬੰਸ ਵਾਰਨ ਵਾਲੇ ਖਾਲਸਾ ਪੰਥ ਦੇ ਬਾਨੀ

# ਸ੍ਰੀ ਗੁਰੂ ਗੋਬਿੰਦ ਸਿੰਘ ਜੀ

ਦੇ ਪ੍ਰਕਾਸ਼ ਦਿਹਾੜੇ ਦੀ ਸੰਗਤਾਂ ਨੂੰ

# ਲੱਖ ਲੱਖ ਵਧਾਈ ਹੋਵੇ

# ਨਵਾਂ ਵਰ੍ਹਾ 2026 ਮੁਬਾਰਕ

ਇਸ ਸ਼ੁਭ ਦਿਹਾੜੇ 'ਤੇ ਅਸੀਂ ਆਪਣੇ ਸਾਕ-ਸਬੰਧੀਆਂ ਸਮੇਤ ਕੁਲ ਲੋਕਾਈ ਨੂੰ ਬਹੁਤ ਬਹੁਤ ਮੁਬਾਰਕਬਾਦ ਦਿੰਦੇ ਹਾਂ। ਵਾਹਿਗੁਰੂ ਅੱਗੇ ਅਰਦਾਸ ਕਰਦੇ ਹਾਂ ਕਿ ਸਾਲ 2026 ਸਾਰਿਆਂ ਨੂੰ ਖੁਸ਼ੀਆਂ, ਤੰਦਰੁਸਤੀ ਤੇ ਚੜ੍ਹਦੀ ਕਲਾ ਨਾਲ ਨਿਵਾਜੇ

Happy New Year 2026



Happy New Year 2026

ਵੱਲੋਂ: ਭੁਪਿੰਦਰ ਸਿੰਘ ਧਾਲੀਵਾਲ, ਰਾਜ ਧਾਲੀਵਾਲ ਅਤੇ ਪਰਿਵਾਰ

# Happy New Year 2026

## ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਜਨਮ ਦਿਹਾੜੇ ਤੇ ਨਵੇਂ ਵਰ੍ਹੇ 2026 ਦੀ ਸਭਨਾਂ ਨੂੰ

# ਲੱਖ ਲੱਖ ਵਧਾਈ

*May you breathe the air of happiness every day of the new year. May your life filled with love & peace.*

*Happy New Year 2026*



**Apinder Jit (Vic) Singh & Family**

**Ph: 847-508-5184**

# ਖ਼ਤਰੇ ਵਿੱਚ ਧਰਤੀ 'ਤੇ ਜੀਵਨ

## ਵਧਦੇ ਪ੍ਰਦੂਸ਼ਣ ਵਿੱਚ ਭਾਰਤ ਸਰਕਾਰ ਦੀ ਜੁਮਲੇਬਾਜ਼ੀ ਅਤੇ ਬਦ ਤੋਂ ਬਦਤਰ ਹੁੰਦੇ ਹਾਲਾਤ

**ਅਵਿਨਾਸ਼**

ਭਾਰਤ ਦੇ ਬਹੁਤੇ ਸ਼ਹਿਰ ਸੰਘਣੀ ਜ਼ਹਿਰੀਲੀ ਹਵਾ, ਧੂੰਏ ਅਤੇ ਧੁੰਦ ਵਿੱਚ ਡੁੱਬੇ ਹੋਏ ਹਨ। ਇਸ ਨਾਲ ਅੱਖਾਂ ਵਿੱਚ ਜਲਣ ਅਤੇ ਗਲੇ ਵਿੱਚ ਖਾਰਸ਼ ਹੋ ਰਹੀ ਏ। ਇਹ ਜ਼ਹਿਰ ਉਮਰ, ਜਾਤ-ਧਰਮ ਜਾਂ ਚਿਹਰੇ ਨੂੰ ਨਹੀਂ ਵੇਖਦਾ; ਇਹ ਹਰ ਕਿਸੇ ਦੇ ਫੇਫੜਿਆਂ ਵਿੱਚ ਸਾਹ ਰਾਹੀਂ ਪਹੁੰਚ ਰਿਹਾ ਹੈ। ਹਾਂ, ਜਿਹੜੇ ਲੋਕਾਂ ਕੋਲ ਪੈਸੇ ਨੇ, ਉਹ ਇਸ ਤੋਂ ਬਚਣ ਲਈ ਤੁਰੰਤ ਕੋਸ਼ਿਸ਼ਾਂ ਕਰ ਰਹੇ ਨੇ। ਹਾਲੀਆ ਅੰਕੜੇ ਦੱਸਦੇ ਨੇ ਕਿ ਦਿੱਲੀ-ਐੱਨ.ਸੀ.ਆਰ. ਵਿੱਚ ਏਅਰ ਪਿਊਰੀਫਾਇਰ ਦੀਆਂ ਵਿਕਰੀਆਂ 30 ਫ਼ੀਸਦੀ ਵਧੀਆਂ ਨੇ, ਜਦਕਿ ਮਹਾਰਾਸ਼ਟਰ 12 ਫ਼ੀਸਦੀ ਨਾਲ ਦੂਜੇ ਨੰਬਰ 'ਤੇ ਹੈ। ਯਾਨੀ ਕਿ ਵਧਦੇ ਪ੍ਰਦੂਸ਼ਣ ਤੋਂ ਫਾਇਦਾ ਵੀ ਤਾਂ ਕੇਵਲ ਅਮੀਰਾਂ ਨੂੰ ਹੀ ਹੋ ਰਿਹਾ ਏ! ਕੁਝ ਲੋਕ ਸ਼ਹਿਰ ਛੱਡ ਕੇ ਪਹਾੜਾਂ ਜਾਂ ਸਮੁੰਦਰੀ ਕੰਢਿਆਂ 'ਤੇ ਚਲੇ ਗਏ ਨੇ, ਪਰ ਇਹ ਵਿਕਲਪ ਬਹੁਤਿਆਂ ਮਿਹਨਤੀ ਲੋਕਾਂ ਲਈ ਸੰਭਵ ਹੀ ਨਹੀਂ ਏ।

ਇਨ੍ਹਾਂ ਬੁਰੇ ਹਾਲਾਤਾਂ ਵਿੱਚ ਵੀ ਦਿੱਲੀ ਦੇ ਬਵਾਣਾ, ਵਜ਼ੀਰਪੁਰ, ਓਖਲਾ, ਨਾਰਾਇਣਾ ਵਰਗੇ ਫੈਕਟਰੀਆਂ ਜਾਂ ਗੁਰੂਗ੍ਰਾਮ-ਮਾਨੇਸਰ ਦੇ ਆਟੋਮੋਬਾਈਲ ਅਤੇ ਕੱਪੜੇ ਦੀਆਂ ਫੈਕਟਰੀਆਂ ਵਿੱਚ ਕੰਮ ਕਰਨ ਵਾਲੇ ਲੱਖਾਂ ਮਜ਼ਦੂਰਾਂ ਨੂੰ ਕੋਈ ਰਾਹਤ ਨਹੀਂ ਮਿਲੀ। ਮੁੰਬਈ ਵਿੱਚ ਸਵੇਰੇ 4:30 ਵਜੇ ਤੇਜ਼ ਲੋਕਲ ਟਰੇਨ ਫੜ ਕੇ ਸ਼ਹਿਰ ਨੂੰ ਚਲਾਉਣ ਵਾਲੀ ਭੀੜ ਵਧਦੇ ਪ੍ਰਦੂਸ਼ਣ ਦੀ ਮਾਰ ਸਹਿ ਕੇ ਕੰਮ 'ਤੇ ਨਿਕਲ ਰਹੀ ਏ। ਇਹ ਹਵਾ ਵਿੱਚ ਘੁਲਿਆ ਜ਼ਹਿਰ ਸਭ ਨੂੰ ਹੌਲੀ-ਹੌਲੀ ਮੌਤ ਵੱਲ ਲੈ ਜਾ ਰਿਹਾ ਏ।

ਪਰ ਸਵਾਲ ਇਹ ਹੈ ਕਿ ਕੀ ਏਅਰ ਪਿਊਰੀਫਾਇਰ ਪ੍ਰਦੂਸ਼ਣ ਨਾਲ ਲੜਨ ਲਈ ਕਾਫ਼ੀ ਨੇ? ਅਤੇ ਇਸ ਤੋਂ ਵੀ ਜ਼ਰੂਰੀ, ਜਿਹੜੇ ਇਹ ਖਰੀਦ ਨਹੀਂ ਸਕਦੇ, ਉਨ੍ਹਾਂ ਦਾ ਕੀ? ਕੀ ਉਨ੍ਹਾਂ ਨੂੰ ਪ੍ਰਦੂਸ਼ਣ ਵਿੱਚ ਮਰਨ ਲਈ ਛੱਡ ਦੇਣਾ ਚਾਹੀਦੈ? ਅੱਜ ਸਰਕਾਰ ਅਤੇ ਵਿਵਸਥਾ ਨਾਲ ਜੁੜੇ ਲੋਕ ਇਨ੍ਹਾਂ ਜ਼ਰੂਰੀ ਸਵਾਲਾਂ ਨੂੰ ਦਬਾ ਰਹੇ ਨੇ? ਕੀ ਇਹ ਨਹੀਂ ਪੁੱਛਣਾ ਚਾਹੀਦਾ ਕਿ ਇਹ ਪ੍ਰਦੂਸ਼ਣ ਕਿਸ ਕਾਰਨ ਹੈ ਅਤੇ ਕਿਹੜੇ ਲੋਕ ਸਭ ਤੋਂ ਵੱਧ ਮਾਰ ਝੱਲ ਰਹੇ ਹਨ?

ਸਰਕਾਰ ਕਹਿੰਦੀ ਹੈ ਕਿ ਹਵਾ ਪ੍ਰਦੂਸ਼ਣ ਨਾਲ ਹੋਣ ਵਾਲੀਆਂ ਮੌਤਾਂ ਬਾਰੇ 'ਕੋਈ ਪੱਕਾ ਡਾਟਾ ਨਹੀਂ' ਹੈ, ਪਰ ਵਿਸ਼ਵ ਪੱਧਰੀ ਅਧਿਐਨਾਂ 'ਚ ਭਾਰਤ ਵਿੱਚ ਹਰ ਸਾਲ 17 ਲੱਖ ਤੋਂ 20 ਲੱਖ ਮੌਤਾਂ ਦਾ ਅੰਕੜਾ ਦੱਸਿਆ ਗਿਆ ਹੈ।

### ਸਰਕਾਰੀ ਝੂਠ: ਪ੍ਰਦੂਸ਼ਣ ਅਤੇ ਇਨਸਾਨੀ ਮੌਤਾਂ ਵਿਚਕਾਰ ਕੋਈ ਰਿਸ਼ਤਾ ਨਹੀਂ!

ਮੋਦੀ ਸਰਕਾਰ ਦੇ ਦਾਅਵਿਆਂ ਦੇ ਉਲਟ, ਬਹੁਤੇ ਅਧਿਐਨ ਭਾਰਤ ਵਿੱਚ ਹਵਾ ਪ੍ਰਦੂਸ਼ਣ ਦੀ ਗੰਭੀਰਤਾ ਨੂੰ ਉਜਾਗਰ ਕਰਦੇ ਹਨ। ਮੈਡੀਕਲ ਜਰਨਲ 'ਲੈਂਸਟ' ਦੇ 2009 ਤੋਂ 2019 ਤੱਕ ਦੇ ਵਿਆਪਕ ਅਧਿਐਨ ਵਿੱਚ ਕਿਹਾ ਗਿਆ ਹੈ ਕਿ ਬਾਰੀਕ ਕਣਾਂ (ਪੀਐੱਮ2.5) ਨਾਲ ਲੰਬੇ ਸਮੇਂ ਦੇ ਸੰਪਰਕ ਨਾਲ ਮੌਤ ਦਾ ਖ਼ਤਰਾ ਬਹੁਤ ਵਧ ਜਾਂਦਾ ਹੈ। ਅਧਿਐਨ ਮੁਤਾਬਕ "ਭਾਰਤ ਵਿੱਚ ਹਰ ਸਾਲ ਪੀਐੱਮ2.5 ਨਾਲ 15 ਲੱਖ ਮੌਤਾਂ ਹੁੰਦੀਆਂ ਨੇ, ਜੋ ਵਿਸ਼ਵ ਸਿਹਤ ਸੰਸਥਾ (ਡਬਲਯੂ.ਐੱਚ.ਓ.) ਦੇ 5 ਮਾਈਕ੍ਰੋਗ੍ਰਾਮ/ਕਿਊਬਿਕ ਮੀਟਰ ਤੋਂ ਕਿਤੇ ਵੱਧ ਏ।" ਲੈਂਸਟ ਨੇ ਕਿਹਾ, "ਸਾਲਾਨਾ ਪੀਐੱਮ2.5 ਵਿੱਚ ਹਰ 10 ਮਾਈਕ੍ਰੋਗ੍ਰਾਮ/ਕਿਊਬਿਕ ਮੀਟਰ ਵਾਧੇ ਨਾਲ ਸਭ ਕਾਰਨਾਂ ਨਾਲ ਹੋਣ ਵਾਲੀਆਂ ਮੌਤਾਂ ਵਿੱਚ 8.6 ਫ਼ੀਸਦੀ ਵਧੇਰੇ ਖ਼ਤਰਾ ਵਧਦਾ ਏ। ਭਾਰਤੀ ਮਾਪਦੰਡਾਂ ਅਨੁਸਾਰ 2009-2019 ਵਿੱਚ 38 ਲੱਖ ਮੌਤਾਂ ਹੋਈਆਂ, ਜਦਕਿ ਡਬਲਯੂ.ਐੱਚ.ਓ. ਮਾਪਦੰਡਾਂ ਨਾਲ ਇਹ 1.66 ਕਰੋੜ ਹੋ ਜਾਂਦੀਆਂ ਨੇ- ਜੋ ਕੁੱਲ ਮੌਤਾਂ ਦਾ ਚੌਥਾਈ ਏ।"

ਅਧਿਐਨ ਵਿੱਚ ਅੰਦਾਜ਼ਾ ਲਗਾਇਆ ਗਿਆ ਕਿ ਪੀਐੱਮ10 ਵਿੱਚ ਹਰ 10 ਮਾਈਕ੍ਰੋਗ੍ਰਾਮ/ਕਿਊਬਿਕ ਮੀਟਰ ਵਾਧੇ ਨਾਲ ਸਭ ਤਰ੍ਹਾਂ ਦੀਆਂ ਮੌਤਾਂ ਵਿੱਚ 0.14 ਫ਼ੀਸਦੀ ਵਾਧਾ ਹੁੰਦਾ ਹੈ। ਗੈਸੀ ਪ੍ਰਦੂਸ਼ਕਾਂ ਵਿੱਚ ਨਾਈਟ੍ਰੋਜਨ ਡਾਈਆਕਸਾਈਡ (ਐੱਨ.ਓ.2) ਦਾ ਅਸਰ ਸਭ ਤੋਂ ਵੱਧ ਸੀ; ਹਰ 10 ਮਾਈਕ੍ਰੋਗ੍ਰਾਮ/ਕਿਊਬਿਕ ਮੀਟਰ ਵਾਧੇ ਨਾਲ 1 ਫ਼ੀਸਦੀ ਵਧੇਰੇ ਮੌਤਾਂ। ਐੱਨ.ਓ.2 ਨੂੰ ਨਿਯੰਤ੍ਰਿਤ ਕਰਨ ਤੋਂ ਬਾਅਦ ਓਜ਼ੋਨ (ਓ3) ਅਤੇ ਕਾਰਬਨ ਮੋਨੋਆਕਸਾਈਡ (ਸੀਓ) ਦਾ ਅਸਰ ਵੀ ਵਧਿਆ। ਉਮਰ ਅਨੁਸਾਰ, ਧੂੜ ਵਾਲੇ ਪ੍ਰਦੂਸ਼ਕ ਬਜ਼ੁਰਗਾਂ (65+ ਵਰ੍ਹੇ) ਉੱਤੇ ਵਧੇਰੇ ਅਸਰ ਕਰਦੇ ਨੇ, ਜਦਕਿ ਗੈਸਾਂ 5-44 ਸਾਲਾਂ ਵਾਲੇ ਲੋਕਾਂ ਉੱਤੇ। ਖੋਜੀਆਂ ਨੇ ਸਿੱਟਾ ਕੱਢਿਆ ਕਿ "ਇਹ ਅਧਿਐਨ ਸਾਬਤ ਕਰਦਾ ਏ ਕਿ ਹਵਾ ਦੀ ਗੁਣਵੱਤਾ ਸਭ ਤਰ੍ਹਾਂ ਦੀਆਂ ਮੌਤਾਂ ਨਾਲ ਜੁੜੀ ਏ।"

ਇਸ ਦੇ ਬਾਵਜੂਦ ਮੋਦੀ ਸਰਕਾਰ ਸੰਸਦ ਵਿੱਚ ਕਹਿੰਦੀ ਏ ਕਿ ਅਸੀਂ ਅੰਤਰਰਾਸ਼ਟਰੀ ਮਾਪਦੰਡ ਨਹੀਂ ਮੰਨਦੇ, ਸਾਡਾ ਆਪਣਾ ਤਰੀਕਾ ਏ! ਯਾਨੀ ਕਿ ਅੰਕੜਿਆਂ ਨਾਲ ਖੇਡ ਕੇ 'ਸਭ ਚੰਗਾ ਏ' ਵਿਖਾਉਣ ਦੀ ਕੋਸ਼ਿਸ਼।

### ਪ੍ਰਦੂਸ਼ਣ ਫੈਲਣ ਦੇ ਕਾਰਨਾਂ ਬਾਰੇ ਸਰਕਾਰ ਨੂੰ ਬਚਾਉਣ ਲਈ ਗੋਦੀ ਮੀਡੀਆ ਵੱਲੋਂ ਫੈਲਾਇਆ ਝੂਠ

ਸੀ.ਪੀ.ਸੀ.ਬੀ. (ਕੇਂਦਰੀ ਪ੍ਰਦੂਸ਼ਣ ਕੰਟਰੋਲ ਬੋਰਡ) ਦੀ ਵੈੱਬਸਾਈਟ ਤੋਂ ਅਕਤੂਬਰ 2024 ਤੋਂ ਜਨਵਰੀ 2025 ਤੱਕ ਦਿੱਲੀ, ਮੁੰਬਈ, ਭੋਪਾਲ, ਲਖਨਊ ਅਤੇ ਹੈਦਰਾਬਾਦ ਵਰਗੇ ਪੰਜ ਵੱਡੇ ਸ਼ਹਿਰਾਂ ਦੇ ਏ.ਕਿਊ.ਆਈ. ਅੰਕੜੇ ਇੱਕ ਵੱਖਰੀ ਤਸਵੀਰ ਵਿਖਾਉਂਦੇ ਨੇ। ਟੀ.ਵੀ. ਬਹਿਸਾਂ ਵਿੱਚ ਗੋਦੀ ਮੀਡੀਆ ਝੂਠੀ ਕਹਾਣੀ ਬਣਾ ਰਿਹਾ ਏ ਅਤੇ "ਤੂੰ ਨੰਗਾ, ਤੂੰ ਨੰਗਾ" ਖੇਡ ਕੇ ਮੋਦੀ ਸਰਕਾਰ ਨੂੰ ਨਿਰਦੋਸ਼ ਠਹਿਰਾਉਣ ਵਿੱਚ ਲੱਗਾ ਹੋਇਆ ਏ। ਇਸ ਵਾਰ ਸੰਸਦ ਸੈਸ਼ਨ ਵਿੱਚ ਪ੍ਰਦੂਸ਼ਣ ਬਾਰੇ ਕੋਈ ਬਹਿਸ ਨਹੀਂ ਹੋਣ ਦਿੱਤੀ ਗਈ, ਪਰ 'ਵੰਦੇ ਮਾਤਰਮ' ਉੱਤੇ ਘੰਟਿਆਂ ਬਰਬਾਦ ਕੀਤੇ ਗਏ। ਮਜ਼ੇਦਾਰ ਗੱਲ ਏ ਕਿ ਪ੍ਰਧਾਨ ਮੰਤਰੀ ਮੋਦੀ ਅਤੇ ਗ੍ਰਹਿ ਮੰਤਰੀ ਅਮਿਤ ਸ਼ਾਹ ਜਿਹੜਾ 'ਵੰਦੇ ਮਾਤਰਮ' ਗਾਉਂਦੇ ਫਿਰ ਰਹੇ ਨੇ, ਕੀ ਉਹ ਬਿਨਾਂ ਟੈਲੀਪ੍ਰੋਂਪਟਰ ਨਾਲ ਪੂਰਾ ਗਾ ਸਕਦੇ ਨੇ? ਗੋਦੀ ਮੀਡੀਆ ਅਤੇ ਈ.ਡੀ.-ਸੀ.ਬੀ.ਆਈ. ਨੂੰ ਇਸ ਦੀ ਜਾਂਚ ਕਰਨੀ ਚਾਹੀਦੀ ਹੈ!

ਬੱਸ, ਮੀਡੀਆ ਵਿੱਚ ਦਿੱਲੀ ਦੇ ਪ੍ਰਦੂਸ਼ਣ ਨੂੰ ਸਿਰਫ਼ ਪਰਾਲੀ ਜਲਾਉਣ ਨਾਲ ਜੋੜ ਦਿੱਤਾ ਗਿਆ, ਜੋ ਕਿ ਸਿਰਫ਼ ਇੱਕ ਕਾਰਨ ਏ। ਸੀ.ਐੱਸ.ਈ. ਦੇ ਵਿਸ਼ਲੇਸ਼ਣ ਮੁਤਾਬਕ 50.1 ਫ਼ੀਸਦੀ ਪ੍ਰਦੂਸ਼ਣ ਟਰਾਂਸਪੋਰਟ ਤੋਂ ਹੁੰਦਾ ਏ, ਪਰਾਲੀ ਨਾਲ ਸਿਰਫ਼ 8.9 ਫ਼ੀਸਦੀ। ਨਤੀਜਾ ਇਹ ਕਿ ਮੁੰਬਈ,



ਭੋਪਾਲ ਅਤੇ ਲਖਨਊ ਵਰਗੇ ਸ਼ਹਿਰ, ਜਿੱਥੇ ਪਰਾਲੀ ਜਲਾਉਣ ਦੀਆਂ ਘਟਨਾਵਾਂ ਘੱਟ ਨੇ; ਬਹਿਸ ਤੋਂ ਬਾਹਰ ਰੱਖੇ ਜਾਂਦੇ ਨੇ, ਪਰ ਉਹ ਵੀ ਗੰਭੀਰ ਪ੍ਰਦੂਸ਼ਣ ਨਾਲ ਜੂਝ ਰਹੇ ਨੇ। ਇਸ ਤੋਂ ਇਲਾਵਾ ਨਿੱਜੀ ਮਾਲਕੀ ਵਾਲੀਆਂ ਫੈਕਟਰੀਆਂ ਅਤੇ ਕਾਰਖਾਨੇ ਵੀ ਹਵਾ ਅਤੇ ਪਾਣੀ ਨੂੰ ਪ੍ਰਦੂਸ਼ਿਤ ਕਰਦੇ ਨੇ, ਕਿਉਂਕਿ ਮੁਨਾਫ਼ੇ ਲਈ ਮਾਲਕ ਕੂੜਾ ਨਿਪਟਾਰੇ ਵਿੱਚ ਕਟੌਤੀ ਕਰਦੇ ਨੇ। ਇਹ ਸਭ ਦੱਸਦਾ ਏ ਕਿ ਮੀਡੀਆ ਦੀ ਕਹਾਣੀ ਝੂਠੀ ਅਤੇ ਅਸੰਤੁਲਿਤ ਏ, ਜੋ ਡਾਟੇ ਤੋਂ ਦੂਰ ਏ।

### ਪ੍ਰਦੂਸ਼ਣ ਨੂੰ ਨਹੀਂ, ਡਾਟੇ ਨੂੰ ਕੰਟਰੋਲ ਕਰਨ ਵਾਲੀ ਸਰਕਾਰ!

ਮੋਦੀ ਸਰਕਾਰ ਪ੍ਰਦੂਸ਼ਣ ਨੂੰ ਰੋਕਣ ਤੋਂ ਬਜਾਏ ਡਾਟੇ ਨੂੰ ਰੋਕ ਰਹੀ ਏ। ਇਸ ਝੂਠ ਅਤੇ ਡਾਟੇ ਲੁਕਾਉਣ ਦਾ ਕਾਰਨ ਕੀ? ਕੀ ਫਾਸ਼ੀਵਾਦੀ ਸਰਕਾਰ ਅਤੇ ਵਧਦੇ ਪ੍ਰਦੂਸ਼ਣ ਵਿਚਕਾਰ ਰਿਸ਼ਤਾ ਏ?

ਸਰਕਾਰੀ ਭੋਂਪੂ ਮੀਡੀਆ, ਵੱਟਸਐਪ ਯੂਨੀਵਰਸਿਟੀ ਅਤੇ ਭਾੜੇ ਦੇ ਵਿਆਖਿਆਕਾਰ ਕਹਿੰਦੇ ਨੇ ਕਿ ਪ੍ਰਦੂਸ਼ਣ ਵਿੱਚ ਸਭ ਦੀ ਜ਼ਿੰਮੇਵਾਰੀ ਏ, ਸਿਰਫ਼ ਸਰਕਾਰ ਨੂੰ ਦੋਸ਼ ਨਹੀਂ ਦੇਣਾ ਚਾਹੀਦਾ। ਦਿੱਲੀ ਦੀ ਮੁੱਖ ਮੰਤਰੀ ਰੇਖਾ ਗੁਪਤਾ ਨੇ ਹਾਲ ਹੀ ਵਿੱਚ ਅਜਿਹੇ ਬੁੱਧੀਮਾਨੀ ਵਾਲੇ ਰਿਕਾਰਡ ਬਣਾਏ ਨੇ ਕਿ ਪ੍ਰਧਾਨ ਮੰਤਰੀ ਮੋਦੀ ਵੀ ਦੂਜੇ ਨੰਬਰ 'ਤੇ ਆ ਗਏ ਨੇ! ਉਨ੍ਹਾਂ ਦੀ 'ਅੰਮ੍ਰਿਤ ਵਾਣੀ' ਦੇ ਨਮੂਨੇ: ਏ.ਕਿਊ.ਆਈ. ਨੂੰ ਤਾਪਮਾਨ ਕਹਿਣਾ, ਕੂੜੇ ਦੇ ਪਹਾੜ ਨੂੰ ਕਹਿਣ ਨਾਲ ਗਾਇਬ ਕਰਨਾ ਆਦਿ ਹਨ। ਬੀ.ਜੇ.ਪੀ. ਨੇ ਯਮੁਨਾ ਸਫ਼ਾਈ ਬਾਰੇ ਵੀ ਝੂਠ ਬੋਲਿਆ। ਅਸਲ ਵਿੱਚ ਮੋਦੀ ਸਰਕਾਰ ਹਰ ਮੋਰਚੇ 'ਤੇ ਫ਼ੇਲ੍ਹ ਹੋ ਗਈ ਹੈ। ਇਸ ਲਈ ਜੁਮਲੇ ਬਾਜ਼ੀ ਚੱਲਦੀ ਹੈ।

ਮੋਦੀ ਰਾਜ ਵਿੱਚ ਅਮੀਰਾਂ ਨੂੰ ਮੁਨਾਫ਼ੇ ਲਈ ਜਲ, ਜੰਗਲ ਅਤੇ ਜ਼ਮੀਨ ਸਸਤੇ ਭਾਵਾਂ 'ਤੇ ਦਿੱਤੀ ਜਾ ਰਹੀ ਏ, ਬਿਨਾਂ ਵਾਤਾਵਰਣਕ ਮਾਪਦੰਡਾਂ ਦੇ। ਫਾਰੈਸਟ (ਕੰਜ਼ਰਵੇਸ਼ਨ) ਐਕਟ 1980 ਦੀਆਂ ਸੋਧਾਂ ਨਾਲ਼ ਨਿਗਰਾਨੀ ਕਮਜ਼ੋਰ ਹੋਈ ਹੈ ਅਤੇ ਅਰਾਵਲੀ-ਪੱਛਮੀ ਘਾਟ ਵਰਗੇ ਖੇਤਰਾਂ ਵਿੱਚ ਜੰਗਲ ਕਟਾਈ ਅਤੇ ਮਾਈਨਿੰਗ ਵਧੀ ਹੈ। ਐਨਵਾਇਰਨਮੈਂਟਲ ਪਰਫਾਰਮੈਂਸ ਇੰਡੈਕਸ (ਈ.ਪੀ.ਆਈ.) ਵਿੱਚ ਭਾਰਤ 180 ਦੇਸ਼ਾਂ ਵਿੱਚ 176ਵਾਂ ਥਾਂ 'ਤੇ ਹੈ। ਯੇਲ ਅਤੇ ਕੋਲੰਬੀਆ ਯੂਨੀਵਰਸਿਟੀਆਂ ਦੇ ਅੰਕੜੇ ਇਹ ਸਾਬਤ ਕਰਦੇ ਹਨ ਕਿ ਸਰਕਾਰੀ ਨੀਤੀਆਂ ਵਾਤਾਵਰਣ ਨੂੰ ਤਬਾਹ ਕਰ ਰਹੀਆਂ ਹਨ।

ਸਪੱਸ਼ਟ ਹੈ ਕਿ ਬੇਰੁਜ਼ਗਾਰੀ, ਮਹਿੰਗਾਈ, ਧਾਰਮਿਕ ਨਫ਼ਰਤ ਤੋਂ ਲੈ ਕੇ ਪ੍ਰਦੂਸ਼ਣ ਤੱਕ ਵਿੱਚ ਭਾਰਤ 'ਵਿਸ਼ਵ ਗੁਰੂ' ਬਣ ਗਿਆ ਹੈ! ਅਡਾਨੀ-ਰਿਲਾਇੰਸ ਵਰਗੇ ਕਾਰਪੋਰੇਟਾਂ ਨੂੰ ਸਸਤੀ ਜ਼ਮੀਨ ਅਤੇ ਨਿਯਮਾਂ ਵਿੱਚ ਢਿੱਲ ਨਾਲ ਫਾਇਦਾ ਪਹੁੰਚਾਇਆ ਗਿਆ, ਜਿਸ ਦੀ ਕੀਮਤ ਆਮ ਲੋਕ, ਵਾਤਾਵਰਣ ਅਤੇ ਕੁਦਰਤ ਅਦਾ ਕਰ ਰਹੀ ਹੈ।

ਇਨ੍ਹਾਂ ਬਦਲਾਵਾਂ ਨਾਲ ਉੱਤਰਾਖੰਡ ਵਿੱਚ ਧਰਾਲੀ ਘਟਨਾ, ਕੇਰਲ ਵਿੱਚ ਜ਼ਮੀਨ ਖਿਸਕਣ, ਅਸਾਮ ਅਤੇ ਆਂਧਰਾ-ਤੇਲੰਗਾਨਾ ਵਿੱਚ ਹੜ੍ਹ ਵਰਗੀਆਂ ਤਬਾਹੀਆਂ ਵਾਪਰੀਆਂ ਹਨ। ਅੱਜ ਸਮਝਣਾ ਜ਼ਰੂਰੀ ਹੈ ਕਿ ਇਨ੍ਹਾਂ ਲਈ ਮੁਨਾਫ਼ਾ-ਕੇਂਦਰਿਤ ਪੂੰਜੀਵਾਦੀ ਵਿਵਸਥਾ ਜ਼ਿੰਮੇਵਾਰ ਹੈ। ਪੂੰਜੀਵਾਦੀ ਸ਼ਾਸਕਾਂ ਨੇ ਮੁਨਾਫ਼ੇ ਦੀ ਹਵਸ ਵਿੱਚ ਧਰਤੀ 'ਤੇ ਜੀਵਨ ਨੂੰ ਖ਼ਤਰੇ ਵਿੱਚ ਪਾ ਦਿੱਤਾ ਹੈ। ਭਾਰਤ ਵਿੱਚ ਫਾਸ਼ੀਵਾਦੀ ਮੋਦੀ ਸਰਕਾਰ ਪੂੰਜੀਵਾਦੀ ਵਾਤਾਵਰਣੀ ਤਬਾਹੀ ਨੂੰ ਤੇਜ਼ ਕਰ ਰਹੀ ਹੈ। ਜੰਗਲਾਂ ਵਿੱਚ ਅੱਗ, ਹੜ੍ਹ-ਸੋਕਾ, ਜ਼ਮੀਨ ਖਿਸਕਣ ਜਾਂ ਸੁਨਾਮੀ- ਇਹ ਸਭ ਸਾਨੂੰ ਚੇਤਾਵਨੀ ਦੇ ਰਹੀਆਂ ਹਨ ਕਿ ਵਾਤਾਵਰਣ ਨੂੰ ਬਚਾਉਣ ਲਈ ਮਜ਼ਦੂਰਾਂ ਅਤੇ ਮਿਹਨਤਕਸ਼ਾਂ ਨੂੰ ਹੀ ਲੜਨਾ ਪਵੇਗਾ। ਪੂੰਜੀਵਾਦੀ ਵਿਵਸਥਾ ਅਤੇ ਫਾਸ਼ੀਵਾਦੀ ਨੀਤੀਆਂ ਵਿਰੁੱਧ ਸੰਗਠਿਤ ਸੰਘਰਸ਼ ਚਲਾਉਣਾ ਹੀ ਇੱਕੋ-ਇੱਕ ਰਾਹ ਹੈ।

# ਪੰਜਾਬੀ ਸਕੂਲ ਦੇ ਬੱਚਿਆਂ ਨੇ ਮਨਾਇਆ 'ਸਫ਼ਰ-ਏ-ਸ਼ਹਾਦਤ'

**ਕਰਾਊਨ ਪੁਆਇੰਟ, ਇੰਡੀਆਨਾ (ਰਵਿੰਦਰ ਸਿੰਘ ਸਹਿਰਾਅ):** ਮਾਤਾ ਗੁਜਰੀ ਜੀ, ਚਾਰੇ ਸਾਹਿਬਜ਼ਾਦਿਆਂ ਅਤੇ ਸੈਂਕੜੇ ਹੋਰ ਸਿੱਖ ਸ਼ਹੀਦਾਂ ਦੀ ਯਾਦ ਵਿੱਚ 'ਸਫ਼ਰ-ਏ-ਸ਼ਹਾਦਤ' ਲੰਘੇ ਐਤਵਾਰ ਗੁਰਦੁਆਰਾ ਕਰਾਊਨ ਪੁਆਇੰਟ ਵਿਖੇ ਮਨਾਇਆ ਗਿਆ। ਛੇ ਪੋਹ ਤੋਂ 14 ਪੋਹ (20 ਤੋਂ 28 ਦਸੰਬਰ) ਤੱਕ ਹੋਈਆਂ ਇਨ੍ਹਾਂ ਲਾਸਾਨੀ ਸ਼ਹੀਦੀਆਂ ਬਾਰੇ ਭਾਈ ਹਰਪਾਲ ਸਿੰਘ ਤੇ ਭਾਈ ਅਜੀਤ ਸਿੰਘ ਦੇ ਜਥੇ ਨੇ ਬਹੁਤ ਹੀ ਭਾਵਪੂਰਤ ਕੀਰਤਨ ਅਤੇ ਵਿਆਖਿਆ ਕੀਤੀ। ਵੱਡੇ ਸਾਹਿਬਜ਼ਾਦਿਆਂ ਦਾ ਜੰਗ ਵਿੱਚ ਸ਼ਹੀਦ ਹੋਣਾ ਅਤੇ ਛੋਟੇ ਸਾਹਿਬਜ਼ਾਦਿਆਂ ਦਾ ਨੀਂਹਾਂ ਵਿੱਚ ਚਿਣਵਾਏ ਜਾਣਾ ਤੇ ਫਿਰ ਜੱਲਾਦਾਂ ਵੱਲੋਂ ਖੰਜਰ ਨਾਲ ਸ਼ਹੀਦ ਕਰਨ ਦਾ ਸਾਕਾ ਸੁਣ ਕੇ ਸੰਗਤਾਂ ਦੇ ਦਿਲ ਪਸੀਜ ਗਏ ਤੇ ਅੱਖਾਂ ਨਮ ਹੋ ਗਈਆਂ।

ਇਸ ਮੌਕੇ ਪੰਜਾਬੀ ਸਕੂਲ ਦੇ ਬੱਚਿਆਂ ਨੇ ਸ਼ਹੀਦੀ ਸਾਕੇ ਨਾਲ ਸਬੰਧਤ ਕਵਿਤਾਵਾਂ ਸੁਣਾਈਆਂ। ਬਲਜਿੰਦਰ ਸਿੰਘ ਅਤੇ ਗੁਰਸਿਫ਼ਤ ਕੌਰ ਨੇ ਆਪੋ-ਆਪਣੀ ਕਵਿਤਾ ਪੜ੍ਹੀ ਅਤੇ ਫਿਰ ਸਾਂਝੇ ਤੌਰ 'ਤੇ ਇੱਕ ਸਮੂਹਿਕ ਕਵਿਤਾ ਪੜ੍ਹੀ ਗਈ, ਜਿਸ ਦੇ ਬੋਲ ਸਨ:

ਇਨ੍ਹਾਂ ਪੋਹ ਦੀਆਂ ਠੰਡੀਆਂ ਰਾਤਾਂ ਵਿੱਚ,
ਸਰਸਾ 'ਤੇ ਪਿਆ ਵਿਛੋੜਾ ਸੀ।
ਇਨ੍ਹਾਂ ਰਮਜ਼ਾਂ ਵਾਲੀਆਂ ਬਾਤਾਂ ਵਿੱਚ,
ਕੀ ਦਰਦ ਜੋ ਲੁਕਿਆ ਥੋੜ੍ਹਾ ਸੀ?
ਵੱਡੇ ਜੰਗ ਦੇ ਮੈਦਾਨ ਸ਼ਹੀਦ ਹੋਏ,
ਛੋਟੇ ਨੀਂਹਾਂ ਵਿੱਚ ਚਿਣਵਾਏ ਸੀ।
ਮਾਤਾ ਗੁਜਰੀ ਵੀ ਸੀ ਗੁਜਰ ਗਈ,
ਸੂਬੇ ਕਹਿਰ ਹੀ ਬਹੁਤ ਕਮਾਏ ਸੀ।
















ਇਸ ਮੌਕੇ ਸ਼ਿਕਾਗੋ ਤੋਂ ਸ. ਅਮਰਦੇਵ ਸਿੰਘ ਬੰਦੇਸ਼ਾ, ਸ. ਸਰਵਣ ਸਿੰਘ ਰਾਜੂ ਅਤੇ ਡਾ. ਪਰਦੀਪ ਸਿੰਘ ਗਿੱਲ ਵੀ ਹਾਜ਼ਰ ਹੋਏ। ਸ. ਬੰਦੇਸ਼ਾ ਨੇ ਪੰਜਾਬੀ ਬੋਲੀ ਦੀ ਮਹੱਤਤਾ ਬਾਰੇ, ਸ. ਰਾਜੂ ਨੇ ਗੁਰੂ ਗ੍ਰੰਥ ਸਾਹਿਬ ਦੀ ਮਹਾਨਤਾ ਤੇ ਸੰਸਾਰ ਜੰਗਾਂ ਵਿੱਚ ਸ਼ਹੀਦ ਹੋਏ ਸਿੰਘਾਂ ਬਾਰੇ ਅਤੇ ਡਾ. ਗਿੱਲ ਨੇ ਨਾਨਕਸ਼ਾਹੀ ਕੈਲੰਡਰ ਬਾਰੇ ਵਿਸਥਾਰ ਨਾਲ ਸੰਗਤਾਂ ਨੂੰ ਚਾਨਣਾ ਪਾਇਆ। ਗੁਰੂ ਘਰ ਦੀ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਅਤੇ ਰੇਡੀਓ ਚੰਨ ਪਰਦੇਸੀ ਦੇ ਸੰਚਾਲਕ ਸ. ਸਰਵਣ ਸਿੰਘ ਟਿਵਾਣਾ ਨੇ ਸਾਰੇ ਬੁਲਾਰਿਆਂ ਅਤੇ ਸੰਗਤਾਂ ਦਾ ਧੰਨਵਾਦ ਕੀਤਾ। ਇਸ ਮੌਕੇ ਪ੍ਰਦਰਸ਼ਨੀ ਵੀ ਲਾਈ ਗਈ ਅਤੇ ਸਿੱਖ ਇਤਿਹਾਸ ਤੇ ਗੁਰੂ ਗ੍ਰੰਥ ਸਾਹਿਬ ਜੀ ਨਾਲ ਸਬੰਧਤ ਅੰਗਰੇਜ਼ੀ ਵਿੱਚ ਛਾਪੇ ਕੈਲੰਡਰ ਵੀ ਰੱਖੇ ਗਏ, ਜੋ ਸੰਗਤ ਨੇ ਆਪਣੀ ਜਾਣਕਾਰੀ ਹਿੱਤ ਲਏ।

ਖਾਲਸੇ ਦੀ ਸਿਰਜਣਾ ਕਰ ਕੇ ਜ਼ੁਲਮ ਦੇ ਟਾਕਰੇ ਲਈ ਇੱਕ ਇੱਕ ਨੂੰ ਸਵਾ ਸਵਾ ਲੱਖ ਨਾਲ ਲੜਾਉਣ ਦੇ ਸਮਰਥ ਕਰਨ ਵਾਲੇ ਸਾਹਿਬ-ਏ-ਕਮਾਲ

# ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਦਿਹਾੜੇ ਦੀ ਸਭਨਾਂ ਨੂੰ ਕੋਟਾਨਿ ਕੋਟਿ ਵਧਾਈ

## ਨਵੇਂ ਵਰ੍ਹੇ 2026 ਨੂੰ ਨਿੱਘੀ ਜੀ ਆਇਆਂ

ਆਪ ਸਭ ਦੀ ਖੁਸ਼ਹਾਲੀ, ਤੰਦਰੁਸਤੀ ਤੇ ਤਰੱਕੀ ਦੀ ਕਾਮਨਾ ਕਰਦੇ ਹੋਏ ਸ਼ੁਭ ਇੱਛਾਵਾਂ ਭੇਟ ਕਰਦੇ ਹਾਂ


ਸ. ਮਨਜੀਤ ਸਿੰਘ
ਰਾਜਪੁਰ ਭਾਈਆਂ


ਸ. ਅਮਰੀਕ ਸਿੰਘ
ਸ਼ਿਕਾਗੋ


ਸ. ਮਨਜਿੰਦਰ ਸਿੰਘ
ਸ਼ਿਕਾਗੋ


ਸ. ਪਰਮਵੀਰ ਸਿੰਘ
ਸ਼ਿਕਾਗੋ

# Amar Carpet Inc.

**2423 W Devon Ave. Chicago IL 60659 (ਵੈਸਟਰਨ ਅਵੈਨਿਊ ਤੋਂ ਅਧਾ ਬਲਾਕ ਵੈਸਟ)**

**Ph: 773-508-5253, 773-507-8043 Fax: 773-508-5249**

# ਸਿੱਖ ਆਗੂਆਂ ਨੂੰ ਸਰਕਾਰਾਂ ਵੱਲੋਂ ਲਾਰਿਆਂ ਦੀਆਂ ਫੂਲੀਆਂ

## ਵਿਚਾਰ ਆਪੋ-ਆਪਣਾ

ਅਮਰੀਕ ਸਿੰਘ ਮੁਕਤਸਰ

ਸਰਕਾਰਾਂ ਸਿੱਖ ਆਗੂਆਂ ਨੂੰ ਲਾਰਿਆਂ ਦੀਆਂ ਫੂੱਲੀਆਂ ਖਵਾ ਕੇ ਉਲਝਾਈ ਰੱਖਣਾ ਚਾਹੁੰਦੀਆਂ ਹਨ, ਸਸੋਦੀਆ ਰਾਮਪੁਰ ਖੇੜੇ ਬਾਬਾ ਸੇਵਾ ਸਿੰਘ ਨੂੰ ਉਹੋ ਫੂੱਲੀਆਂ ਖਵਾ ਕੇ ਆਇਆ। ਪਿਛਲੇ ਦਿਨੀਂ ਰਾਮਪੁਰ ਖੇੜੇ ਦੇ ਡੇਰੇਦਾਰ ਬਾਬਾ ਸੇਵਾ ਸਿੰਘ ਦੀ ਆਮ ਆਦਮੀ ਪੰਜਾਬ ਦੇ ਇੰਚਾਰਜ ਮਨੀਸ਼ ਸਸੋਦੀਆ ਨਾਲ ਤਸਵੀਰਾਂ ਛਪੀਆਂ ਹਨ। ਇਹ ਖਬਰ ਵੀ ਛਪੀ ਕਿ ਬਾਬਾ ਸੇਵਾ ਸਿੰਘ ਨੇ ਭਾਰਤ ਦੇ ਗ੍ਰਹਿ ਮੰਤਰੀ ਅਮਿੱਤ ਸ਼ਾਹ ਨਾਲ ਮੁਲਾਕਾਤ ਕੀਤੀ ਹੈ। ਇਸ ਬਾਰੇ ਸ਼ੋਸਲ ਮੀਡੀਏ ਉੱਪਰ ਵੱਖ-ਵੱਖ ਲੋਕਾਂ ਦੀਆਂ ਟਿੱਪਣੀਆਂ ਪੜ੍ਹਨ-ਸੁਣਨ ਵਿੱਚ ਵੀ ਮਿਲੀਆਂ, ਜੋ ਕੇਵਲ ਸ਼ਖਸੀ ਆਲੋਚਨਾ ਤਕ ਸੀਮਿਤ ਸਨ; ਪਰ ਅਜਿਹੀਆਂ ਮੁਲਾਕਾਤਾਂ ਦੇ ਗੁੱਝੇ ਭੇਦਾਂ ਬਾਰੇ ਜੋ ਵਿਸ਼ਲੇਸ਼ਣ ਲੋੜੀਂਦਾ ਸੀ, ਉਸ ਦੀ ਅਣਹੋਂਦ ਹੀ ਰਹੀ।

ਸੱਤਾ ਦੀ ਮੰਡੀ ਵਿੱਚ ਪੰਜਾਬ ਵਿੱਚ ਰਾਜ ਕਰ ਰਹੀ ਆਮ ਆਦਮੀ ਪਾਰਟੀ ਅਤੇ ਭਾਜਪਾ ਦਰਮਿਆਨ ਇੱਟ-ਕੁੱਤੇ ਜਿਹੀ ਸਿਆਸੀ ਖਿੱਚ-ਧੂਹ ਹੋਣ ਦੇ ਬਾਵਜੂਦ ਵਿਚਾਰਧਾਰਕ ਤੌਰ 'ਤੇ ਸੱਤਾ ਦੇ ਕੇਂਦਰੀਕਰਨ ਅਤੇ ਹਿੰਦੂ ਰਾਸ਼ਟਰਵਾਦ ਦੇ ਮੁੱਦੇ ਉੱਪਰ ਕੋਈ ਵਖਰੇਵਾਂ ਨਹੀਂ ਹੈ। ਦੋਹਾਂ ਪਾਰਟੀਆਂ ਦੀ ਪੰਥ ਅਤੇ ਪੰਜਾਬ ਪ੍ਰਤੀ ਸਾਮ, ਦਾਮ, ਦੰਡ ਵਾਲੀ ਮੰਨੂਵਾਦੀ ਸੋਚ ਅਤੇ 'ਬਗਲ ਮੇ ਛੂਰੀ ਮੂੰਹ ਮੇ ਰਾਮ ਰਾਮ' ਵਾਲੀ ਦੋਗਲੀ ਨੀਤੀ ਵਿੱਚ ਰੱਤੀ ਭਰ ਅੰਤਰ ਨਹੀਂ ਹੈ। ਇਸ ਕਰਕੇ ਦੋਹਾਂ ਪਾਰਟੀਆਂ ਵੱਲੋਂ ਸਿੱਖਾਂ ਦੀ ਜਥੇਬੰਦਕ ਤਾਕਤ ਵਿੱਚ ਫੁੱਟ ਪਾਉਣ ਲਈ ਸਟੇਟ ਦੀਆਂ ਗੁਪਤਚਰ ਏਜੰਸੀਆਂ ਦੀਆਂ ਸ਼ਾਜਿਸਾਂ ਅਤੇ ਪੰਥਕ ਜਜ਼ਬੇ ਨੂੰ ਦਬਾਉਣ ਲਈ ਪੁਲਿਸ ਜਬਰ ਨੂੰ ਵਰਤਣ ਦੇ ਮਾਮਲੇ ਵਿੱਚ ਗੂੜ੍ਹੀ ਸਾਂਝ ਹੈ। ਕਾਂਗਰਸ ਪਾਰਟੀ ਵੀ ਜਿੱਥੇ ਅਜਿਹੀਆਂ ਨੀਤੀਆਂ ਦੀ ਜਨਮਦਾਤਾ ਹੈ, ਉੱਥੇ ਕਾਂਗਰਸ ਭਾਜਪਾ ਅਤੇ ਆਮ ਆਦਮੀ ਪਾਰਟੀ ਦੇ ਰਾਸ਼ਟਰਵਾਦ ਤੇ ਸਿੱਖਾਂ ਪ੍ਰਤੀ ਸਰਕਾਰੀ ਸਾਜਿਸ਼ਾਂ ਦਾ ਹਮੇਸ਼ਾ ਸਮਰਥਨ ਕਰਦੀ ਹੈ। ਸਿੱਖਾਂ ਪ੍ਰਤੀ ਸਰਕਾਰ ਦੀਆਂ ਜਾਬਰ ਅਤੇ ਸਾਜਿਸ਼ੀ ਨੀਤੀਆਂ ਪੰਜਾਬ ਦੇ ਬਹੁਗਿਣਤੀ ਹਿੰਦੂ ਭਾਈਚਾਰੇ ਦੀ ਮਾਨਸਿਕ ਖੁਰਾਕ ਹਨ। ਇਸ ਮਾਹੌਲ ਵਿੱਚ ਰਵਾਇਤੀ ਅਕਾਲੀ ਆਗੂ ਸਭ ਕੁਝ ਜਾਣਦੇ-ਬੁੱਝਦੇ ਹੋਏ ਆਪਣੇ ਨਿੱਜੀ ਰਾਜਸੀ ਸਵਾਰਥਾਂ ਖਾਤਰ ਅਤੇ ਹਿੰਦੂ ਵੋਟਾਂ ਦੀ ਮੁਥਾਜੀ ਕਾਰਨ ਹਮੇਸ਼ਾ ਸਰਕਾਰੀ ਨੀਤੀਆਂ ਦੇ ਹੱਕ ਵਿੱਚ ਭੁਗਤ ਜਾਂਦੇ ਹਨ। ਬਦਕਿਸਮਤੀ ਵੱਸ ਖੱਬੇ ਪੱਖੀ ਅਤੇ ਅੰਬੇਦਕਰਵਾਦੀ ਆਪੋ-ਆਪਣੀ ਵਿਚਾਰਧਾਰਕ ਖੜੋਤ ਕਾਰਨ ਸਿੱਖ ਮਾਮਲਿਆਂ ਦੇ ਸਬੰਧ ਵਿੱਚ ਹਮੇਸ਼ਾ ਸਟੇਟ ਨੀਤੀਆਂ ਦੇ ਪੱਖ ਵਿੱਚ ਭੁਗਤਦੇ ਆਏ ਹਨ।

ਉਪਰ ਬਿਆਨੇ ਸਿਆਸੀ ਦ੍ਰਿਸ਼ ਤੋਂ ਬਾਅਦ ਬਾਕੀ ਬਚਿਆ ਪੰਥਕ ਜਜ਼ਬਾ ਜਥੇਬੰਦਕ ਤੌਰ 'ਤੇ ਖਿੰਡਾਅ ਅਤੇ ਸਿਆਸੀ ਸੋਝੀ ਪੱਖੋਂ ਬੌਧਿਕ ਕੰਗਾਲੀ ਦਾ ਸ਼ਿਕਾਰ ਹੈ। ਇਹ ਸਥਿਤੀ ਲੰਬੇ ਸਮੇਂ ਤੋਂ ਬਣੀ ਹੋਈ ਹੈ। ਜਦੋਂ ਪ੍ਰਕਾਸ਼ ਸਿੰਘ ਬਾਦਲ ਜਿਉਂਦੇ ਸਨ ਤਾਂ ਹੁਕਮਰਾਨ ਅਤੇ ਸਟੇਟ ਏਜੰਸੀਆਂ ਪੰਜਾਬ ਦੇ ਬਾਗੀ ਜਜ਼ਬੇ ਪ੍ਰਤੀ ਜ਼ਿਆਦਾ ਫਿਕਰਮੰਦ ਨਹੀਂ ਸਨ। ਸਿੱਖਾਂ ਨੂੰ ਸਿੱਖ ਚਿਹਰੇ ਰਾਹੀਂ ਨੁਕਸਾਨ ਪਹੁੰਚਾਉਣ ਦੀ ਸਟੇਟ ਨੀਤੀ ਬਾਦਲ ਦੀ ਅਗਵਾਈ ਵਿੱਚ ਬਹੁਤ ਸਫਲ ਰਹੀ। ਬਾਦਲ ਦੀ ਪਕੜ ਟੁੱਟਦੇ ਹੀ ਸਿੱਖ ਜਜ਼ਬੇ ਵਿਚਲੇ ਉਭਾਰ ਅਤੇ ਅੰਗੜਾਈਆਂ ਨੇ ਸਟੇਟ ਏਜੰਸੀਆਂ ਦੀ ਨੀਂਦ ਹਰਾਮ ਕੀਤੀ ਹੋਈ ਹੈ। ਇਹੋ ਕਾਰਨ ਹੈ ਕਿ ਸਟੇਟ ਏਜੰਸੀਆਂ ਦੀ ਪੰਥਕ ਮਾਮਲਿਆਂ ਵਿੱਚ ਸ਼ਾਜਿਸੀ ਦਖਲਅੰਦਾਜ਼ੀ ਅਤੇ ਜਾਬਰ ਨੀਤੀਆਂ ਨੇ ਬਹੁਤ ਤੇਜ਼ੀ ਫੜੀ ਹੋਈ ਹੈ। ਸਟੇਟ ਸਿੱਖਾਂ ਵਿਚਲੇ ਆਪਣੇ ਏਜੰਟਾਂ ਰਾਹੀ ਕੋਸ਼ਿਸ਼ ਕਰ ਰਹੀ ਹੈ ਕਿ ਪੰਥਕ ਜਜ਼ਬੇ ਨੂੰ ਇੱਕ ਪਲੈਟਫਾਰਮ ਉੱਪਰ ਕਿਸੇ ਇਮਾਨਦਾਰ ਅਤੇ ਜੁਅਰਤਮੰਦ ਆਗੂ ਦੀ ਅਗਵਾਈ ਵਿੱਚ ਇਕੱਠੇ ਹੋਣ ਤੋਂ ਰੋਕਿਆ ਜਾਵੇ। ਇਸ ਕੋਸ਼ਿਸ ਤਹਿਤ ਪੰਜਾਬ ਅਤੇ ਭਾਰਤ ਸਰਕਾਰ ਕੁਝ ਵੱਖੋ-ਵੱਖਰੀਆਂ ਤੇ ਕੁਝ ਸਾਂਝੀਆਂ ਸਾਜਿਸ਼ਾਂ ਉਪਰ ਕੰਮ ਕਰ ਰਹੇ ਹਨ।

ਹੁਣ ਆਪਾਂ ਫਿਰ ਇਸ ਪੋਸਟ ਦੇ ਆਰੰਭਕ ਮੁੱਦੇ ਬਾਬਾ ਸੇਵਾ ਸਿੰਘ ਦੀਆਂ ਰਾਜਸੀ ਮਿਲਣੀਆਂ ਤੇ ਇਸ ਪਿਛਲੇ ਸੱਤਾਧਾਰੀਆਂ ਦੇ ਇਰਾਦੇ ਵੱਲ ਮੁੜਦੇ ਹਾਂ। ਆਮ ਆਦਮੀ ਪਾਰਟੀ ਜਾਣਦੀ ਹੈ ਕਿ ਪੰਜਾਬ ਵਿੱਚ ਉਸਦੀ ਸਫਲਤਾ ਦਾ ਕਾਰਨ ਪੰਥਕ ਰਾਜਨੀਤੀ ਦਾ ਹਾਸ਼ੀਏ ਉਪਰ ਚੱਲੇ ਜਾਣਾ ਸੀ ਅਤੇ ਜੇਕਰ ਫਿਰ ਪੰਥਕ ਰਾਜਨੀਤੀ ਮਜਬੂਤ ਹੁੰਦੀ ਹੈ ਤਾਂ ਉਹ ਹਾਸ਼ੀਏ ਉੱਪਰ ਚਲੇ ਜਾਣਗੇ। ਇੱਥੋਂ ਆਮ ਆਦਮੀ ਦਾ ਸ਼ਾਮ, ਦਾਮ, ਦੰਡ ਦਾ ਮੰਤਰ ਸ਼ੁਰੂ ਹੁੰਦਾ ਹੈ। ਪੰਥਕ ਰਾਜਨੀਤੀ ਮਜਬੂਤ ਤਾਂ ਹੁੰਦੀ ਸੀ ਜੇ ਬਾਦਲਾਂ ਨੂੰ ਛੱਡ ਕੇ ਬਾਕੀ ਸਾਰੇ ਧੜੇ ਅਤੇ ਸ਼ਖਸੀਅਤਾਂ ਕਿਸੇ ਯੋਗ ਅਗਵਾਈ ਵਿੱਚ ਇੱਕਠੇ ਹੋਣ।

ਜੇ ਅੰਮ੍ਰਿਤਪਾਲ ਸਿੰਘ ਰਾਹੀਂ ਪੰਥਕ ਰਾਜਨੀਤੀ ਦੀ



ਸੁਰਜੀਤੀ ਦੀ ਆਸ ਜਾਗੀ ਤਾਂ ਸਰਕਾਰ ਨੇ ਜਬਰ ਦਾ ਰਸਤਾ ਅਖਤਿਆਰ ਕਰਕੇ ਉਹ ਰਾਹ ਰੋਕਣ ਦੀ ਕੋਸ਼ਿਸ਼ ਕੀਤੀ। ਅੰਮ੍ਰਿਤਪਾਲ ਸਿੰਘ ਨੂੰ ਉਸ ਦੀ ਆਮਦ ਦੇ ਆਰੰਭ ਵਿੱਚ ਆਮ ਆਦਮੀ ਪਾਰਟੀ ਨੇ ਉਸ ਨੂੰ ਆਪਣੇ ਸੂਤਰਾਂ ਰਾਹੀ ਕਿਹਾ ਕਿ ਉਹ ਆਪਣੀਆਂ ਸਰਗਰਮੀਆਂ ਨੂੰ ਧਰਮ ਦੇ ਖੇਤਰ ਤੱਕ ਸੀਮਿਤ ਰੱਖੇ ਤਾਂ ਸਰਕਾਰ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਵਿੱਚ ਉਸ ਦੀ ਮਦਦ ਕਰੇਗੀ। ਜਦੋਂ ਉਹ ਪੰਜਾਬ ਸਰਕਾਰ ਦੇ ਲਾਰੇ ਵਿੱਚ ਨਾ ਆਇਆ ਤਾਂ ਪੰਜਾਬ ਸਰਕਾਰ ਨੇ ਅੰਮ੍ਰਿਤਪਾਲ ਸਿੰਘ ਦੇ ਮਾਮਲੇ ਵਿੱਚ ਭਾਰਤ ਸਰਕਾਰ ਦੀ ਰਾਏ ਮੰਨ ਕੇ ਜਬਰ ਦਾ ਰਸਤਾ ਚੁਣ ਲਿਆ।

ਜਿਵੇਂ ਕਿ ਆਪਾਂ ਪਹਿਲਾਂ ਵਿਚਾਰਿਆ ਕਿ ਸਿੱਖ ਮਾਮਲਿਆਂ ਬਾਰੇ ਕੇਂਦਰ ਅਤੇ ਪੰਜਾਬ ਸਰਕਾਰਾਂ ਕੁਝ ਮਾਮਲਿਆਂ ਵਿੱਚ ਇੱਕੋ ਚੈਪਟਰ ਉੱਪਰ ਹਨ, ਪਰ ਕੁਝ ਮਾਮਲਿਆਂ ਵਿੱਚ ਵੱਖੋ-ਵੱਖਰੀਆਂ ਸ਼ਾਜਿਸਾਂ ਤੇ ਨੀਤੀ ਅਪਨਾਉਂਦੀਆਂ ਹਨ। ਕੇਂਦਰ ਸਰਕਾਰ ਪੰਥਕ ਸਿਆਸਤ ਨੂੰ ਪ੍ਰਕਾਸ਼ ਸਿੰਘ ਬਾਦਲ ਜਿਹੇ ਕਿਸੇ ਹਿੰਦੂ ਰਾਸ਼ਟਰਵਾਦ ਦੇ ਹਮਾਇਤੀ ਆਗੂ ਦੀ ਅਗਵਾਈ ਵਿੱਚ ਜਥੇਬੰਦ ਹੋਣਾ ਲੋਚਦੀ ਹੈ; ਪਰ ਪੰਜਾਬ ਸਰਕਾਰ ਨੂੰ ਪੰਥਕ ਸਿਆਸਤ ਦੀ ਕਿਸੇ ਵੀ ਵੰਨਗੀ ਦੀ ਸਫਲਤਾ ਪ੍ਰਵਾਨ ਨਹੀਂ। ਇਸ ਕਰਕੇ ਪੰਜਾਬ ਸਰਕਾਰ ਅਤੇ ਉਸ ਦੀਆਂ ਏਜੰਸੀਆਂ ਪੰਥਕ ਸਿਆਸਤ ਵਿੱਚ ਮਜਬੂਤੀ ਅਤੇ ਏਕਤਾ ਦੇ ਹਰੇਕ ਰਸਤੇ ਨੂੰ ਰੋਕਣ ਲਈ ਸੱਤਾ ਦੀ ਤਾਕਤ ਦੀ ਹਰੇਕ ਦੁਰਵਰਤੋਂ ਦੀ ਹਾਮੀ ਹੈ। ਇਸੇ ਨੀਤੀ ਤਹਿਤ ਪੰਜਾਬ ਸਰਕਾਰ ਪੰਥਕ ਹਲਕਿਆਂ ਦੇ ਉਨ੍ਹਾਂ ਸਾਰੇ ਚਿਹਰਿਆਂ ਉੱਪਰ ਨਜ਼ਰ ਰੱਖਦੀ ਹੈ, ਜੋ ਪੰਥਕ ਰਾਜਨੀਤੀ ਵਿੱਚ ਏਕੇ ਜਾਂ ਮਜਬੂਤੀ ਦੇ ਸੂਤਰਧਾਰ ਬਣ ਸਕਦੇ ਹਨ। ਪੰਜਾਬ ਸਰਕਾਰ ਬਹੁਤ ਸਾਰੀਆਂ ਸ਼ਖਸੀਅਤਾਂ ਨੂੰ ਇਸ ਲਾਰੇ ਵਿੱਚ ਉਲਝਾਉਣ ਵਿੱਚ ਸਫਲ ਹੈ ਕਿ ਜੇਕਰ ਉਹ ਸਰਕਾਰ ਲਈ ਕੋਈ ਸਿਆਸੀ ਪ੍ਰੇਸ਼ਾਨੀ ਨਾ ਬਨਣ ਤਾਂ ਸਰਕਾਰ ਸ਼੍ਰੋਮਣੀ ਕਮੇਟੀ ਚੋਣਾਂ ਵਿੱਚ ਉਨ੍ਹਾਂ ਦੀ ਮਦਦ ਕਰੇਗੀ। ਅਜਿਹੇ ਆਗੂਆਂ ਦੀ ਲੜੀ ਵਿੱਚ ਸਾਬਕਾ ਜਥੇਦਾਰ ਭਾਈ ਰਣਜੀਤ ਸਿੰਘ, ਗਿਆਨੀ ਕੇਵਲ ਸਿੰਘ, ਪ੍ਰੋ. ਮਨਜੀਤ ਸਿੰਘ, ਬਾਬਾ ਸੇਵਾ ਸਿੰਘ, ਬਾਬਾ ਸਰਬਜੋਤ ਸਿੰਘ ਬੇਦੀ ਅਤੇ ਰਾਗੀ ਬਲਦੇਵ ਸਿੰਘ ਵਡਾਲੇ ਤੋਂ ਬਿਨਾਂ ਹੋਰ ਚਿਹਰੇ ਵੀ ਹੋ ਸਕਦੇ ਹਨ।

ਹੈਰਾਨੀ ਦੀ ਗੱਲ ਹੈ ਕਿ ਪੰਜਾਬ ਸਰਕਾਰ ਇੱਕੋ ਲਾਰੇ ਤਹਿਤ ਕਈ ਸਿੱਖ ਆਗੂਆਂ ਨੂੰ ਮੂਰਖ ਬਣਾਉਣ ਵਿੱਚ ਸਫਲ ਹੈ। ਮਨੀਸ਼ ਸਸੋਦੀਆ ਇਹੋ ਫੂੱਲੀਆਂ ਖਵਾਉਣ ਲਈ ਰਾਮਪੁਰ ਖੇੜੇ ਗਿਆ ਸੀ। ਆਮ ਲੋਕਾਂ ਨੂੰ ਭਾਵੇਂ ਮਨੀਸ਼ ਸਸੋਦੀਏ ਦੀ ਇਸ ਫੇਰੀ ਤੋਂ ਇਸ ਸਾਂਝ ਦਾ ਭੇਤ ਪਤਾ ਲੱਗਾ, ਪਰ ਅੰਦਰਖਾਤੇ ਇਹ ਪੁਰਾਣੀ ਸਾਂਝ ਹੈ, ਅਜਿਹੀਆਂ ਸਾਂਝਾਂ ਦੀ ਸ਼ੁਰੂਆਤ ਅਕਸਰ ਸਰਕਾਰੀ ਗੁਪਤਚਰ ਏਜੰਸੀਆ ਦੇ ਅਫਸਰ ਕਰਦੇ ਹੁੰਦੇ ਹਨ, ਸਿਆਸੀ ਆਗੂ ਤਾਂ ਅਜਿਹੇ ਗੁਪਤ ਸੌਦਿਆਂ ਉੱਪਰ ਮੋਹਰ ਲਾਉਣ ਲਈ ਮਿਲਣੀਆਂ ਕਰਦੇ ਹਨ।

ਦਸਮੇਸ਼ ਪਿਤਾ ਧੰਨ ਧੰਨ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਪੁਰਬ ਦੀ ਸਮੁੱਚੀ ਸਿੱਖ ਸੰਗਤ ਨੂੰ

ਕੋਟਾਨਿ ਕਾਟਿ ਵਧਾਈ

Happy New Year 2026

ਨਵੇਂ ਸਾਲ 2026 ਦੀ ਆਮਦ 'ਤੇ ਸਮੂਹ ਭਾਈਚਾਰੇ ਦੀ ਚੜ੍ਹਦੀ ਕਲਾ ਦੀ ਅਰਦਾਸ ਕਰਦੇ ਹਾਂ। ਉਮੀਦ ਹੈ ਕਿ ਦੇਸ-ਵਿਦੇਸ਼ ਵਿੱਚ ਵੱਸਦਾ ਭਾਈਚਾਰਾ ਪੰਜਾਬੀ ਤੇ ਪੰਜਾਬੀਅਤ ਦੀ ਪ੍ਰਫੁਲਤਾ ਲਈ ਯਤਨਸ਼ੀਲ ਰਹੇ



From: Palia Brothers (Indiana)

HAPPY NEW YEAR
2026

ਸਰਬੰਸ ਦਾਨੀ, ਅੰਮ੍ਰਿਤ ਕੇ ਦਾਤੇ, ਦਸਮੇਸ਼ ਪਿਤਾ ਸਾਹਿਬ

ਸ੍ਰੀ ਗੁਰੂ ਗੋਬਿੰਦ ਸਿੰਘ ਜੀ

ਦੇ ਪ੍ਰਕਾਸ਼ ਪੁਰਬ ਦੀਆਂ ਸਮੂਹ ਸੰਗਤਾਂ ਨੂੰ
ਦੇਸੀ ਜੰਕਸ਼ਨ ਟੀਮ ਵੱਲੋਂ
ਲੱਖ-ਲੱਖ ਵਧਾਈਆਂ

DESI JUNCTION
MEDIA

SCAN ME

ਪੰਜਾਬੀ ਜੰਕਸ਼ਨ ਰੇਡੀਓ
PUNJABI JUNCTION
RADIO COMING SOON !
SCAN FOR DETAILS
PH 512-981 6355

WWW.DESIJUNCTION.ORG/RADIO

**2025 ’ਚੋਂ ਗੁਜ਼ਰਦਿਆਂ**

# ਸੁਰਖੀਆਂ ਵਿੱਚ ਰਹੀ ਪੰਜਾਬ ਦੀ ਸਿਆਸਤ

## *ਕਈ ਨੌਕਰਸ਼ਾਹਾਂ ਨੂੰ ਲੱਗਾ ਸੇਕ; ਵਿਵਾਦਾਂ ਵਿੱਚ ਫਸੇ ਕਈ ਲੀਡਰ

ਮੋਹਿਤ ਧੁੱਪੜ

ਸਾਲ 2025 ਵਿੱਚ ਪੰਜਾਬ ਦਾ ਸਿਆਸੀ ਮਾਹੌਲ ਕਾਫ਼ੀ ਉਤਰਾਅ-ਚੜ੍ਹਾਅ ਵਾਲਾ ਰਿਹਾ। ਵਿਧਾਨ ਸਭਾ ਦੀਆਂ ਦੋ ਉਪ-ਚੋਣਾਂ ਹੋਈਆਂ ਅਤੇ ਸਾਲ ਦੇ ਅੰਤ ਵਿੱਚ ਅੱਠ ਸਾਲਾਂ ਤੋਂ ਲਟਕੀਆਂ ਜ਼ਿਲ੍ਹਾ ਪ੍ਰੀਸ਼ਦ ਅਤੇ ਪੰਚਾਇਤੀ ਚੋਣਾਂ ਵੀ ਕਰਵਾਈਆਂ ਗਈਆਂ। ਆਮ ਆਦਮੀ ਪਾਰਟੀ (ਆਪ) ਦਾ ਦਬਦਬਾ ਰਿਹਾ ਅਤੇ ਬਾਕੀ ਧਿਰਾਂ ਚਿੰਤਨ-ਮੰਥਨ ਵਿੱਚ ਲੱਗੀਆਂ ਰਹੀਆਂ। ਇਸ ਸਾਲ ਪੰਜਾਬ ਨੇ ਸਿਆਸੀ ਉਥਲ-ਪਥਲ ਦੇ ਨਵੇਂ ਰੰਗ ਵੇਖੇ। ਨੇਤਾਵਾਂ ਨਾਲ ਵਿਵਾਦ ਜੁੜੇ ਤਾਂ ਇਸ ਲਪੇਟ ’ਚ ਨੌਕਰਸ਼ਾਹ ਵੀ ਆ ਗਏ। ਇੱਕ ਆਈ.ਪੀ.ਐੱਸ. ਅਫਸਰ ਨੂੰ ਮੁਅੱਤਲੀ ਝੱਲਣੀ ਪਈ, ਦੂਜੇ ਨੂੰ ਜ਼ਬਰਦਸਤੀ ਛੁੱਟੀ ’ਤੇ ਭੇਜਿਆ ਗਿਆ। ਪੰਜਾਬ ਪੁਲਿਸ ਦੇ ਇੱਕ ਅਫਸਰ ਨੂੰ ਭਾਰਤੀ ਚੋਣ ਕਮਿਸ਼ਨ ਸਾਹਮਣੇ ਪੇਸ਼ ਹੋਣਾ ਪਿਆ। ਪੰਜਾਬ ਦੀ ਇੱਕ ਵੱਡੀ ਸਿਆਸੀ ਪਾਰਟੀ ਟੁੱਟ ਗਈ ਤੇ ਇੱਕ ਵਿਧਾਇਕ ਪੁਲਿਸ ਕਾਰਵਾਈ ਤੋਂ ਬਚਣ ਲਈ ਵਿਦੇਸ਼ ਭੱਜ ਗਿਆ। ਇੱਕ ਵਿਧਾਇਕ ਨੂੰ ਸਜ਼ਾ ਵੀ ਹੋਈ। ਇਸ ਸਾਲ ਸਿਆਸੀ ਹਲਚਲ ਹੋਰ ਤੇਜ਼ ਹੋਵੇਗੀ, ਕਿਉਂਕਿ ਵਿਧਾਨ ਸਭਾ ਚੋਣਾਂ ਨੇੜੇ ਆ ਰਹੀਆਂ ਹਨ।

### ਸ਼੍ਰੋਮਣੀ ਅਕਾਲੀ ਦਲ ਦੋਫਾੜ

ਪੰਜਾਬ ਦੀ ਸਭ ਤੋਂ ਪੁਰਾਣੀ ਖੇਤਰੀ ਪਾਰਟੀ ਸ਼੍ਰੋਮਣੀ ਅਕਾਲੀ ਦਲ ਨੂੰ ਅਗਸਤ ਵਿੱਚ ਤਿੱਖੀ ਫੁਟ ਦਾ ਸਾਹਮਣਾ ਕਰਨਾ ਪਿਆ, ਇਹ ਇਸ ਸਾਲ ਸੂਬੇ ਵਿੱਚ ਸਭ ਤੋਂ ਵੱਡੀ ਸਿਆਸੀ ਹਲਚਲ ਸੀ। ਪੰਜਾਬ ਦੀ ਪੰਥਕ ਸਿਆਸਤ ਵਿੱਚ ਵੱਡਾ ਬਦਲਾਅ ਆਇਆ ਤੇ ਅਕਾਲ ਤਖ਼ਤ ਨੇ ਨਵੀਂ ਪੰਥਕ ਪਾਰਟੀ ਸ਼੍ਰੋਮਣੀ ਅਕਾਲੀ ਦਲ (ਪੁਨਰਗਠਿਤ) ਦਾ ਗਠਨ ਕੀਤਾ। ਇਸ ਦੇ ਲੀਡਰ ਵਜੋਂ ਸਾਬਕਾ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੂੰ ਚੁਣਿਆ ਗਿਆ ਤੇ ਬੀਬੀ ਸਤਵੰਤ ਕੌਰ ਨੂੰ ਪੰਥਕ ਕਮੇਟੀ ਦਾ ਪ੍ਰਧਾਨ ਐਲਾਨਿਆ ਗਿਆ। ਦੂਜੇ ਪਾਸੇ ਅਗਾਮੀ ਚੋਣਾਂ ਨੂੰ ਧਿਆਨ ਵਿੱਚ ਰੱਖਦਿਆਂ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਅਕਾਲੀ ਏਕਤਾ ਲਈ ਟਿੱਲ ਲਾਉਂਦੇ ਰਹੇ। ਉਹ ਰੈਲੀਆਂ ਅਤੇ ਸਟੇਜਾਂ ਤੋਂ ਨਾਰਾਜ਼ ਸਾਥੀਆਂ ਨੂੰ ਸ਼ਿਕਵੇ ਭੁੱਲ ਕੇ ਦੁਬਾਰਾ ਜੁੜਨ ਦੀ ਅਪੀਲ ਕਰਦੇ ਰਹੇ। ਦੋਫਾੜ ਨੇ ਅਕਾਲੀ ਧਿਰ ਨੂੰ ਕਮਜ਼ੋਰ ਕੀਤਾ ਅਤੇ ਪੰਥਕ ਰਾਜਨੀਤੀ ਨੂੰ ਨਵੀਂ ਦਿਸ਼ਾ ਦਿੱਤੀ।

### ‘ਆਪ’ ਨੂੰ ਮਿਲੀ ਸਿਆਸੀ ਤਾਕਤ

ਜੂਨ ਮਹੀਨੇ ਵਿੱਚ ਲੁਧਿਆਣਾ ਪੱਛਮੀ ਹਲਕਾ ਅਤੇ ਨਵੰਬਰ ਵਿੱਚ ਤਰਨਤਾਰਨ ਵਿੱਚ ਉਪ-ਚੋਣ ਹੋਈ, ਜਦਕਿ ਦਸੰਬਰ ਵਿੱਚ ਜ਼ਿਲ੍ਹਾ ਪ੍ਰੀਸ਼ਦ ਅਤੇ ਪੰਚਾਇਤੀ ਚੋਣਾਂ ਹੋਈਆਂ। ਇਸ ਦੌਰਾਨ ‘ਆਪ’, ਕਾਂਗਰਸ, ਭਾਜਪਾ, ਅਕਾਲੀ ਦਲ ਸਮੇਤ ਸਾਰੀਆਂ ਧਿਰਾਂ ਨੇ ਜਿੱਤ ਲਈ ਜ਼ੋਰ ਲਗਾਇਆ ਪਰ ਤਾਕਤ ਅਤੇ ਜਿੱਤ ‘ਆਪ’ ਨੂੰ ਮਿਲੀ। ਪਹਿਲਾਂ ਲੁਧਿਆਣਾ ਵਿੱਚ ‘ਆਪ’ ਦੇ ਸੰਜੀਵ ਅਰੋੜਾ ਜਿੱਤੇ ਅਤੇ ਮੰਤਰੀ ਬਣੇ। ਫਿਰ ਪੰਥਕ ਹਲਕੇ ਤਰਨਤਾਰਨ ਵਿੱਚ ‘ਆਪ’ ਨੇ ਅਕਾਲੀ ਗੜ੍ਹ ਵਿੱਚ ਸੰਨ੍ਹ ਲਾਈ ਅਤੇ ਜਿੱਤ ਹਾਸਲ ਕੀਤੀ। ਇਸ ਤੋਂ ਬਾਅਦ ਜ਼ਿਲ੍ਹਾ ਪ੍ਰੀਸ਼ਦ ਅਤੇ ਪੰਚਾਇਤੀ ਚੋਣਾਂ ਵਿੱਚ ਵੀ ‘ਆਪ’ ਨੇ ਸ਼ਾਨਦਾਰ ਪ੍ਰਦਰਸ਼ਨ ਕੀਤਾ। ਇਨ੍ਹਾਂ ਜਿੱਤਾਂ ਨੇ ‘ਆਪ’ ਦੀ ਪਕੜ ਨੂੰ ਹੋਰ ਮਜਬੂਤ ਕੀਤਾ ਅਤੇ ਹੋਰ ਧਿਰਾਂ ਨੂੰ ਚੁਣੌਤੀ ਪੇਸ਼ ਕੀਤੀ।

### ਐੱਸ.ਐੱਸ.ਪੀ. ਮੁਅੱਤਲ, ਦੂਜਾ ਛੁੱਟੀ ਭੇਜਿਆ

ਚੋਣਾਂ ਵਿੱਚ ਪਾਰਟੀਆਂ ਦੀ ਖਿੱਚੋਤਾਣ ਦਾ ਸੇਕ ਆਈ.ਪੀ.ਐੱਸ. ਅਫਸਰਾਂ ਤੱਕ ਪਹੁੰਚ ਗਿਆ। ਤਰਨਤਾਰਨ ਜ਼ਿਮਨੀ ਚੋਣ ਤੋਂ ਤਿੰਨ ਦਿਨ ਪਹਿਲਾਂ ਭਾਰਤੀ ਚੋਣ ਕਮਿਸ਼ਨ ਨੇ ਤਰਨਤਾਰਨ ਦੀ ਐੱਸ.ਐੱਸ.ਪੀ. ਡਾ. ਰਵਜੋਤ ਕੌਰ ਗਰੇਵਾਲ ਨੂੰ ਲੱਗੇ ਇਲਜ਼ਾਮਾਂ ਕਾਰਨ ਮੁਅੱਤਲ ਕਰ ਦਿੱਤਾ। ਦੋ ਡੀ.ਐੱਸ.ਪੀਆਂ ਦੇ ਤਬਾਦਲੇ ਵੀ ਹੋਏ। ਉਧਰ, ਜ਼ਿਲ੍ਹਾ ਪ੍ਰੀਸ਼ਦ ਅਤੇ ਪੰਚਾਇਤੀ ਚੋਣਾਂ ਵਿੱਚ ਪਟਿਆਲਾ ਪੁਲਿਸ ਦੀ ਕਥਿਤ ਵਾਇਰਲ ਆਡੀਓ ਰਿਕਾਰਡਿੰਗ ਦੇ ਮਾਮਲੇ ਵਿੱਚ ਐੱਸ.ਐੱਸ.ਪੀ. ਵਰੁਣ ਸ਼ਰਮਾ ਨੂੰ ਅਚਾਨਕ ਛੁੱਟੀ ’ਤੇ ਭੇਜ ਦਿੱਤਾ ਗਿਆ। ਇਹ ਕਾਰਵਾਈ ਅਕਾਲੀ ਦਲ ਦੀ ਸ਼ਿਕਾਇਤ ’ਤੇ ਹੋਈ ਅਤੇ ਮਾਮਲਾ ਹਾਈਕੋਰਟ ਤੱਕ ਪਹੁੰਚ ਗਿਆ। ਇਸ ਤੋਂ ਇਲਾਵਾ ਪੰਜਾਬ ਪੁਲਿਸ ਦੇ ਇੱਕ ਸੀਨੀਅਰ ਅਫਸਰ ਨੂੰ ਭਾਰਤੀ ਚੋਣ ਕਮਿਸ਼ਨ ਸਾਹਮਣੇ ਪੇਸ਼ ਹੋਣਾ ਪਿਆ। ਇਨ੍ਹਾਂ ਘਟਨਾਵਾਂ ਨੇ ਪ੍ਰਸ਼ਾਸਨ ਅਤੇ ਸਿਆਸਤ ਵਿਚਕਾਰ ਤਣਾਅ ਨੂੰ ਉਜਾਗਰ ਕੀਤਾ।

### ਆਸਟ੍ਰੇਲੀਆ ਭੱਜੇ ਪਠਾਣਮਾਜਰਾ

ਬਦਕਾਰੀ ਮਾਮਲੇ ਵਿੱਚ ਗ੍ਰਿਫ਼ਤਾਰੀ ਵਾਲੇ ਪਟਿਆਲਾ ਜ਼ਿਲ੍ਹੇ ਦੇ ਸਨੌਰ ਹਲਕੇ ਦੇ ‘ਆਪ’ ਵਿਧਾਇਕ ਹਰਮੀਤ ਸਿੰਘ ਪਠਾਣਮਾਜਰਾ ਆਸਟ੍ਰੇਲੀਆ ਭੱਜ ਗਏ। ਇਹ ਘਟਨਾ ਵੀ ਖ਼ੂਬ ਚਰਚਾ ਵਿੱਚ ਰਹੀ। ਪੰਜਾਬ ਪੁਲਿਸ ਉਨ੍ਹਾਂ ਨੂੰ ਦੋ ਮਹੀਨਿਆਂ ਤੋਂ ਲੱਭ ਰਹੀ ਸੀ। ਉਥੇ ਪਹੁੰਚ ਕੇ ਉਨ੍ਹਾਂ ਨੇ ਇੱਕ ਨਿੱਜੀ ਚੈਨਲ ਨੂੰ ਇੰਟਰਵਿਊ ਵੀ ਦਿੱਤਾ। ਇਸ ਦੌਰਾਨ ਪਠਾਣਮਾਜਰਾ ਨੇ ਆਪਣੇ ਵਿਰੁੱਧ ਰਜਿਸਟਰ ਮਾਮਲੇ ਨੂੰ ਝੂਠਾ ਦੱਸਿਆ ਅਤੇ ‘ਆਪ’ ਸਰਕਾਰ ’ਤੇ ਤਿੱਖੇ ਹਮਲੇ ਕੀਤੇ। ਇਹ ਮਾਮਲਾ ਪੰਜਾਬੀ ਸਿਆਸਤ ਵਿੱਚ ਭ੍ਰਿਸ਼ਟਾਚਾਰ ਅਤੇ ਨੈਤਿਕਤਾ ਨੂੰ ਲੈ ਕੇ ਵੱਡੀ ਚਰਚਾ ਪੈਦਾ ਕਰ ਗਿਆ।

### ਰਾਜਾ ਵੜਿੰਗ ’ਤੇ ਐੱਫ.ਆਈ.ਆਰ.

ਪੰਜਾਬ ਕਾਂਗਰਸ ਦੇ ਪ੍ਰਧਾਨ ਅਤੇ ਲੁਧਿਆਣਾ ਤੋਂ ਸੰਸਦ ਮੈਂਬਰ ਅਮਰਿੰਦਰ ਸਿੰਘ ਰਾਜਾ ਵੜਿੰਗ ਤਰਨਤਾਰਨ ਉਪ-ਚੋਣ ਦੌਰਾਨ ਕਈ ਵਿਵਾਦਾਂ ਵਿੱਚ ਫਸੇ ਰਹੇ। ਪਾਰਟੀ ਉਮੀਦਵਾਰ ਦੇ ਪ੍ਰਚਾਰ ਸਮੇਂ ਉਨ੍ਹਾਂ ਨੇ ਦੋ ਸਿੱਖ ਬੱਚਿਆਂ ਦੇ ਕੇਸਾਂ (ਸਿਰ ’ਤੇ ਬੰਨ੍ਹੇ ਜੂੜੇ) ਨੂੰ ਹੱਥ ਨਾਲ ਫੜ ਕੇ ਟਿੱਪਣੀ ਕਰ ਦਿੱਤੀ। ਘਟਨਾ ਦਾ ਵੀਡੀਓ ਸਾਹਮਣੇ ਆਉਂਦੇ ਹੀ ਵੜਿੰਗ ਦਾ ਵਿਰੋਧ ਸ਼ੁਰੂ ਹੋ ਗਿਆ। ਇਸ ਨੂੰ ਸਿੱਖ ਮਰਿਆਦਾ ਦਾ ਅਪਮਾਨ ਕਿਹਾ ਗਿਆ। ਰਾਜਾ ਵੜਿੰਗ ਇੱਥੇ ਨਹੀਂ ਰੁਕੇ- ਭਾਰਤ ਦੇ ਸਾਬਕਾ ਗ੍ਰਹਿ ਮੰਤਰੀ ਬੂਟਾ ਸਿੰਘ ਨੂੰ ਲੈ ਕੇ ਅਪਮਾਨਜਨਕ ਬਿਆਨ ਵੀ ਦੇ ਦਿੱਤੇ। ਇਸ ਤੋਂ ਬਾਅਦ ਕਪੂਰਥਲਾ ਵਿੱਚ ਉਨ੍ਹਾਂ ਵਿਰੁੱਧ ਐੱਫ.ਆਈ.ਆਰ. ਵੀ ਰਜਿਸਟਰ ਹੋ ਗਈ। ਪੰਜਾਬ ਰਾਜ ਅਨੁਸੂਚਿਤ ਜਾਤੀ ਕਮਿਸ਼ਨ ਨੇ ਵੀ ਉਨ੍ਹਾਂ ਨੂੰ ਤਲਬ ਕੀਤਾ। ਇਸ ਵਿਵਾਦ ਨੇ ਕਾਂਗਰਸ ਨੂੰ ਅੰਦਰੂਨੀ ਤਣਾਅ ਵਿੱਚ ਪਾ ਦਿੱਤਾ।

### ਅਨਮੋਲ ਗਗਨ ਮਾਨ ਨੇ ਹੈਰਾਨ ਕੀਤਾ

ਖਰੜ ਤੋਂ ‘ਆਪ’ ਵਿਧਾਇਕ ਅਨਮੋਲ ਗਗਨ ਮਾਨ ਨੇ ਵਿਧਾਨ ਸਭਾ ਤੋਂ ਅਚਾਨਕ ਅਸਤੀਫਾ ਦੇ ਦਿੱਤਾ। ਇਸ ਫੈਸਲੇ ਨਾਲ ‘ਆਪ’ ਵਿੱਚ ਖ਼ੂਬ ਹਲਚਲ ਮਚ ਗਈ। ਕਾਰਨ ਕੀ ਸੀ, ਇਹ ਅੱਜ ਤੱਕ ਖੁਲਾਸਾ ਨਹੀਂ ਹੋਇਆ, ਪਰ ਦਿੱਲੀ ਵਿੱਚ ਅਰਵਿੰਦ ਕੇਜਰੀਵਾਲ ਨਾਲ ਮੀਟਿੰਗ ਤੋਂ ਬਾਅਦ ਉਸ ਨੇ ਅਸਤੀਫਾ ਵਾਪਸ ਲੈ ਲਿਆ। ਅਨਮੋਲ ਗਗਨ ਮਾਨ ਪੰਜਾਬ ਸਰਕਾਰ ਵਿੱਚ ਮੰਤਰੀ ਰਹਿ ਚੁੱਕੇ ਹਨ। ਉਨ੍ਹਾਂ ਨੇ ਪੰਜਾਬੀ ਗਾਇਕਾ ਤੋਂ ਮੰਤਰੀ ਬਣਨ ਤੱਕ ਦਾ ਸਫ਼ਰ ਤੈਅ ਕੀਤਾ ਸੀ, ਪਰ ਬਾਅਦ ਵਿੱਚ ਮੰਤਰੀ ਦਾ ਅਹੁਦਾ ਵੀ ਗੁਆਇਆ। ਇਹ ਘਟਨਾ ‘ਆਪ’ ਦੇ ਅੰਦਰੂਨੀ ਵਿਵਾਦਾਂ ਨੂੰ ਸਾਹਮਣੇ ਲਿਆਉਂਦੀ ਹੈ।

### ਗੋਲੀ ਲੱਗਣ ਨਾਲ ਵਿਧਾਇਕ ਦੀ ਮੌਤ

ਜਨਵਰੀ ਵਿੱਚ ਲੁਧਿਆਣਾ ਪੱਛਮੀ ਹਲਕੇ ਤੋਂ ‘ਆਪ’ ਵਿਧਾਇਕ ਗੁਰਪ੍ਰੀਤ ਗੋਗੀ ਬੱਸੀ ਦੀ ਸਿਰ ਵਿੱਚ ਗੋਲੀ ਲੱਗਣ ਨਾਲ ਮੌਤ ਹੋ ਗਈ। ਪਰਿਵਾਰ ਨੇ ਉਨ੍ਹਾਂ ਨੂੰ ਹਸਪਤਾਲ ਪਹੁੰਚਾਇਆ, ਜਿੱਥੇ ਡਾਕਟਰਾਂ ਨੇ ਉਨ੍ਹਾਂ ਨੂੰ ਮ੍ਰਿਤਕ ਐਲਾਨ ਦਿੱਤਾ। ਪਰਿਵਾਰ ਅਨੁਸਾਰ ਗੋਗੀ ਆਪਣੀ ਰਿਵਾਲਵਰ ਸਾਫ਼ ਕਰ ਰਹੇ ਸਨ ਤਾਂ ਅਚਾਨਕ ਗੋਲੀ ਚੱਲ ਗਈ ਅਤੇ ਸਿਰ ਵਿੱਚ ਲੱਗ ਗਈ। ਇਹ ਘਟਨਾ ਸਿਆਸੀ ਹਲਕਿਆਂ ਵਿੱਚ ਖ਼ੂਬ ਚਰਚਾ ਵਿੱਚ ਰਹੀ ਅਤੇ ‘ਆਪ’ ਨੇ ਆਪਣਾ ਇੱਕ ਵਿਧਾਇਕ ਗੁਆ ਲਿਆ।

### ਚੋਣਾਂ ਤੋਂ ਪਹਿਲਾਂ ਦਲਬਦਲੀ

ਤਰਨਤਾਰਨ ਉਪ-ਚੋਣ ਤੋਂ ਪਹਿਲਾਂ ਤਿੰਨ ਵਾਰ ਵਿਧਾਇਕ ਰਹੇ ਅਕਾਲੀ ਨੇਤਾ ਹਰਮੀਤ ਸਿੰਘ ਸੰਧੂ ਅਚਾਨਕ ‘ਆਪ’ ਵਿੱਚ ਸ਼ਾਮਲ ਹੋ ਗਏ। ਅਕਾਲੀ ਧਿਰ ਹੈਰਾਨ ਰਹਿ ਗਈ, ਕਿਉਂਕਿ ਉਹ ਉਨ੍ਹਾਂ ’ਤੇ ਹੀ ਦਾਅ ਖੇਡ ਰਹੀ ਸੀ। ‘ਆਪ’ ਨੇ ਸੰਧੂ ਨੂੰ ਆਪਣਾ ਉਮੀਦਵਾਰ ਬਣਾ ਕੇ ਮੈਦਾਨ ਵਿੱਚ ਉਤਾਰ ਦਿੱਤਾ ਅਤੇ ਉਹ ਜਿੱਤ ਗਏ। ਅਕਾਲੀਆਂ ਨੂੰ ਦੂਜਾ ਚਿਹਰਾ ਲੱਭ ਕੇ ਉਸ ਨੂੰ ਉਤਾਰਨਾ ਪਿਆ। ਇਸ ਘਟਨਾ ਨੇ ਚੋਣ ਰਣਨੀਤੀ ਹੀ ਬਦਲ ਦਿੱਤੀ।

### ਵਿਧਾਇਕ ਨੂੰ ਸਜ਼ਾ

ਛੇੜਛਾੜ ਅਤੇ ਮਾਰ ਕੁਟਾਈ ਦੇ 12 ਸਾਲ ਪੁਰਾਣੇ ਮਾਮਲੇ ਵਿੱਚ ਖਡੂਰ ਸਾਹਿਬ ਤੋਂ ‘ਆਪ’ ਵਿਧਾਇਕ ਮਨਜਿੰਦਰ ਸਿੰਘ ਲਾਲਪੁਰਾ ਨੂੰ ਸੁਣਾਈ ਗਈ ਚਾਰ ਸਾਲਾਂ ਦੀ ਸਜ਼ਾ ਦੇ ਆਦੇਸ਼ ’ਤੇ ਹਾਈਕੋਰਟ ਵੱਲੋਂ ਰੋਕ ਵੀ ਸਿਆਸੀ ਹਲਕਿਆਂ ਵਿੱਚ ਚਰਚਾ ਦਾ ਵਿਸ਼ਾ ਰਿਹਾ। ਉਨ੍ਹਾਂ ਦੀ ਮੈਂਬਰੀ ’ਤੇ ਵੀ ਤਲਵਾਰ ਲਟਕੀ ਹੋਈ ਹੈ। 10 ਸਤੰਬਰ 2025 ਨੂੰ ਤਰਨਤਾਰਨ ਦੀ ਅਦਾਲਤ ਨੇ ਵਿਧਾਇਕ ਲਾਲਪੁਰਾ ਨੂੰ ਦੋਸ਼ੀ ਠਹਿਰਾਉਂਦੇ ਹੋਏ ਚਾਰ ਸਾਲਾਂ ਦੀ ਸਜ਼ਾ ਸੁਣਾਈ ਸੀ। ਇਹ ਮਾਮਲਾ ਸਿਆਸੀ ਨੈਤਿਕਤਾ ਨੂੰ ਲੈ ਕੇ ਵੱਡੀ ਚਰਚਾ ਪੈਦਾ ਕਰ ਰਿਹਾ ਹੈ।

2025 ਵਿੱਚ ਪੰਜਾਬ ਨੇ ਸਿਆਸੀ ਉਥਲ-ਪਥਲ ਦੇ ਨਾਲ-ਨਾਲ ਚੋਣ ਜਿੱਤਾਂ ਅਤੇ ਵਿਵਾਦਾਂ ਦੇ ਨਾਲ ਇੱਕ ਨਵਾਂ ਰੰਗ ਵੇਖਿਆ। ਅਗਲੇ ਸਾਲ ਵਿਧਾਨ ਸਭਾ ਚੋਣਾਂ ਨਾਲ ਇਹ ਹਲਚਲ ਹੋਰ ਵਧੇਗੀ। ਪੰਜਾਬੀ ਰਾਜਨੀਤੀ ਵਿੱਚ ‘ਆਪ’ ਦੀ ਤਾਕਤ ਵਧੀ ਹੈ। ਹੁਣ ਅਕਾਲੀ ਦਲ ਅਤੇ ਕਾਂਗਰਸ ਨੂੰ ਨਵੀਆਂ ਰਣਨੀਤੀਆਂ ਬਣਾਉਣੀਆਂ ਪੈਣਗੀਆਂ।

ਸਰਬੰਸਦਾਨੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਪੁਰਬ
ਅਤੇ ਨਵੇਂ ਸਾਲ 2026 ਦੀ ਸਮੁੱਚੇ ਭਾਈਚਾਰੇ ਨੂੰ



ਲੱਖ ਲੱਖ
ਵਧਾਈ

Happy New
Year 2026



ਵੱਲੋਂ: ਅਮਰਜੀਤ ਸਿੰਘ ਢੀਂਡਸਾ ਅਤੇ ਲਖਬੀਰ ਸਿੰਘ ਢੀਂਡਸਾ
ਸਮੂਹ ਢੀਂਡਸਾ ਪਰਿਵਾਰ (ਵਿਸਕਾਨਸਿਨ)

ਵਾਹੁ ਵਾਹੁ ਗੋਬਿੰਦ ਸਿੰਘ ਆਪੇ ਗੁਰ ਚੇਲਾ

ਜ਼ੁਲਮ ਅਤੇ ਬੇਇਨਸਾਫੀ ਦੇ ਖਿਲਾਫ ਡਟਣ ਵਾਲੇ
ਬਾਦਸ਼ਾਹ-ਏ-ਦਰਵੇਸ਼, ਖਾਲਸਾ ਪੰਥ ਦੇ ਸਿਰਜਕ

# ਸਰਬੰਸਦਾਨੀ ਗੁਰੂ ਗੋਬਿੰਦ ਸਿੰਘ ਜੀ ਦੇ

ਪ੍ਰਕਾਸ਼ ਦਿਹਾੜੇ ਦੀ ਸਮੂਹ ਸਿੱਖ ਕੌਮ ਨੂੰ

# ਲੱਖ-ਲੱਖ ਵਧਾਈ

# Happy New Year 2026



ਪਾਲ ਸਿੰਘ ਖਲੀਲ (ਸਾਊਥਬੈਂਡ, ਇੰਡੀਆਨਾ)
ਫੋਨ: 269-861-1800

# ਪੰਜਾਬ ਦਾ ਪਾਣੀ-ਭੋਜਨ-ਊਰਜਾ ਦਾ ਟੁੱਟਾ ਹੋਇਆ ਗਠਜੋੜ

ਸੱਚੋ-ਸੱਚ

ਡਾ. ਰਛਪਾਲ ਸਿੰਘ ਬਾਜਵਾ
ਫੋਨ: 630-303-8330



## *ਇਸ ਦਾ ਮਾੜੇ ਵਾਤਾਵਰਣ ਅਤੇ ਵਿਗੜੇ ਸਮਾਜਿਕ-ਆਰਥਿਕ ਢਾਂਚੇ ‘ਚ ਸੰਬੰਧ

ਵਾਤਾਵਰਣ ਵਿਗਿਆਨ, ਵਾਤਾਵਰਣ-ਅਰਥਸ਼ਾਸਤਰ, ਖੇਤੀਬਾੜੀ ਪ੍ਰਣਾਲੀ, ਸਮਾਜ ਸ਼ਾਸਤਰ, ਵਿਕਾਸ ਵਿਗਿਆਨ ਅਤੇ ਰਾਜਨੀਤਿਕ ਅਰਥਵਿਵਸਥਾ ਨੂੰ ਏਕੀਕ੍ਰਿਤ ਕਰਨ ਵਾਲਾ ਇੱਕ ਅੰਤਰ-ਅਨੁਸ਼ਾਸਨੀ ਦ੍ਰਿਸ਼ਟੀਕੋਣ ਇਹ ਦੱਸਦਾ ਹੈ ਕਿ ਪੰਜਾਬ ਦਾ ਪਾਣੀ-ਭੋਜਨ-ਊਰਜਾ ਗਠਜੋੜ, ਜੈਵ-ਸਮਰੱਥਾ, ਵਾਤਾਵਰਣ-ਘਾਟਾ ਅਤੇ ਪੰਜਾਬ ਦਾ ਸਮਾਜਿਕ-ਆਰਥਿਕ ਢਾਂਚਾ ਕਿਵੇਂ ਆਪਸ ਵਿੱਚ ਡੂੰਘਾਈ ਨਾਲ ਜੁੜਿਆ ਹੋਇਆ ਹੈ। ਪੰਜਾਬ, ਜਿਸਨੂੰ ਇਤਿਹਾਸਕ ਤੌਰ ‘ਤੇ “ਭਾਰਤ ਦਾ ਅੰਨ ਭੰਡਾਰ” ਕਿਹਾ ਜਾਂਦਾ ਹੈ, ਅੱਜ ਇੱਕ ਬਹੁ-ਆਯਾਮੀ ਅਸਥਿਰਤਾ ਸੰਕਟ ਦੇ ਕੇਂਦਰ ਵਿੱਚ ਹੈ। ਇਸਦੀ ਖੇਤੀਬਾੜੀ ਸਫਲਤਾ- ਤੀਬਰ ਸਿੰਚਾਈ, ਉੱਚ-ਉਪਜ ਦੇਣ ਵਾਲੇ ਭੋਜਨ ਉਤਪਾਦਨ ਅਤੇ ਵੱਡੀ ਸਬਸਿਡੀ ਵਾਲੀ ਊਰਜਾ ਤੇ ਰਸਾਇਣ ਖਾਦਾਂ ਦੇ ਇਸਤੇਮਾਲ ਦੇ ਆਧਾਰ ‘ਤੇ ਬਣੀ ਹੈ ਅਤੇ ਇਸ ਨੇ ਕੁਦਰਤੀ ਵਾਤਾਵਰਣ ਪ੍ਰਣਾਲੀਆਂ ‘ਤੇ ਗੰਭੀਰ ਤਣਾਅ ਪੈਦਾ ਕੀਤਾ ਹੈ, ਵਾਤਾਵਰਣ ਘਾਟੇ ਨੂੰ ਡੂੰਘਾ ਕੀਤਾ ਹੈ ਅਤੇ ਪੇਂਡੂ ਸਮਾਜਿਕ-ਆਰਥਿਕ ਢਾਂਚੇ ਨੂੰ ਮਾੜਾ ਆਕਾਰ ਦਿੱਤਾ ਹੈ।

ਇਹ ਲੇਖ ਪਾਣੀ-ਭੋਜਨ-ਊਰਜਾ ਗਠਜੋੜ, ਵਾਤਾਵਰਣ ਜੈਵਿਕ ਸਮਰੱਥਾ, ਵਾਤਾਵਰਣ ਘਾਟੇ ਤੇ ਪੰਜਾਬ ਦੇ ਸਮਾਜਿਕ-ਆਰਥਿਕ ਤਾਣੇ-ਬਾਣੇ ਵਿਚਕਾਰ ਆਪਸੀ ਸਬੰਧਾਂ ਦੀ ਜਾਂਚ ਕਰਦਾ ਹੈ ਅਤੇ ਇਹ ਦਲੀਲ ਦਿੰਦਾ ਹੈ ਕਿ ਪੰਜਾਬ ਦਾ ਖੇਤੀਬਾੜੀ ਵਿਕਾਸ ਦਾ ਮਾਡਲ ਅਸਥਿਰਤਾ ਦੇ ਇੱਕ ਪੜਾਅ ਵਿੱਚ ਦਾਖਲ ਹੋ ਗਿਆ ਹੈ, ਜੋ ਵਾਤਾਵਰਣ ਸਥਿਰਤਾ, ਆਰਥਿਕ ਲਚਕੀਲਾਪਣ ਅਤੇ ਸਮਾਜਿਕ ਸਦਭਾਵਨਾ ਨੂੰ ਖ਼ਤਰਾ ਹੈ। ਵਿਸ਼ਲੇਸ਼ਣ ਬਾਇਓਫਿਜ਼ੀਕਲ ਡੇਟਾ, ਪੇਂਡੂ ਆਰਥਿਕ ਢਾਂਚੇ, ਨੀਤੀ ਪ੍ਰੋਤਸਾਹਨ ਅਤੇ ਲੰਬੇ ਸਮੇਂ ਦੇ ਜਨਸੰਖਿਆ ਪਰਿਵਰਤਨਾਂ ਨੂੰ ਏਕੀਕ੍ਰਿਤ ਕਰਦਾ ਹੈ।

### 1. ਜਾਣ-ਪਛਾਣ

ਹਰੀ ਕ੍ਰਾਂਤੀ ਤੋਂ ਬਾਅਦ ਪੰਜਾਬ ਦਾ ਰਸਤਾ ਵਿਕਾਸ ਅਤੇ ਉੱਚ ਖੇਤੀਬਾੜੀ ਉਤਪਾਦਕਤਾ ਦੇ ਵਿਰੋਧਾਭਾਸ ਨੂੰ ਦਰਸਾਉਂਦਾ ਹੈ, ਜੋ ਡੂੰਘੇ ਵਾਤਾਵਰਣਕ ਵਿਗਾੜ ਦੀ ਕੀਮਤ ‘ਤੇ ਪ੍ਰਾਪਤ ਕੀਤਾ ਗਿਆ ਹੈ। ਖੁਰਾਕ ਸੁਰੱਖਿਆ ਲਈ ਇੱਕ ਰਾਸ਼ਟਰੀ ਰਣਨੀਤੀ ਦੇ ਰੂਪ ਵਿੱਚ ਜੋ ਕਈ ਦਹਾਕਿਆਂ ਤੋਂ ਸ਼ੁਰੂ ਹੋਇਆ ਸੀ, ਇੱਕ ਢਾਂਚਾਗਤ ਜਾਲ ਵਿੱਚ ਵਿਕਸਤ ਹੋਇਆ ਹੈ, ਜਿਸ ਵਿੱਚ ਪਾਣੀ ਦੀ ਕਮੀ, ਊਰਜਾ ਨਿਰਭਰਤਾ ਅਤੇ ਮੋਨੋਕਲਚਰ ਫਸਲ ਗੰਭੀਰ ਵਾਤਾਵਰਣਕ ਤੇ ਸਮਾਜਿਕ-ਆਰਥਿਕ ਨਤੀਜੇ ਪੈਦਾ ਕਰਨ ਲਈ ਆਪਸ ਵਿੱਚ ਮਿਲਦੇ ਹਨ। ਇਸ ਨੂੰ ਸਮਝਣ ਲਈ ਅੰਤਰ-ਅਨੁਸ਼ਾਸਨੀ ਸੋਚ ਦੀ ਲੋੜ ਹੁੰਦੀ ਹੈ। ਇਨ੍ਹਾਂ ਸੰਕਲਪਾਂ ਨੂੰ ਹੇਠ ਲਿਖੇ ਲੈਂਸਾਂ ਰਾਹੀਂ ਦੇਖਣ ਦੀ ਲੋੜ ਹੈ:

**ਪਾਣੀ-ਭੋਜਨ-ਊਰਜਾ ਗਠਜੋੜ:** ਪਾਣੀ ਦੀ ਉਪਲਬਧਤਾ, ਖੇਤੀਬਾੜੀ ਅਭਿਆਸ ਅਤੇ ਊਰਜਾ ਦੀ ਖਪਤ ਇੱਕ ਦੂਜੇ ਨਾਲ ਕਿਵੇਂ ਸੰਬੰਧਿਤ ਅਤੇ ਸਹਿ-ਨਿਰਧਾਰਤ ਹਨ।

**ਜੈਵ-ਸਮਰੱਥਾ ਅਤੇ ਵਾਤਾਵਰਣਕ ਘਾਟਾ:** ਇਹ ਵਾਤਾਵਰਣਕ ਮੰਗ (ਵਾਤਾਵਰਣਕ ਫੁੱਟਪ੍ਰਿੰਟ) ਅਤੇ ਕੁਦਰਤ ਦੀ ਪੁਨਰਜਨਮ ਸਮਰੱਥਾ ਵਿਚਕਾਰ ਪਾੜਾ ਹੈ।

**ਸਮਾਜਿਕ-ਆਰਥਿਕ ਢਾਂਚਾ:** ਜ਼ਮੀਨਧਾਰਕ ਪੈਟਰਨ, ਪੇਂਡੂ ਰੁਜ਼ਗਾਰ, ਪਰਵਾਸ ਪ੍ਰਵਾਹ, ਰਾਜ ਸਬਸਿਡੀਆਂ ਅਤੇ ਸੰਸਥਾਗਤ ਪ੍ਰੋਤਸਾਹਨ ਪੰਜਾਬ ਵਿੱਚ ਰੋਜ਼ਾਨਾ ਜੀਵਨ ਨੂੰ ਆਕਾਰ ਦੇ ਰਹੇ ਹਨ।

ਉਪਰੋਕਤ ਤਿੰਨਾਂ ਖੇਤਰਾਂ ਵਿੱਚ ਆਪਸੀ ਤਾਲਮੇਲ ਇੱਕ ਪ੍ਰਣਾਲੀਗਤ ਸੰਕਟ ਪੈਦਾ ਕਰਦਾ ਹੈ, ਜਿਸਨੂੰ ਰਵਾਇਤੀ ਖੇਤਰੀ ਨੀਤੀਆਂ ਹੱਲ ਕਰਨ ਵਿੱਚ ਅਸਫਲ ਰਹਿੰਦੀਆਂ ਹਨ।

### 2. ਪੰਜਾਬ ਵਿੱਚ ਪਾਣੀ-ਭੋਜਨ-ਊਰਜਾ ਗਠਜੋੜ ਦਾ ਇੰਟਰਲੌਕਿੰਗ ਦਬਾਅ

**(ੳ) ਪਾਣੀ ਅਤੇ ਖੇਤੀਬਾੜੀ:** ਪੰਜਾਬ ਵਿੱਚ ਖੇਤੀਬਾੜੀ ਬੁਨਿਆਦੀ ਤੌਰ ‘ਤੇ ਪਾਣੀ-ਸੰਬੰਧੀ ਹੈ। ਪ੍ਰਮੁੱਖ ਫਸਲਾਂ ਕਣਕ ਅਤੇ ਝੋਨਾ ਲਗਾਤਾਰ ਸਿੰਚਾਈ ਦੀ ਮੰਗ ਕਰਦੀਆਂ ਹਨ ਅਤੇ ਖਾਸ ਤੌਰ ‘ਤੇ ਝੋਨੇ ਲਈ ਹਫ਼ਤਿਆਂ ਤੱਕ ਪਾਣੀ ਭਰੇ ਖੇਤਾਂ ਦੀ ਲੋੜ ਹੁੰਦੀ ਹੈ, ਜੋ ਕਿ ਕੁਦਰਤੀ ਬਾਰਿਸ਼ ਤੋਂ ਕਿਤੇ ਜ਼ਿਆਦਾ ਹੈ। ਨਹਿਰੀ ਸਿੰਚਾਈ ਨਾਕਾਫ਼ੀ (ਸਿਰਫ਼ 23%) ਹੈ, ਜਦੋਂਕਿ ਕਿਸਾਨਾਂ ਨੇ ਟਿਊਬ-ਵੈੱਲਾਂ ਦੁਆਰਾ ਭੂਮੀਗਤ ਪਾਣੀ ਕੱਢਣ ਵੱਲ ਵੱਡੇ ਪੱਧਰ ‘ਤੇ (73%) ਰੁਖ ਕੀਤਾ। ਦਹਾਕਿਆਂ ਦੀ ਓਵਰ-ਪੰਪਿੰਗ ਦੇ ਨਤੀਜੇ ਵਜੋਂ:

- 150 ਬਲਾਕਾਂ ਵਿੱਚੋਂ ਲਗਭਗ 137 ਬਲਾਕ ਬਹੁਤ ਜ਼ਿਆਦਾ ਸ਼ੋਸ਼ਣ ਦੇ ਸ਼ਿਕਾਰ ਹਨ
- ਕਈ ਜ਼ਿਲ੍ਹਿਆਂ ਵਿੱਚ ਜ਼ਮੀਨੀ ਪਾਣੀ ਦੀ ਸਤਹ 0.5-1 ਮੀਟਰ ਸਾਲਾਨਾ ਡਿੱਗ ਰਹੀ ਹੈ
- ਧਰਤੀ ਹੇਠਲੇ ਪਾਣੀ ਦੀ ਗੁਣਵੱਤਾ (ਖਾਰਾਪਣ, ਫਲੋਰਾਈਡ, ਭਾਰੀ ਧਾਤਾਂ) ਵਿੱਚ ਭਾਰੀ ਗਿਰਾਵਟ ਆਈ ਹੈ
- 1965 ਤੋਂ ਪਹਿਲਾਂ ਦੇ ਬਹੁ-ਫਸਲੀ ਖੇਤੀਬਾੜੀ-ਪਰਿਆਵਰਣ ਤੋਂ ਚੌਲ-ਕਣਕ ਦੇ ਮੋਨੋਕਲਚਰ ਵੱਲ ਪੰਜਾਬ ਦੇ ਬਦਲਾਅ ਨੇ ਇੱਕ ਜਲ-ਸਰੋਤ ਅਸੰਤੁਲਨ ਪੈਦਾ ਕੀਤਾ, ਜੋ ਹੁਣ ਇਸਦੇ ਭੋਜਨ ਉਤਪਾਦਨ ਪ੍ਰਣਾਲੀ ਦੀ ਨੀਂਹ ਨੂੰ ਖ਼ਤਰਾ ਹੈ।

**(ਅ) ਊਰਜਾ ਅਤੇ ਸਿੰਚਾਈ:** ਕਿਉਂਕਿ ਧਰਤੀ ਹੇਠਲਾ ਪਾਣੀ ਹਰ ਸਾਲ ਜ਼ਿਆਦਾ ਡੂੰਘਾ ਹੁੰਦਾ ਜਾ ਰਿਹਾ ਹੈ, ਸਿੰਚਾਈ ਟਿਊਬਵੈੱਲਾਂ ਲਈ ਵਧੇਰੇ ਬਿਜਲੀ ਦੀ ਮੰਗ ਵਧੀ ਹੈ। ਪੰਜਾਬ ਦਾ ਊਰਜਾ ਖਪਤ ਪੈਟਰਨ ਦਰਸਾਉਂਦਾ ਹੈ ਕਿ:

- ਖੇਤੀਬਾੜੀ ਬਿਜਲੀ ਦੀ ਵਰਤੋਂ ਦਾ ਅਨੁਪਾਤ ਕਾਫੀ ਵੱਧ ਹਿੱਸਾ ਰੱਖਦੀ ਹੈ।
- ਕਿਸਾਨਾਂ ਨੂੰ ਰਾਜ ਦੁਆਰਾ ਪ੍ਰਦਾਨ ਕੀਤੀ ਗਈ ਮੁਫਤ ਬਿਜਲੀ ਬੇਰੋਕ ਪੰਪਿੰਗ ਨੂੰ ਉਤਸ਼ਾਹਿਤ ਕਰਦੀ ਹੈ
- ***ਅੰਤਰ-ਨਿਰਭਰਤਾ ਗੋਲਾਕਾਰ ਹੈ:*** ਵਧੇਰੇ ਪਾਣੀ ਕੱਢਣਾ? ਡੂੰਘਾ ਪਾਣੀ ਦਾ ਟੇਬਲ? ਵਧੇਰੇ ਬਿਜਲੀ ਦੀ ਮੰਗ? ਊਰਜਾ ਖੇਤਰ ‘ਤੇ ਵਧੇਰੇ ਵਿੱਤੀ ਤਣਾਅ?

ਇਹ ਸਭ ਡਬਲਯੂ.ਐਫ.ਈ. ਗਠਜੋੜ ਦੇ ਜਾਲ ਨੂੰ ਦਰਸਾਉਂਦਾ ਹੈ। ਇੱਕ ਸਮੱਸਿਆ (ਭੋਜਨ ਉਤਪਾਦਨ) ਨੂੰ ਹੱਲ ਕਰਨ ਨਾਲ ਦੂਜੀ (ਊਰਜਾ ਦੀ ਮੰਗ) ਤੇਜ਼ ਹੋ ਜਾਂਦੀ ਹੈ, ਜੋ ਇੱਕ ਤੀਜੀ (ਪਾਣੀ ਦੀ ਕਮੀ) ਸਮੱਸਿਆ ਨੂੰ ਹੋਰ ਵੀ ਵਿਗਾੜ ਦਿੰਦੀ ਹੈ।

**(ੲ) ਅਨਾਜ ਖਰੀਦ ਨੀਤੀ:** ਭਾਰਤ ਦੇ ਘੱਟੋ-ਘੱਟ ਸਮਰਥਨ ਮੁੱਲ (ਐਮ.ਐਸ.ਪੀ.) ਅਤੇ ਖਰੀਦ ਪ੍ਰਣਾਲੀ ਵਿੱਚ ਪੰਜਾਬ ਦੀ ਸ਼ਮੂਲੀਅਤ ਰਾਸ਼ਟਰੀ ਖੁਰਾਕ ਸੁਰੱਖਿਆ ਲਈ ਚੌਲਾਂ ਅਤੇ ਕਣਕ ਦੀ ਗਾਰੰਟੀਸ਼ੁਦਾ ਖਰੀਦ ਨੂੰ ਯਕੀਨੀ ਬਣਾਉਂਦੀ ਹੈ। ਆਰਥਿਕ ਤੌਰ ‘ਤੇ ਸਥਿਰ ਕਰਦੇ ਹੋਏ, ਇਹ ਨੀਤੀ:

- ਕਿਸਾਨਾਂ ਨੂੰ ਪਾਣੀ ਅਤੇ ਊਰਜਾ-ਸੰਬੰਧਿਤ ਫਸਲਾਂ ਨਾਲ ਜੋੜਦੀ ਹੈ
- ਬਾਗਬਾਨੀ, ਦਾਲਾਂ, ਤੇਲ ਬੀਜਾਂ ਅਤੇ ਬਾਜਰੇ ਵਿੱਚ ਵਿਭਿੰਨਤਾ ਨੂੰ ਨਿਰਾਸ਼ ਕਰਦੀ ਹੈ
- ਦੇਸ਼ ਨੂੰ ਭੋਜਨ ਦੇਣ ਲਈ ਵਾਤਾਵਰਣਕ ਅਸੰਤੁਲਨ ਨੂੰ ਬਣਾਈ ਰੱਖਦੀ ਹੈ ਅਤੇ ਹਰ ਸਾਲ ਹੋਰ ਘਟਾਉਂਦੀ ਹੈ

ਇਸ ਤਰ੍ਹਾਂ ਡਬਲਯੂ.ਐਫ.ਈ. ਗਠਜੋੜ ਸਿਰਫ਼ ਜੈਵਿਕ ਤੇ ਭੌਤਿਕ ਨਹੀਂ ਹੈ, ਬਲਕਿ ਇਸਨੂੰ ਸੰਸਥਾਗਤ ਤੌਰ ‘ਤੇ ਵੀ ਇੰਜੀਨੀਅਰ ਕੀਤਾ ਜਾ ਸਕਦਾ ਹੈ।

### 3. ਵਾਤਾਵਰਣ ਸੰਬੰਧੀ ਜੈਵਿਕ ਸਮਰੱਥਾ ਅਤੇ ਵਧ ਰਿਹਾ ਵਾਤਾਵਰਣ ਸੰਬੰਧੀ ਘਾਟਾ

**(ੳ) ਪੰਜਾਬ ਵਿੱਚ ਜੈਵਿਕ ਸਮਰੱਥਾ ਘਟ ਰਹੀ ਹੈ:** ਜੈਵਿਕ ਸਮਰੱਥਾ ਤੋਂ ਭਾਵ ਹੈ ਵਾਤਾਵਰਣ ਪ੍ਰਣਾਲੀਆਂ ਦੀ ਸਰੋਤਾਂ ਨੂੰ ਮੁੜ ਪੈਦਾ ਕਰਨ ਅਤੇ ਰਹਿੰਦ-ਖੂੰਹਦ ਨੂੰ ਸੋਖਣ ਦੀ ਸਮਰੱਥਾ। ਪੰਜਾਬ ਦੀ ਜੈਵਿਕ ਸਮਰੱਥਾ ਇਸ ਕਰਕੇ ਸੁੰਗੜ ਗਈ ਹੈ, ਕਿਉਂਕਿ:

- ਭੂਮੀਗਤ ਪਾਣੀ ਨੂੰ ਰੀਚਾਰਜ ਸੀਮਾ ਤੋਂ ਵੱਧ ਕੱਢਣਾ
- ਮੋਨੋਕ੍ਰਾਪਿੰਗ ਤੋਂ ਮਿੱਟੀ ਦੇ ਪੌਸ਼ਟਿਕ ਤੱਤਾਂ ਦੀ ਕਮੀ
- ਰਸਾਇਣਕ-ਗਹਿਣਸ਼ੀਲ ਖੇਤੀ (ਖਾਦ, ਕੀਟਨਾਸ਼ਕ, ਪਰਾਲੀ ਸਾੜਨਾ)
- ਜੈਵਿਕ ਵਿਭਿੰਨਤਾ ਦਾ ਨੁਕਸਾਨ ਅਤੇ ਮੂਲ ਖੇਤੀਬਾੜੀ ਜੰਗਲਾਤ ਪ੍ਰਣਾਲੀਆਂ ਦਾ ਅਲੋਪ ਹੋਣਾ।

ਪੰਜਾਬ ਦਾ ਵਾਤਾਵਰਣਕ ਪ੍ਰਭਾਵ ਅੱਜ ਇਸਦੀ ਵਾਤਾਵਰਣਕ ਜੈਵ-ਸਮਰੱਥਾ ਤੋਂ ਕਿਤੇ ਵੱਧ ਹੈ, ਕਿਉਂਕਿ ਸਿੰਚਾਈ ਲਈ ਪਾਣੀ, ਪੰਪਿੰਗ ਲਈ ਊਰਜਾ (ਬਿਜਲੀ ਤੇ ਡੀਜ਼ਲ), ਰਸਾਇਣਕ ਇਨਪੁਟਸ ਅਤੇ ਵਿਆਪਕ ਖੇਤੀਬਾੜੀ ਲਈ ਜ਼ਮੀਨ ਦੀਆਂ ਉੱਚ ਮੰਗਾਂ ਹਨ।

**(ਅ) ਇੱਕ ਢਾਂਚਾਗਤ ਆਰਥਿਕ ਮੁੱਦੇ ਵਜੋਂ ਵਾਤਾਵਰਣਕ ਘਾਟਾ:** ਪੰਜਾਬ ਦਾ ਵਾਤਾਵਰਣਕ ਘਾਟਾ ਸਿਰਫ਼ ਵਾਤਾਵਰਣਕ ਨਹੀਂ ਹੈ, ਇਹ ਆਰਥਿਕ ਅਤੇ ਸਮਾਜਿਕ ਵੀ ਹੈ। ਉਦਾਹਰਣ ਵਜੋਂ:

- ਮਿੱਟੀ ਦੀ ਸਿਹਤ ਵਿੱਚ ਗਿਰਾਵਟ ਖਾਦ ਨਿਰਭਰਤਾ ਨੂੰ ਵਧਾਉਂਦੀ ਹੈ ਅਤੇ ਉਤਪਾਦਨ ਲਾਗਤਾਂ ਨੂੰ ਵਧਾਉਂਦੀ ਹੈ।
- ਪਾਣੀ ਦੀ ਕਮੀ ਊਰਜਾ ਦੀ ਖਪਤ ਨੂੰ ਵਧਾਉਂਦੀ ਹੈ, ਜਿਸ ਨਾਲ ਰਾਜ ਦੇ ਬਿਜਲੀ ਬਜਟ ‘ਤੇ ਬੋਝ ਪੈਂਦਾ ਹੈ।
- ਜ਼ਮੀਨੀ ਉਤਪਾਦਕਤਾ ਵਿੱਚ ਖੜੋਤ ਪੇਂਡੂ ਆਮਦਨ ਨੂੰ ਘਟਾਉਂਦੀ ਹੈ ਅਤੇ ਨੌਜਵਾਨਾਂ ਨੂੰ ਪਰਵਾਸ ਵੱਲ ਧੱਕਦੀ ਹੈ।

ਇਸ ਤਰ੍ਹਾਂ ਵਾਤਾਵਰਣਕ ਘਾਟਾ ਆਰਥਿਕ ਖੜੋਤ ਅਤੇ ਸਮਾਜਿਕ ਸੰਕਟ ਦਾ ਕਾਰਨ ਬਣ ਜਾਂਦਾ ਹੈ।

### 4. ਪੰਜਾਬ ਦਾ ਸਮਾਜਿਕ-ਆਰਥਿਕ ਢਾਂਚਾ ਅਤੇ ਡਬਲਯੂ.ਐਫ.ਈ. ਗਠਜੋੜ ਨਾਲ ਇਸਦੀ ਅੰਤਰ-ਨਿਰਭਰਤਾ

**(ੳ)** ਪੰਜਾਬ ਦਾ ਪੇਂਡੂ ਸਮਾਜ ਇਸ ਤਰ੍ਹਾਂ ਘੜਿਆ ਗਿਆ ਹੈ:

- ਛੋਟੇ ਅਤੇ ਸੀਮਾਂਤ ਕਿਸਾਨਾਂ ਦਾ ਦਬਦਬਾ
- ਵੱਡੇ ਜ਼ਮੀਨ ਮਾਲਕਾਂ ਦਾ ਸੁੰਗੜਦਾ ਵਰਗ
- ਖੇਤ ਮਜ਼ਦੂਰੀ ਜਾਂ ਪਰਵਾਸ ‘ਤੇ ਨਿਰਭਰ ਇੱਕ ਵਧਦਾ ਪੇਂਡੂ ਵਰਗ
- ਛੋਟੇ ਕਿਸਾਨ, ਜਿਨ੍ਹਾਂ ਕੋਲ ਪੂੰਜੀ ਜਾਂ ਵਿਕਲਪਾਂ ਦੀ ਘਾਟ ਹੈ, ਐਮ.ਐਸ.ਪੀ.-ਸਮਰਥਿਤ ਫਸਲਾਂ ਨਾਲ ਬੱਝੇ ਹੋਏ ਹਨ ਅਤੇ ਵਿੱਤੀ ਘਾਟੇ ਦੇ ਚੱਕਰ ‘ਚ ਫਸੇ ਹੋਏ ਹਨ।

**(ਅ) ਪੰਜਾਬ ਦੇ ਖੇਤੀਬਾੜੀ ਮਾਡਲ ਨੇ ਵਿਰੋਧੀ ਕਿਰਤ ਨਤੀਜੇ ਪੈਦਾ ਕੀਤੇ ਹਨ:** ਮਸ਼ੀਨੀਕਰਨ ਸਥਾਨਕ ਖੇਤੀਬਾੜੀ ਮਜ਼ਦੂਰਾਂ ਦੀ ਮੰਗ ਨੂੰ ਘਟਾਉਂਦਾ ਹੈ, ਘੱਟ ਖੇਤੀਬਾੜੀ ਮੁਨਾਫ਼ੇ ਕਾਰਨ ਪੰਜਾਬੀ ਨੌਜਵਾਨਾਂ ਵਿੱਚ ਬਾਹਰ (ਕੈਨੇਡਾ, ਯੂ.ਕੇ., ਅਮਰੀਕਾ, ਆਸਟ੍ਰੇਲੀਆ, ਇਟਲੀ) ਜਾਣ ਦਾ ਰੁਝਾਨ ਵਧਦਾ ਹੈ ਅਤੇ ਮੌਸਮੀ ਖੇਤੀ




ਕਾਰਜਾਂ ਲਈ ਬਿਹਾਰ ਤੇ ਪੂਰਬੀ ਯੂ.ਪੀ. ਤੋਂ ਪਰਵਾਸੀ ਮਜ਼ਦੂਰਾਂ ‘ਤੇ ਨਿਰਭਰਤਾ ਵਧਦੀ ਹੈ।

ਇਸ ਤਰ੍ਹਾਂ ਵਾਤਾਵਰਣਕ, ਆਰਥਿਕ ਅਤੇ ਬੇਰੋਜ਼ਗਾਰਿਕ ਦਬਾਅ ਜਨਸੰਖਿਆ ਤਬਦੀਲੀਆਂ ਅਤੇ ਪੇਂਡੂ ਸੱਭਿਆਚਾਰਕ ਤਬਦੀਲੀਆਂ ਵਿੱਚ ਯੋਗਦਾਨ ਪਾਉਂਦੇ ਹਨ।

**(ੲ) ਸਬਸਿਡੀਆਂ, ਰਾਜਨੀਤਿਕ ਅਰਥਵਿਵਸਥਾ ਅਤੇ ਵਾਤਾਵਰਣਿਕ ਜਾਲ**

ਪੰਜਾਬ ਦੀ ਰਾਜਨੀਤਿਕ ਅਰਥਵਿਵਸਥਾ ਵਿੱਚ ਖੇਤੀਬਾੜੀ ਲਈ ਮੁਫ਼ਤ ਬਿਜਲੀ, ਭੂਮੀਗਤ ਪਾਣੀ ਦੀ ਜ਼ਿਆਦਾ ਵਰਤੋਂ ਨੂੰ ਉਤਸ਼ਾਹਿਤ ਕਰਦਾ ਹੈ

- ਘੱਟੋ-ਘੱਟ ਸਮਰਥਨ ਮੁੱਲ-ਖਰੀਦ ਨਿਰਭਰਤਾ, ਖੇਤੀ ਵਿਭਿੰਨਤਾ ਦੇ ਰਾਹ ‘ਚ ਰੁਕਾਵਟ ਪੈਦਾ ਕਰਦਾ ਹੈ
- ਖਾਦ ਸਬਸਿਡੀਆਂ, ਰਸਾਇਣ-ਆਧਾਰਤ ਖੇਤੀ ਨੂੰ ਉਤਸ਼ਾਹਿਤ ਕਰਦੀਆਂ ਹਨ
- ਛੋਟੇ ਕਿਸਾਨਾਂ ਦੇ ਕਰਜ਼ੇ ਦੇ ਚੱਕਰ, ਜੋ ਅਕਸਰ ਵਧਦੀਆਂ ਲਾਗਤਾਂ ਕਾਰਨ ਵਧਦੇ ਹਨ, ਕਿਸਾਨਾਂ ਨੂੰ ਖੁਦਕੁਸ਼ੀਆਂ ਵੱਲ ਲੈ ਜਾਂਦੇ ਹਨ।

ਇਹ ਪ੍ਰੋਤਸਾਹਨ ਸਮਾਜਿਕ ਅਤੇ ਰਾਜਨੀਤਿਕ ਤੌਰ ‘ਤੇ ਸੰਵੇਦਨਸ਼ੀਲ ਸਥਿਤੀ ਨੂੰ ਕਾਇਮ ਰੱਖਦੇ ਹੋਏ ਅਣਜਾਣੇ ਵਿੱਚ ਵਾਤਾਵਰਣਿਕ ਗਿਰਾਵਟ ਨੂੰ ਡੂੰਘਾ ਕਰਦੇ ਹਨ।

### 5. ਫੀਡਬੈਕ ਲੂਪਸ ਅਤੇ ਵਾਤਾਵਰਣ ਤੇ ਸਮਾਜ ਇੱਕ ਦੂਜੇ ਨੂੰ ਕਿਵੇਂ ਸਬੰਧਤਿ ਤੇ ਮਜਬੂਤ ਕਰਦੇ ਹਨ?

ਪਾਣੀ-ਭੋਜਨ-ਊਰਜਾ ਗਠਜੋੜ ਵਾਤਾਵਰਣ ਘਾਟਾ ਅਤੇ ਸਮਾਜਿਕ-ਆਰਥਿਕ ਢਾਂਚੇ ਵਿਚਕਾਰ ਸਬੰਧ ਕਈ ਮਜਬੂਤੀ ਲੂਪਸ ਬਣਾਉਂਦੇ ਹਨ, ਜਿਵੇਂ ਕਿ:

**ਲੂਪ 1:**

- ਪਾਣੀ ਦੀ ਕਮੀ – ਊਰਜਾ ਦੀ ਮੰਗ – ਵਿੱਤੀ ਤਣਾਅ
- ਡੂੰਘਾ ਭੂਮੀਗਤ ਪਾਣੀ? ਵਧੇਰੇ ਪੰਪਿੰਗ? ਵਧੇਰੇ ਬਿਜਲੀ ਦੀ ਵਰਤੋਂ? ਵਧੇਰੇ ਰਾਜ ਸਬਸਿਡੀਆਂ? ਵਿੱਤੀ ਘਾਟਾ? ਵਿਭਿੰਨਤਾ ਲਈ ਘੱਟ ਸਰੋਤ।

**ਲੂਪ 2:**

- ਮਿੱਟੀ ਦਾ ਪਤਨ – ਘੱਟ ਉਪਜ – ਵਧਿਆ ਹੋਇਆ ਖੇਤੀ ਇਨਪੁਟ
- ਮਿੱਟੀ ਦੀ ਉਪਜਾਊ ਸ਼ਕਤੀ ਵਿੱਚ ਕਮੀ? ਘੱਟ ਉਤਪਾਦਕਤਾ? ਵਧੇਰੇ ਖਾਦ/ਕੀਟਨਾਸ਼ਕਾਂ ਦੀ ਵਰਤੋਂ? ਵਧਿਆ ਹੋਇਆ ਮਿੱਟੀ ਅਤੇ ਪਾਣੀ ਦਾ ਪ੍ਰਦੂਸ਼ਣ? ਹੋਰ ਨਿਘਾਰ।

**ਲੂਪ 3:**

- ਆਰਥਿਕ ਪ੍ਰੇਸ਼ਾਨੀ – ਪਰਵਾਸ – ਮਜ਼ਦੂਰਾਂ ਦੀ ਘਾਟ
- ਘੱਟ ਖੇਤੀ ਆਮਦਨ? ਨੌਜਵਾਨਾਂ ਦਾ ਪਰਵਾਸ? ਮਜ਼ਦੂਰਾਂ ਦੀ ਘਾਟ? ਵਧਿਆ ਹੋਇਆ ਮਸ਼ੀਨੀਕਰਨ? ਪੇਂਡੂ ਸਮਾਜਿਕ ਢਾਂਚੇ ਵਿੱਚ ਹੋਰ ਵਿਘਨ।

**ਲੂਪ 4:**

- ਨੀਤੀ ਖੜੋਤ ਜਾਂ ਤਾਲਾਬੰਦੀ
- ਚੌਲਾਂ ਅਤੇ ਕਣਕ ਲਈ ਘੱਟੋ-ਘੱਟ ਸਮਰਥਨ ਮੁੱਲ? ਫਸਲ ਵਿਭਿੰਨਤਾ ਦੀ ਘਾਟ? ਲਗਾਤਾਰ ਪਾਣੀ ਦੀ ਕਮੀ? ਵਧਿਆ ਹੋਇਆ ਵਾਤਾਵਰਣਕ ਘਾਟਾ।

ਇਹ ਸਾਰੇ ਚੱਕਰ ਪੰਜਾਬ ਦੇ ਸੰਕਟ ਨੂੰ ਆਪਣੇ ਆਪ ਹੀ ਹੋਰ ਮਜਬੂਤ ਬਣਾਉਂਦੇ ਹਨ।

### 6. ਸਥਿਰਤਾ ਵੱਲ ਅੰਤਰ-ਅਨੁਸ਼ਾਸਨੀ ਰਸਤੇ

ਪੰਜਾਬ ਦੀਆਂ ਚੁਣੌਤੀਆਂ ਨੂੰ ਹੱਲ ਕਰਨ ਲਈ ਵਾਤਾਵਰਣ ਵਿਗਿਆਨ, ਅਰਥਸ਼ਾਸਤਰ, ਸ਼ਾਸਨ ਅਤੇ ਭਾਈਚਾਰਕ-ਪੱਧਰੀ ਸਮਾਜਿਕ-ਸੱਭਿਆਚਾਰਕ ਪ੍ਰਣਾਲੀਆਂ ਵਿੱਚ ਏਕੀਕ੍ਰਿਤ ਸੁਧਾਰਾਂ ਦੀ ਲੋੜ ਹੈ।

**(ੳ) ਖੇਤੀਬਾੜੀ ਅਤੇ ਫਸਲ ਵਿਭਿੰਨਤਾ:**

- ਝੋਨੇ ਤੋਂ ਬਾਜਰਾ, ਦਾਲਾਂ, ਤੇਲ ਬੀਜਾਂ ਵਿੱਚ ਤਬਦੀਲੀ
- ਸੁੱਕੀ ਜ਼ਮੀਨ ਦੀ ਖੇਤੀ ਤਕਨੀਕਾਂ ਨੂੰ ਉਤਸ਼ਾਹਿਤ ਕਰੋ
- ਪਾਣੀ ਦੀ ਮੰਗ ਨੂੰ ਘਟਾਉਣ ਲਈ ਸੂਖਮ-ਸਿੰਚਾਈ (ਡ੍ਰਿਪ, ਸਪ੍ਰਿੰਕਲਰ) ਦੀ ਵਰਤੋਂ ਕਰੋ

**(ਅ) ਊਰਜਾ-ਪਾਣੀ ਸਬਸਿਡੀ ਪ੍ਰਣਾਲੀਆਂ ਵਿੱਚ ਸੁਧਾਰ:**

- ਮੁਫਤ ਬਿਜਲੀ ਨੂੰ ਸਿੱਧੇ ਲਾਭ ਟ੍ਰਾਂਸਫਰ (ਡੀ.ਬੀ.ਟੀ.) ਨਾਲ ਬਦਲੋ
- ਕਿਸਾਨਾਂ ਨੂੰ ਪਾਣੀ ਅਤੇ ਊਰਜਾ ਬਚਾਉਣ ਲਈ ਉਤਸ਼ਾਹਿਤ ਕਰੋ
- ਸੂਰਜੀ ਊਰਜਾ ਨਾਲ ਚੱਲਣ ਵਾਲੀ ਖੇਤੀਬਾੜੀ ਨੂੰ ਉਤਸ਼ਾਹਿਤ ਕਰੋ

**(ੲ) ਜੈਵਿਕ ਸਮਰੱਥਾ ਨੂੰ ਬਹਾਲ ਕਰਨਾ:**

- ਜੈਵਿਕ ਪਦਾਰਥ, ਵਿਭਿੰਨ ਫਸਲਾਂ ਤੇ ਕੁਦਰਤੀ ਤੇ ਹਰੀ ਖਾਦ ਰਾਹੀਂ ਮਿੱਟੀ ਦਾ ਪੁਨਰ ਨਿਰਮਾਣ ਕਰਨਾ
- ਖੇਤੀਬਾੜੀ ਜੰਗਲਾਤ ਅਤੇ ਮੂਲ ਜੈਵ ਵਿਭਿੰਨਤਾ ਨੂੰ ਮੁੜ ਸ਼ੁਰੂ ਕਰਨਾ
- ਭੂਮੀਗਤ ਪਾਣੀ ਰੀਚਾਰਜ, ਚੈੱਕ ਡੈਮਾਂ ਅਤੇ ਵਾਟਰਸ਼ੈੱਡ ਪ੍ਰਬੰਧਨ ਵਿੱਚ ਨਿਵੇਸ਼ ਕਰਨਾ

**(ਸ) ਸੰਸਥਾਗਤ ਅਤੇ ਬਾਜ਼ਾਰ ਸੁਧਾਰ:**

- ਵਿਭਿੰਨ ਫਸਲਾਂ ਲਈ ਐਮ.ਐਸ.ਪੀ. ਜਾਂ ਯਕੀਨੀ ਖਰੀਦ ਦਾ ਵਿਸਤਾਰ ਕਰਨਾ
- ਬਾਗਬਾਨੀ, ਡੇਅਰੀ ਅਤੇ ਹੋਰ ਪਸ਼ੂ ਉਤਪਾਦਾਂ, ਦਾਲਾਂ, ਤੇਲ ਬੀਜਾਂ ਆਦਿ ਲਈ ਮੁੱਲ ਲੜੀ ਬਣਾਉਣਾ
- ਕਿਸਾਨ ਉਤਪਾਦਕ ਸੰਗਠਨਾਂ (FPOs) ਨੂੰ ਮਜ਼ਬੂਤ ਕਰਨਾ

**(ਹ) ਸਮਾਜਿਕ ਅਤੇ ਆਰਥਿਕ ਪਰਿਵਰਤਨ:**

- ਪੇਂਡੂ ਉੱਦਮਤਾ ਅਤੇ ਗੈਰ-ਖੇਤੀ ਰੁਜ਼ਗਾਰ ਦਾ ਸਮਰਥਨ ਕਰਨਾ
- ਪੇਂਡੂ ਸਿੱਖਿਆ ਅਤੇ ਹੁਨਰ ਵਿਕਾਸ ਵਿੱਚ ਸੁਧਾਰ ਕਰਨਾ
- ਕ੍ਰੈਡਿਟ ਸੁਧਾਰ ਰਾਹੀਂ ਕਿਸਾਨਾਂ ਦੇ ਕਰਜ਼ੇ ਨੂੰ ਢਾਂਚਾਗਤ ਤੌਰ ‘ਤੇ ਹੱਲ ਕਰਨਾ।

### 7. ਸਿੱਟਾ

ਪੰਜਾਬ ਇੱਕ ਚੌਰਾਹੇ ‘ਤੇ ਖੜ੍ਹਾ ਹੈ। ਪਾਣੀ-ਭੋਜਨ-ਊਰਜਾ ਗਠਜੋੜ ਜੋ ਕਦੇ ਬੇਮਿਸਾਲ ਖੇਤੀਬਾੜੀ ਖੁਸ਼ਹਾਲੀ ਪੈਦਾ ਕਰਦਾ ਸੀ, ਹੁਣ ਰਾਜ ਨੂੰ ਵਾਤਾਵਰਣ ਦੇ ਵਿਗਾੜ ਅਤੇ ਸਮਾਜਿਕ-ਆਰਥਿਕ ਕਮਜ਼ੋਰੀ ਵੱਲ ਧੱਕ ਰਿਹਾ ਹੈ। ਇਸ ਤੋਂ ਵਾਤਾਵਰਣ ਦੀ ਘਾਟ- ਘਟਦਾ ਭੂਮੀਗਤ ਪਾਣੀ, ਘਟਦੀ ਮਿੱਟੀ ਉਪਜਾਊ ਸ਼ਕਤੀ ਅਤੇ ਸੁੰਗੜਦੀ ਜੈਵ ਵਿਭਿੰਨਤਾ ਵਿੱਚ ਪ੍ਰਗਟ ਹੁੰਦੀ ਹੈ- ਇੱਕੋ ਸਮੇਂ ਪੇਂਡੂ ਅਰਥਵਿਵਸਥਾ ਨੂੰ ਖੋਖਲੇਪਨ ਦਾ ਆਕਾਰ ਦੇ ਰਹੀ ਹੈ, ਪਰਵਾਸ ਨੂੰ ਤੇਜ਼ ਕਰ ਰਹੀ ਹੈ, ਕਰਜ਼ੇ ਨੂੰ ਡੂੰਘਾ ਕਰ ਰਹੀ ਹੈ ਅਤੇ ਪੰਜਾਬ ਨੂੰ ਇੱਕ ਅਸਥਿਰ ਖੇਤੀਬਾੜੀ ਮਾਡਲ ਵਿੱਚ ਬੰਦ ਕਰ ਰਹੀ ਹੈ।

ਭਵਿੱਖ ਦੇ ਟਿਕਾਊ ਪੰਜਾਬ ਨੂੰ ਵਾਤਾਵਰਣ ਦੀ ਬਹਾਲੀ ਨੂੰ ਆਰਥਿਕ ਪੁਨਰਗਠਨ ਅਤੇ ਸਮਾਜਿਕ ਤਬਦੀਲੀ ਨਾਲ ਜੋੜਨਾ ਚਾਹੀਦਾ ਹੈ। ਪੇਂਡੂ ਸਮਾਜ ਦੀਆਂ ਸਮਾਜਿਕ-ਆਰਥਿਕ ਨੀਂਹਾਂ ਨਾਲ ਆਪਣੇ ਪਾਣੀ, ਭੋਜਨ ਅਤੇ ਊਰਜਾ ਪ੍ਰਣਾਲੀਆਂ ਦੇ ਆਪਸੀ ਸਬੰਧਾਂ ਨੂੰ ਪਛਾਣ ਕੇ ਹੀ ਪੰਜਾਬ ਇਸ ਵਾਤਾਵਰਣ-ਆਰਥਿਕ ਜਾਲ ਤੋਂ ਬਚ ਸਕਦਾ ਹੈ ਅਤੇ ਇੱਕ ਲਚਕੀਲਾ, ਵਿਭਿੰਨ ਤੇ ਨਿਆਂਪੂਰਨ ਵਿਕਾਸ ਮਾਰਗ ਬਣਾ ਸਕਦਾ ਹੈ।

# ਤੂਰ ਬ੍ਰਦਰਜ਼ ਅਤੇ ਪਰਿਵਾਰ (ਵਿਸਕਾਨਸਿਨ) ਵੱਲੋਂ

## ਦਸਮ ਪਾਤਿਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਪੁਰਬ ਦੀ ਲੱਖ ਲੱਖ ਵਧਾਈ

## Happy New Year 2026

ਨਵੇਂ ਸਾਲ 2026 ਦੇ ਸ਼ੁਭ ਮੌਕੇ 'ਤੇ ਸਮੁੱਚੀ ਲੋਕਾਈ ਨੂੰ ਦਿਲ ਦੀਆਂ ਗਹਿਰਾਈਆਂ ਤੋਂ ਸ਼ੁਭਕਾਮਨਾਵਾਂ


ਗੁਰਸਾਹਿਬ ਸਿੰਘ ਤੂਰ


ਗੁਰ ਬਾਜ ਤੂਰ


ਗੁਰਦੀਪ ਤੂਰ


ਗੈਰੀ ਤੂਰ


ਹਰਜਿੰਦਰ ਤੂਰ

# ਅਥਾਹ ਵਿਭਿੰਨਤਾਵਾਂ ਨਾਲ ਭਰਪੂਰ ਹੈ:ਅਫਰੀਕਾ ਮਹਾਂਦੀਪ

ਵਿਚਾਰ

ਅਸ਼ਵਨੀ ਚਤਰਥ
ਫੋਨ:+91-6284220595



ਸੰਸਾਰ ਭਰ ਦੇ ਸੱਤ ਮਹਾਂਦੀਪਾਂ- ਏਸ਼ੀਆ, ਅਫਰੀਕਾ, ਯੂਰਪ, ਉੱਤਰੀ ਅਮਰੀਕਾ, ਦੱਖਣੀ ਅਮਰੀਕਾ, ਅੰਟਾਰਕਟਿਕਾ ਅਤੇ ਓਸ਼ੀਆਨੀਆ (ਆਸਟ੍ਰੇਲੀਆ) ਵਿੱਚੋਂ ਅਫਰੀਕਾ ਮਹਾਂਦੀਪ ਦੂਜਾ ਸਭ ਤੋਂ ਵੱਡਾ ਮਹਾਂਦੀਪ ਹੈ। ਕਰੀਬ ਤੀਹ ਮਿਲੀਅਨ ਵਰਗ ਕਿਲੋਮੀਟਰ ਰਕਬੇ ਵਿੱਚ ਫੈਲੇ ਇਸ ਮਹਾਂਦੀਪ ਹੇਠ ਧਰਤੀ ਦੇ ਕੁੱਲ ਜ਼ਮੀਨੀ ਖੇਤਰ ਦਾ ਵੀਹ ਫੀਸਦੀ ਹਿੱਸਾ ਆਉਂਦਾ ਹੈ। ਇਸ ਦੀ ਜ਼ਮੀਨ ਉੱਪਰ ਸੰਸਾਰ ਦੀ ਕੁੱਲ ਮਨੁੱਖੀ ਵੱਸੋਂ ਦਾ 18 ਫੀਸਦੀ ਭਾਵ 1.4 ਬਿਲੀਅਨ ਲੋਕ ਵੱਸਦੇ ਹਨ। ਇਸ ਦੀ ਵੱਸੋਂ ਦੀ ਇੱਕ ਵਿਸ਼ੇਸ਼ਤਾ ਇਹ ਹੈ ਕਿ ਇੱਥੋਂ ਦੇ ਲੋਕਾਂ ਦੀ ਔਸਤ ਉਮਰ ਸੰਸਾਰ ਭਰ ਦੇ ਬਾਕੀ ਦੇਸ਼ਾਂ ਦੀ ਔਸਤ ਉਮਰ ਨਾਲੋਂ ਸਭ ਤੋਂ ਘੱਟ ਹੈ- ਭਾਵ ਇੱਥੇ ਨੌਜਵਾਨਾਂ ਦੀ ਗਿਣਤੀ ਜ਼ਿਆਦਾ ਹੈ। ਦੱਸਣਯੋਗ ਹੈ ਕਿ ਜਿੱਥੇ ਦੁਨੀਆਂ ਭਰ ਦੇ ਬਾਕੀ ਦੇਸ਼ ਆਪਣੇ ਇਲਾਕੇ ਵਿੱਚ ਵੱਧ ਰਹੇ ਬਿਰਧ ਲੋਕਾਂ ਦੀ ਜਨਸੰਖਿਆ ਦੀ ਸਮੱਸਿਆ ਨਾਲ ਜੂਝ ਰਹੇ ਹਨ, ਉੱਥੇ ਹੀ ਅਫਰੀਕਾ ਦੀ ਵੱਧ ਨੌਜਵਾਨ ਜਨਸੰਖਿਆ ਇਲਾਕੇ ਦੀ ਆਰਥਿਕ ਤਰੱਕੀ ਕਰਨ ਵਿੱਚ ਅਹਿਮ ਭੂਮਿਕਾ ਨਿਭਾਅ ਸਕਦੀ ਹੈ। ਇਸ ਮਹਾਂਦੀਪ ਦੀ ਇੱਕ ਵਿਸ਼ੇਸ਼ ਧਿਆਨ ਦੇਣ ਵਾਲੀ ਗੱਲ ਇਹ ਹੈ ਕਿ ਭਰਪੂਰ ਕੁਦਰਤੀ ਸਰੋਤ ਹੋਣ ਦੇ ਬਾਵਜੂਦ ਇਸ ਦੇ ਦੇਸ਼ ਸੰਸਾਰ ਭਰ ਵਿੱਚ ਸਭ ਤੋਂ ਘੱਟ ਵਿਕਸਿਤ ਅਤੇ ਸਰਮਾਏ ਪੱਖੋਂ ਸਭ ਤੋਂ ਪੱਛੜੇ ਹੋਏ ਹਨ। ਇਸ ਦੇ ਕਾਰਨ ਹਨ- ਇੱਥੇ ਲੰਮੇ ਸਮੇਂ ਤੱਕ ਬਸਤੀਵਾਦ ਦਾ ਹੋਣਾ, ਕਬੀਲਾਵਾਦ, ਦੁਸ਼ਵਾਰ ਜਲਵਾਯੂ ਅਤੇ ਲੋਕਤੰਤਰ ਦੀ ਘਾਟ ਆਦਿ।

ਅਫਰੀਕੀ ਦੇਸ਼ਾਂ ਦਾ ਸਮੂਹ 'ਅਫਰੀਕੀ ਯੂਨੀਅਨ' ਵੱਖ-ਵੱਖ ਦੇਸ਼ਾਂ ਵਿੱਚ ਤਾਲਮੇਲ ਬਿਠਾਉਣ ਦਾ ਕੰਮ ਕਰਦਾ ਹੈ। ਉਕਤ ਮਹਾਂਦੀਪ ਵਿੱਚ 55 ਸੁਤੰਤਰ ਦੇਸ਼ ਹਨ, ਜਿਨ੍ਹਾਂ ਵਿੱਚੋਂ ਅਲਜ਼ੀਰੀਆ ਰਕਬੇ ਪੱਖੋਂ ਸਭ ਤੋਂ ਵੱਡਾ ਅਤੇ ਨਾਈਜੀਰੀਆ ਆਬਾਦੀ ਪੱਖੋਂ ਸਭ ਤੋਂ ਵੱਡਾ ਦੇਸ਼ ਹੈ। ਸੱਤ ਮਹਾਂਦੀਪਾਂ ਵਿੱਚੋਂ ਅਫਰੀਕਾ ਇਕੱਲਾ ਮਹਾਂਦੀਪ ਹੈ, ਜੋ ਧਰਤੀ ਦੇ ਉੱਤਰੀ ਅਰਧਗੋਲੇ ਤੋਂ ਦੱਖਣੀ ਅਰਧਗੋਲੇ ਤੱਕ ਫੈਲਿਆ ਹੋਇਆ ਹੈ। ਸਮੂਹ ਸੰਸਾਰ ਦੇ ਦੇਸ਼ਾਂ ਨੂੰ ਅਫਰੀਕਾ ਤੋਂ ਇੱਕ ਸਬਕ ਵੀ ਸਿੱਖਣਾ ਚਾਹੀਦਾ ਹੈ ਕਿ ਕਿਸੇ ਸਮੇਂ ਦੁਨੀਆਂ ਦੇ ਸਭ ਤੋਂ ਵੱਧ ਕਿਸਮਾਂ ਦੇ ਰੁੱਖਾਂ ਅਤੇ ਜੰਤੂਆਂ ਦੀਆਂ ਪ੍ਰਜਾਤੀਆਂ ਨਾਲ ਭਰਪੂਰ ਇਹ ਇਲਾਕਾ ਜੰਗਲਾਂ ਦੀ ਕਟਾਈ ਕਰਕੇ ਮਾਰੂਥਲ ਦਾ ਰੂਪ ਧਾਰਨ ਕਰੀ ਜਾ ਰਿਹਾ ਹੈ।

ਗੱਲ ਕਰੀਏ ਜੇਕਰ ਸੰਸਾਰ ਦੀ ਸਮੁੱਚੀ ਮਨੁੱਖ ਜਾਤੀ ਦੀ ਤਾਂ ਵਿਗਿਆਨੀਆਂ ਦੀ ਧਾਰਨਾ ਹੈ ਕਿ ਧਰਤੀ ਦਾ ਅਜੋਕੀ ਜਾਤੀ ਦਾ ਮਨੁੱਖ ਸਭ ਤੋਂ ਪਹਿਲਾਂ ਅਫਰੀਕਾ ਵਿੱਚ ਹੀ ਕਰੀਬ ਤਿੰਨ ਲੱਖ ਸਾਲ ਪਹਿਲਾਂ ਵਿਕਸਿਤ ਹੋਇਆ ਸੀ। ਇਸ ਦਾ ਸਬੂਤ ਮੋਰੋਕੋ, ਇਥੋਪੀਆ ਅਤੇ ਦੱਖਣੀ ਅਫਰੀਕਾ ਵਿੱਚ ਕਰੀਬ ਤਿੰਨ ਲੱਖ ਸਾਲ ਪੁਰਾਣੇ ਮਿਲੇ ਮਨੁੱਖੀ ਅਵਸ਼ੇਸ਼ਾਂ ਤੋਂ ਮਿਲਦਾ ਹੈ। ਗੱਲ ਕਰੀਏ ਜੇਕਰ ਪਾਣੀ ਦੀ ਉਪਲੱਬਧਤਾ ਦੀ ਤਾਂ ਅਫਰੀਕਾ ਵਿੱਚ ਪਾਣੀ ਦੀ ਘਾਟ ਇੱਕ ਵੱਡੀ ਸਮੱਸਿਆ ਬਣੀ ਹੋਈ ਹੈ। ਇੱਥੇ ਖੇਤੀਬਾੜੀ ਜ਼ਿਆਦਾਤਰ ਮੀਂਹ ਉੱਤੇ ਨਿਰਭਰ ਹੈ ਅਤੇ ਸਮੁੱਚੇ ਅਫਰੀਕਾ ਮਹਾਂਦੀਪ ਦੇ ਸਿਰਫ ਦਸ ਫੀਸਦੀ ਰਕਬੇ ਉੱਤੇ ਹੀ ਖੇਤੀਬਾੜੀ ਦੀ ਸਿੰਜਾਈ ਟਿਊਬਵੈੱਲਾਂ ਨਾਲ ਕੀਤੀ ਜਾਂਦੀ ਹੈ। ਅਫਰੀਕਾ ਦੇ ਇਨ੍ਹਾਂ ਹਲਾਤਾਂ ਤੋਂ ਭਾਰਤ ਦੇ ਲੋਕਾਂ ਨੂੰ ਵੀ ਸਬਕ ਸਿੱਖਣ ਦੀ ਲੋੜ ਹੈ। ਜ਼ਰੂਰਤ ਹੈ ਕਿ ਆਪਣੇ ਕੁਦਰਤੀ ਵਸੀਲਿਆਂ ਤੇ ਖਾਸ ਕਰਕੇ ਪਾਣੀ ਦੀ ਸਾਂਭ-ਸੰਭਾਲ ਕਰਦਿਆਂ ਹੋਇਆਂ ਇਸ ਦੀ ਉਚਿਤ ਵਰਤੋਂ ਕੀਤੀ ਜਾਵੇ।





ਪਿਛਲੇ ਕੁਝ ਸਾਲਾਂ ਵਿੱਚ ਸੰਯੁਕਤ ਰਾਸ਼ਟਰ ਸੰਘ ਦੀ ਵਾਤਾਵਰਨ ਸੰਬੰਧੀ ਸੰਸਥਾ 'ਵਾਤਾਵਰਨ ਤਬਦੀਲੀ ਸੰਬੰਧੀ ਅੰਤਰ ਸਰਕਾਰੀ ਪੈਨਲ' ਵੱਲੋਂ ਸਮੂਹ ਅਫਰੀਕੀ ਦੇਸ਼ਾਂ ਨੂੰ ਸੁਚੇਤ ਕੀਤਾ ਗਿਆ ਸੀ ਕਿ ਇਹ ਇਲਾਕਾ ਸੰਸਾਰ ਦੇ ਬਾਕੀ ਦੇਸ਼ਾਂ ਨਾਲੋਂ ਵੱਧ ਗਰਮ ਹੋ ਰਿਹਾ ਹੈ, ਜਿਸ ਦੇ ਸਿੱਟੇ ਵਜੋਂ ਆਉਣ ਵਾਲੇ ਸਮੇਂ ਵਿੱਚ ਇੱਥੇ ਭੋਜਨ ਦੀ ਵੱਡੀ ਕਿੱਲਤ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਅਫਰੀਕੀ ਮਹਾਂਦੀਪ ਦੀ ਗੱਲ ਕਰਦਿਆਂ ਸਹਾਰਾ ਰੇਗਿਸਤਾਨ ਦਾ ਨਾਂ ਆਪ ਮੁਹਾਰੇ ਸਾਡੇ ਜ਼ਿਹਨ ਵਿੱਚ ਆ ਜਾਂਦਾ ਹੈ। ਇਹ ਮਾਰੂਥਲ ਅਫਰੀਕਾ ਦੇ ਵੱਡੇ ਖੇਤਰ ਵਿੱਚ ਫੈਲਿਆ ਹੋਇਆ ਹੈ, ਜਿਸ ਵਿੱਚ ਅਲਜ਼ੀਰੀਆ, ਚਾਡ, ਮਿਸਰ, ਲੀਬੀਆ, ਮੋਰੋਕੋ, ਨਾਈਜ਼ਰ, ਸੁਡਾਨ ਅਤੇ ਟਿਊਨੀਸ਼ੀਆ ਦੇਸ਼ ਆਉਂਦੇ ਹਨ। ਭੂਗੋਲਿਕ ਸਥਿਤੀ ਪੱਖੋਂ ਅਫਰੀਕਾ ਮਹਾਂਦੀਪ ਪੱਛਮ ਵੱਲੋਂ ਅਟਲਾਂਟਿਕ ਮਹਾਂਸਾਗਰ, ਉੱਤਰ ਵੱਲੋਂ ਮੈਡੀਟੇਰੀਅਨ ਸਾਗਰ, ਪੂਰਵ ਵਾਲੇ ਪਾਸਿਓਂ ਲਾਲ ਸਾਗਰ ਅਤੇ ਦੱਖਣ ਵੱਲੋਂ ਅਟਲਾਂਟਿਕ ਤੇ ਭਾਰਤੀ ਮਹਾਂਸਾਗਰ ਦੇ ਮਿਸ਼ਰਿਤ ਪਾਣੀਆਂ ਨਾਲ ਘਿਰਿਆ ਹੋਇਆ ਹੈ। ਮਿਸਰ ਦੇਸ਼ ਵਿੱਚ ਵਹਿੰਦੀ ਸਵੇਜ਼ ਨਹਿਰ ਅਫਰੀਕਾ ਅਤੇ ਏਸ਼ੀਆ ਮਹਾਂਦੀਪਾਂ ਨੂੰ ਅੱਡ-ਅੱਡ ਕਰਦੀ ਹੈ। ਇਹ ਨਹਿਰ ਵਪਾਰਕ ਵੱਖੋਂ ਇਲਾਕੇ ਲਈ ਬੇਹੱਦ ਲਾਹੇਵੰਦ ਹੈ। ਅਫਰੀਕਾ ਦੇ ਜੰਗਲਾਂ ਵਿੱਚ ਗਿੱਦੜ, ਚੀਤੇ, ਸ਼ੇਰ, ਹਾਥੀ, ਊਠ, ਜਿਰਾਫ਼, ਮੱਝਾਂ ਤੋਂ ਇਲਾਵਾ ਪਾਣੀ ਵਿੱਚ ਮਿਲਣ ਵਾਲੇ ਮਗਰਮੱਛ ਜਿਹੇ ਜਾਨਵਰਾਂ ਦੀਆਂ ਪ੍ਰਜਾਤੀਆਂ ਵੱਡੀ ਗਿਣਤੀ ਵਿੱਚ ਮਿਲਦੀਆਂ ਹਨ। ਸਲੇਟੀ ਰੰਗ ਵਾਲੇ ਹਾਥੀ ਸਿਰਫ ਅਫਰੀਕਾ ਵਿੱਚ ਹੀ ਮਿਲਦੇ ਹਨ।

ਇਸ ਮਹਾਂਦੀਪ ਦੀਆਂ ਸਮੱਸਿਆ ਦੂਰ ਕਰਨ ਅਤੇ ਆਪਸੀ ਤਾਲਮੇਲ ਬਣਾਉਣ ਲਈ 55 ਦੇਸ਼ਾਂ ਦੇ 'ਅਫਰੀਕੀ ਯੂਨੀਅਨ' ਨਾਂ ਦੇ ਸੰਗਠਨ ਦੀ ਸਥਾਪਨਾ ਸੰਨ 2002 ਵਿੱਚ ਕੀਤੀ ਗਈ ਸੀ। ਵਿਸ਼ਵ ਬੈਂਕ ਦੀ ਇੱਕ ਰਿਪੋਰਟ ਮੁਤਾਬਿਕ ਇਸ ਖਿੱਤੇ ਦੀ ਵੱਡੀ ਆਬਾਦੀ ਗਰੀਬੀ, ਅਨਪੜ੍ਹਤਾ, ਕੁਪੋਸ਼ਣ, ਪੀਣ ਵਾਲੇ ਪਾਣੀ ਦੀ ਕਿੱਲਤ ਅਤੇ ਸਾਫ਼-ਸਫ਼ਾਈ ਦੇ ਮਾੜੇ ਹਲਾਤਾਂ ਕਰਕੇ ਬਿਮਾਰੀਆਂ ਨਾਲ ਜੂਝ ਰਹੀ ਹੈ। ਸਮੁੱਚੇ ਅਫਰੀਕਾ ਦੀ ਕੁੱਲ ਆਬਾਦੀ ਇਸਲਾਮ ਅਤੇ ਇਸਾਈਅਤ ਧਰਮਾਂ ਵਿੱਚ ਤਕਰੀਬਨ ਬਰਾਬਰ-ਬਰਾਬਰ ਵੰਡੀ ਹੋਈ ਹੈ। ਇੱਥੋਂ ਦੇ ਲੋਕਾਂ ਦੀ ਚਮੜੀ ਦਾ ਸਿਆਹ ਰੰਗ ਗਰਮ ਜਲਵਾਯੂ, ਧੁੱਪ ਦੀ ਬਹੁਤਾਤ ਅਤੇ ਚਮੜੀ ਵਿੱਚ ਮੌਜੂਦ ਗਾੜ੍ਹੇ ਰੰਗ ਦੇ ਮੈਲਾਨਿਨ ਕਣਾਂ ਦੇ ਜੀਨਾਂ ਕਰਕੇ ਹੁੰਦਾ ਹੈ। ਅਫਰੀਕਾ ਵਿੱਚ ਕੋਬਾਲਟ, ਸੋਨਾ, ਹੀਰੇ, ਬਾਕਸਾਈਟ, ਐਲਮੀਨੀਅਮ, ਕਰੋਮੀਅਮ, ਮੈਗਨੀਜ਼, ਯੂਰੇਨੀਅਮ ਅਤੇ ਪਲੈਟੀਨਮ ਜਿਹੇ ਸਰੋਤਾਂ ਦੇ ਵੱਡੇ ਭੰਡਾਰ ਮੌਜੂਦ ਹਨ। ਸਾਰੇ ਮਹਾਂਦੀਪਾਂ ਨਾਲੋਂ ਪੁਰਾਣਾ ਹੋਣ ਕਰਕੇ ਅਫਰੀਕਾ ਨੂੰ 'ਮਹਾਂਦੀਪਾਂ ਦੀ ਮਾਂ' ਵੀ ਕਿਹਾ ਜਾਂਦਾ ਹੈ। ਇੱਥੋਂ ਦੇ ਲੋਕਾਂ ਦਾ ਜੀਵਨ ਮੁਸ਼ਕਲਾਂ ਭਰਿਆ ਹੋਣ ਕਰਕੇ ਲੋਕਾਂ ਨੂੰ ਜ਼ਿਆਦਾ ਮਿਹਨਤ ਕਰਨੀ ਪੈਂਦੀ ਹੈ, ਜਿਸ ਕਰਕੇ ਇੱਥੋਂ ਦੇ ਜ਼ਿਆਦਾਤਰ ਲੋਕਾਂ ਦਾ ਸਰੀਰ ਤਕੜਾ ਹੁੰਦਾ ਹੈ।

ਅਫਰੀਕਾ ਦੇ ਭਵਨ ਨਿਰਮਾਣ ਦੀ ਗੱਲ ਕਰਦਿਆਂ ਗੀਜ਼ਾ ਦੇ ਪਿਰਾਮਿਡ ਯਾਦ ਆਉਂਦੇ ਹਨ। ਮਿਸਰ ਦੀ ਰਾਜਧਾਨੀ ਕਾਇਰੋ ਵਿਖੇ ਸਥਿਤ ਇਹ ਪਿਰਾਮਿਡ ਕੌਮਾਂਤਰੀ ਸੰਸਥਾ 'ਯੂਨੈਸਕੋ' ਦਾ ਵਿਰਾਸਤੀ ਸਰਮਾਇਆ ਹਨ। ਮਾਹਿਰਾਂ ਦਾ ਮੰਨਣਾ ਹੈ ਕਿ ਇਹ ਪਿਰਾਮਿਡ ਮਿਸਰ ਦੇ ਪ੍ਰਾਚੀਨ ਰਾਜਿਆਂ ਦੇ ਮ੍ਰਿਤਕ ਸਰੀਰਾਂ ਦੇ ਅਵਸ਼ੇਸ਼ਾਂ ਨੂੰ ਸੰਭਾਲਣ ਲਈ ਬਣਾਏ ਗਏ ਸਨ। ਅਫਰੀਕੀ ਕਲਾ ਭੰਡਾਰ ਵਿੱਚ ਵੱਡੀ ਵਿਭਿੰਨਤਾ ਪਾਈ ਜਾਂਦੀ ਹੈ। ਇਸ ਵਿੱਚ ਮਿੱਟੀ ਦੇ ਬਣੇ ਭਾਂਡੇ, ਧਾਤੂਆਂ ਤੋਂ ਬਣੀਆਂ ਵਸਤਾਂ, ਵੱਖ-ਵੱਖ ਕਿਸਮਾਂ ਦੀਆਂ ਮੂਰਤੀਆਂ, ਵਸਤਰ ਕਲਾ ਜਿਸ ਵਿੱਚ ਸਿਲਕ ਦੇ ਕੱਪੜੇ ਉੱਤੇ ਸੁਨਹਿਰੀ ਛਪਾਈ/ਕਢਾਈ ਆਦਿ ਸ਼ਾਮਲ ਹਨ। ਈਥੋਪੀਆ ਵਿੱਚ ਚਰਚ ਦੀਆਂ ਚਾਂਦੀ ਨਾਲ ਚਮਕਾਈਆਂ ਹੋਈਆਂ ਚਿੱਤਰਕਾਰੀਆਂ ਪੁਰਾਤਨ ਅਫਰੀਕਾ ਦਾ ਅਮੀਰ ਵਿਰਸਾ ਹਨ।

ਇੱਕ ਅਨੁਮਾਨ ਅਨੁਸਾਰ ਅਫਰੀਕਾ ਵਿੱਚ ਇੱਕ ਹਜ਼ਾਰ ਤੋਂ ਵੱਧ ਭਾਸ਼ਾਵਾਂ ਬੋਲੀਆਂ ਜਾਂਦੀਆਂ ਹਨ। ਇੱਥੋਂ ਦੇ ਲੋਕਾਂ ਵਿੱਚ ਭਾਸ਼ਾ ਪੱਖੋਂ ਵੱਡੀ ਵਿਭਿੰਨਤਾ ਪਾਈ ਜਾਂਦੀ ਹੈ- ਭਾਵ ਅਫਰੀਕੀ ਲੋਕ ਇੱਕ ਤੋਂ ਵੱਧ ਅਫਰੀਕੀ ਭਾਸ਼ਾਵਾਂ ਤੋਂ ਇਲਾਵਾ ਯੂਰਪੀ ਭਾਸ਼ਾਵਾਂ ਵੀ ਬੋਲਣ ਦੇ ਸਮਰੱਥ ਹੁੰਦੇ ਹਨ। ਇੱਕ ਅਨੁਮਾਨ ਅਨੁਸਾਰ ਸਮੁੱਚੇ ਵਿਸ਼ਵ ਦੀਆਂ 25 ਫੀਸਦ ਭਾਵ ਕਿ ਇੱਕ ਚੌਥਾਈ ਭਾਸ਼ਾਵਾਂ ਇੱਥੇ ਬੋਲੀਆਂ ਜਾਂਦੀਆਂ ਹਨ। ਇਹ ਮਹਾਂਦੀਪ ਜੀਵ ਵਿਭਿੰਨਤਾਵਾਂ ਦਾ ਪ੍ਰਮੁੱਖ ਕੇਂਦਰ ਹੈ, ਕਿਉਂਕਿ ਇੱਥੇ ਜੰਗਲੀ ਜੀਵਾਂ ਅਤੇ ਰੁੱਖਾਂ ਦੀਆਂ ਅਥਾਹ ਪ੍ਰਜਾਤੀਆਂ ਪਾਈਆਂ ਜਾਂਦੀਆਂ ਹਨ। 6600 ਕਿਲੋਮੀਟਰ ਦਰਿਆ ਨੀਲ ਦੁਨੀਆ ਦਾ ਸਭ ਤੋਂ ਵੱਡਾ ਦਰਿਆ ਹੈ। ਮਿਸਰ ਦੇਸ਼ ਨੂੰ ਨੀਲ ਦਰਿਆ ਦਾ ਤੋਹਫਾ ਆਖਦੇ ਹਨ, ਕਿਉਂਕਿ ਇਸ ਤੋਂ ਬਗੈਰ ਮਿਸਰ ਇੱਕ ਵੱਡਾ ਮਾਰੂਥਲ ਹੀ ਹੋਣਾ ਸੀ। ਇਹ ਦਰਿਆ ਅਫਰੀਕਾ ਦੇ 11 ਦੇਸ਼ਾਂ ਨੂੰ ਪਾਣੀ ਦੀ ਪੂਰਤੀ ਕਰਦਾ ਹੈ। ਵਿਕਟੋਰੀਆ ਝੀਲ ਅਫਰੀਕਾ ਦੀ ਸਭ ਤੋਂ ਵੱਡੀ ਝੀਲ ਹੈ, ਜੋ ਕਿ ਖੇਤੀ, ਮੱਛੀ ਫੜ੍ਹਨ ਅਤੇ ਸੈਰ-ਸਪਾਟੇ ਦੇ ਧੰਦਿਆਂ ਵਿੱਚ ਸਹਾਇਕ ਹੁੰਦੀ ਹੈ।

# ਮਨੁੱਖੀ ਅਧਿਕਾਰਾਂ ਨੂੰ ਨਵੀਂ ਦਿਸ਼ਾ ਦੇ ਰਹੀ ਬਨਾਵਟੀ ਬੁੱਧੀ

ਯੋਗੇਸ਼ ਕੁਮਾਰ ਗੋਇਲ

10 ਦਸੰਬਰ 1948 ਨੂੰ ਸੰਯੁਕਤ ਰਾਸ਼ਟਰ ਨੇ ਮਨੁੱਖੀ ਅਧਿਕਾਰਾਂ ਦਾ ਵਿਸ਼ਵਵਿਆਪੀ ਐਲਾਨਨਾਮਾ ਅਪਣਾਇਆ, ਜੋ ਇਹ ਸਿਧਾਂਤ ਪੇਸ਼ ਕਰਦਾ ਹੈ ਕਿ ਮਨੁੱਖ ਸਿਰਫ਼ ਭੌਤਿਕ ਜੀਵ ਨਹੀਂ ਹਨ, ਸਗੋਂ ਸੁਚੇਤ ਜੀਵ ਹਨ ਜੋ ਤਰਕ, ਮਾਣ, ਆਜ਼ਾਦੀ ਅਤੇ ਸਮਾਨਤਾ ਨਾਲ ਨਿਵਾਜਿਆ ਗਿਆ ਹੈ। ਇਸ ਐਲਾਨਨਾਮੇ ਨੇ ਮਨੁੱਖਤਾ ਨੂੰ ਆਪਣੇ ਮੌਲਿਕ ਅਧਿਕਾਰਾਂ ਪ੍ਰਤੀ ਜਾਗਰੂਕ ਕੀਤਾ ਅਤੇ ਇਹ ਵਿਸ਼ਵਾਸ ਪੈਦਾ ਕੀਤਾ ਕਿ ਮਨੁੱਖੀ ਮਾਣ ਸਭ ਤੋਂ ਉੱਪਰ ਹੈ। ਇਸਨੇ ਵਿਸ਼ਵ ਵਿਵਸਥਾ ਨੂੰ ਨੈਤਿਕ ਦਿਸ਼ਾ ਦਿੱਤੀ ਅਤੇ ਸੱਭਿਅਤਾ ਲਈ ਇੱਕ ਮਨੁੱਖੀ ਨੀਂਹ ਪ੍ਰਦਾਨ ਕੀਤੀ।

ਅੱਜ ਦੁਨੀਆ ਆਰਟੀਫੀਸ਼ੀਅਲ ਇੰਟੈਲੀਜੈਂਸ (ਏ.ਆਈ.) ਦੀ ਦਹਿਲੀਜ਼ 'ਤੇ ਖੜ੍ਹੀ ਹੈ। ਜੇਕਰ ਉਦਯੋਗਿਕ ਕ੍ਰਾਂਤੀ ਨੇ ਕੰਮ, ਉਤਪਾਦਨ ਅਤੇ ਸ਼ਕਤੀ ਦੇ ਸੰਤੁਲਨ ਨੂੰ ਬਦਲ ਦਿੱਤਾ ਹੈ, ਤਾਂ ਏ.ਆਈ. ਹੋਰ ਵੀ ਅੱਗੇ ਵਧਣ ਲਈ ਤਿਆਰ ਹੈ; ਮਸ਼ੀਨਾਂ ਦੀਆਂ ਸਮਰੱਥਾਵਾਂ ਨੂੰ ਮਨੁੱਖੀ ਦਿਮਾਗ ਦੀਆਂ ਸਮਰੱਥਾਵਾਂ ਨਾਲ ਮਿਲਾਉਂਦਾ ਹੈ। ਇਹ ਯੁੱਗ ਸਿਰਫ਼ ਆਟੋਮੇਸ਼ਨ ਜਾਂ ਗਣਨਾ ਦਾ ਯੁੱਗ ਨਹੀਂ ਹੈ; ਇਹ ਮਨੁੱਖੀ ਸੱਭਿਅਤਾ ਲਈ ਆਪਣੀ ਕਿਸਮਤ ਨੂੰ ਦੁਬਾਰਾ ਲਿਖਣ ਦਾ ਇੱਕ ਮੌਕਾ ਹੈ। ਤਕਨਾਲੋਜੀ ਹੁਣ ਸਿਰਫ਼ ਇੱਕ ਸਾਧਨ ਨਹੀਂ ਹੈ; ਇਹ ਸੋਚ, ਫੈਸਲਾ ਲੈਣ, ਗਿਆਨ ਅਤੇ ਸ਼ਾਸਨ ਦੇ ਦਿਲ ਵਿੱਚ ਪ੍ਰਵੇਸ਼ ਕਰ ਗਈ ਹੈ।

ਏ.ਆਈ. ਦੇ ਆਗਮਨ ਨੇ ਮਨੁੱਖੀ ਅਧਿਕਾਰਾਂ ਸੰਬੰਧੀ ਇੱਕ ਮਹੱਤਵਪੂਰਨ ਚਰਚਾ ਨੂੰ ਜਨਮ ਦਿੱਤਾ ਹੈ। ਮਨੁੱਖੀ ਅਧਿਕਾਰਾਂ ਦੀ ਸੁਰੱਖਿਆ ਹੁਣ ਸਿਰਫ਼ ਅਦਾਲਤਾਂ, ਘੋਸ਼ਣਾਵਾਂ, ਅੰਦੋਲਨਾਂ ਅਤੇ ਸੰਵਿਧਾਨਾਂ ਦੀ ਜ਼ਿੰਮੇਵਾਰੀ ਨਹੀਂ ਰਹੀ, ਸਗੋਂ ਡਿਜੀਟਲ ਵਿਹਾਰ, ਐਲਗੋਰਿਦਮਿਕ ਫੈਸਲੇ ਲੈਣ ਅਤੇ ਡੇਟਾ-ਸੰਚਾਲਿਤ ਨੀਤੀਆਂ ਦੀ ਅਸਲ ਪ੍ਰੀਖਿਆ ਬਣ ਗਈ ਹੈ। ਹੈਰਾਨੀਜਨਕ ਪਰ ਪ੍ਰੇਰਨਾਦਾਇਕ ਤੱਥ ਇਹ ਹੈ ਕਿ ਜੇਕਰ ਏ.ਆਈ. ਨੂੰ ਨੈਤਿਕਤਾ, ਪਾਰਦਰਸ਼ਤਾ ਅਤੇ ਮਨੁੱਖੀ ਸੰਵੇਦਨਾਵਾਂ ਨਾਲ ਵਿਕਸਤ ਕੀਤਾ ਜਾਂਦਾ ਹੈ, ਤਾਂ ਇਹ ਮਨੁੱਖੀ ਅਧਿਕਾਰਾਂ ਦੇ ਇਤਿਹਾਸ ਵਿੱਚ ਇੱਕ ਸੁਨਹਿਰੀ ਯੁੱਗ ਸਾਬਤ ਹੋ ਸਕਦਾ ਹੈ। ਨਿਆਂ ਪ੍ਰਣਾਲੀ ਵਿੱਚ ਇਸਦੀ ਵਰਤੋਂ ਸਿਰਫ਼ ਇੱਕ ਤਕਨੀਕੀ ਉਪਯੋਗ ਨਹੀਂ ਹੈ, ਸਗੋਂ ਮਨੁੱਖੀ ਸਨਮਾਨ ਦੀ ਰੱਖਿਆ ਵਿੱਚ ਇੱਕ ਨਵਾਂ ਪਹਿਲੂ ਹੈ।

ਸਿਹਤ ਸੰਭਾਲ ਖੇਤਰ ਵਿੱਚ ਏ.ਆਈ. ਦੇ ਯੋਗਦਾਨ ਵਿੱਚ ਮਨੁੱਖੀ ਅਧਿਕਾਰਾਂ ਦੀ ਪ੍ਰਕਿਰਤੀ ਨੂੰ ਬਦਲਣ ਦੀ ਸਮਰੱਥਾ ਹੈ। ਦੂਰ-ਦੁਰਾਡੇ ਇਲਾਕਿਆਂ ਵਿੱਚ ਡਾਕਟਰੀ ਸਹਾਇਤਾ, ਬਿਮਾਰੀਆਂ ਦਾ ਜਲਦੀ ਪਤਾ ਲਗਾਉਣਾ, ਵਿਅਕਤੀਗਤ ਇਲਾਜ ਦੇ ਤਰੀਕੇ ਅਤੇ ਐਮਰਜੈਂਸੀ ਵਿੱਚ ਜਲਦੀ ਫੈਸਲਾ ਲੈਣਾ ਸਿਰਫ਼ ਤਕਨੀਕੀ ਪ੍ਰਾਪਤੀਆਂ ਹੀ ਨਹੀਂ ਹਨ, ਸਗੋਂ ਜੀਵਨ ਦੇ ਅਧਿਕਾਰ ਦਾ ਸਿੱਧਾ ਪ੍ਰਗਟਾਵਾ ਹਨ। ਜਦੋਂ ਮਸ਼ੀਨਾਂ ਬਿਮਾਰੀਆਂ ਦੇ ਨਮੂਨਿਆਂ ਦੀ ਪਛਾਣ ਕਰਦੀਆਂ ਹਨ ਅਤੇ ਡਾਕਟਰਾਂ ਨੂੰ ਫੈਸਲੇ ਲੈਣ ਵਿੱਚ ਸਹਾਇਤਾ ਕਰਦੀਆਂ ਹਨ, ਤਾਂ ਮਨੁੱਖੀ ਜੀਵਨ ਵਧੇਰੇ ਸੁਰੱਖਿਅਤ ਤੇ ਵਧੇਰੇ ਸਨਮਾਨਜਨਕ ਬਣ ਜਾਂਦਾ ਹੈ।



ਸਿੱਖਿਆ ਦੇ ਖੇਤਰ ਵਿੱਚ ਏ.ਆਈ. ਮਨੁੱਖੀ ਅਧਿਕਾਰਾਂ ਨੂੰ ਵੀ ਮੁੜ ਪਰਿਭਾਸ਼ਿਤ ਕਰ ਰਿਹਾ ਹੈ। ਸਿੱਖਿਆ ਹੁਣ ਇੱਕ-ਆਕਾਰ ਸਭ ਲਈ ਢੁਕਵਾਂ ਮਾਡਲ ਨਹੀਂ ਰਿਹਾ; ਇਹ ਵਿਅਕਤੀਗਤ ਬਣ ਰਿਹਾ ਹੈ। ਇੱਕ ਗਿਆਨ ਢਾਂਚਾ ਬਣਾਇਆ ਜਾ ਰਿਹਾ ਹੈ, ਜੋ ਹਰੇਕ ਵਿਦਿਆਰਥੀ ਦੀਆਂ ਯੋਗਤਾਵਾਂ, ਰੁਚੀਆਂ ਅਤੇ ਸਿੱਖਣ ਦੀ ਗਤੀ ਦੇ ਅਨੁਸਾਰ ਬਣਾਇਆ ਗਿਆ ਹੈ। ਇਹ ਸਮਾਨਤਾ ਦਾ ਉਹ ਰੂਪ ਹੈ, ਜਿਸਦੀ ਕਲਪਨਾ ਸਮਾਜ ਸੁਧਾਰਕਾਂ ਨੇ ਸਦੀਆਂ ਪਹਿਲਾਂ ਕੀਤੀ ਸੀ- ਇੱਕ ਅਜਿਹੀ ਸਿੱਖਿਆ ਪ੍ਰਣਾਲੀ ਜਿੱਥੇ ਕੋਈ ਵੀ ਪਿੱਛੇ ਨਹੀਂ ਰਹਿੰਦਾ।

ਮਨੁੱਖ ਹੁਣ ਸਿਰਫ਼ ਸਮਾਜਿਕ, ਆਰਥਿਕ ਅਤੇ ਸੱਭਿਆਚਾਰਕ ਪਛਾਣਾਂ ਤੱਕ ਸੀਮਤ ਨਹੀਂ ਰਹੇ; ਉਨ੍ਹਾਂ ਕੋਲ ਇੱਕ ਡਿਜੀਟਲ ਪਛਾਣ ਵੀ ਹੈ। ਇਹ ਪਛਾਣ, ਇਹ ਡੇਟਾ, ਹੁਣ ਉਨ੍ਹਾਂ ਦੀ ਸਾਖ, ਨਿੱਜਤਾ ਅਤੇ ਆਜ਼ਾਦੀ ਦਾ ਹਿੱਸਾ ਹੈ। ਇਸ ਡੇਟਾ ਦੀ ਸੁਰੱਖਿਆ, ਇਸਦੀ ਦੁਰਵਰਤੋਂ ਨੂੰ ਰੋਕਣਾ ਅਤੇ ਵਿਅਕਤੀਆਂ ਨੂੰ ਆਪਣੇ ਡੇਟਾ ਨੂੰ ਨਿਯੰਤ੍ਰਿਤ ਕਰਨ ਦਾ ਅਧਿਕਾਰ ਦੇਣਾ ਹੁਣ ਆਧੁਨਿਕ ਮਨੁੱਖੀ ਅਧਿਕਾਰਾਂ ਦੇ ਜ਼ਰੂਰੀ ਤੱਤ ਹਨ। ਜੇਕਰ ਡਿਜੀਟਲ ਮਾਣ-ਸਨਮਾਨ ਦੀ ਰੱਖਿਆ ਨਹੀਂ ਕੀਤੀ ਜਾਂਦੀ, ਤਾਂ ਸਮੁੱਚਾ ਮਨੁੱਖੀ ਮਾਣ ਅਧੂਰਾ ਰਹਿੰਦਾ ਹੈ। ਏ.ਆਈ. ਦੀ ਸ਼ਕਤੀ ਦਾ ਇੱਕ ਹੋਰ ਪਹਿਲੂ ਇਸਦੀ ਸਿੱਖਣ ਅਤੇ ਫੈਸਲੇ ਲੈਣ ਦੀ ਯੋਗਤਾ ਵਿੱਚ ਹੈ, ਪਰ ਇਹ ਫੈਸਲੇ ਸਿਰਫ ਉਦੋਂ ਤੱਕ ਹੀ ਢੁਕਵੇਂ ਹਨ, ਜਦੋਂ ਤੱਕ ਇਹ ਮਨੁੱਖੀ ਕਦਰਾਂ-ਕੀਮਤਾਂ ਦੁਆਰਾ ਸੇਧਿਤ ਹੁੰਦੇ ਹਨ। ਇਸ ਲਈ 'ਨੈਤਿਕ ਏ.ਆਈ' ਦੀ ਧਾਰਨਾ ਦੁਨੀਆ ਭਰ ਵਿੱਚ ਉੱਭਰ ਰਹੀ ਹੈ।

ਇਹ ਬਦਲਾਅ ਮਹੱਤਵਪੂਰਨ ਹੈ, ਕਿਉਂਕਿ ਤਕਨਾਲੋਜੀ ਹੁਣ ਸਿਰਫ਼ ਕੰਮ ਨਹੀਂ ਕਰਦੀ; ਇਹ ਫੈਸਲੇ ਲੈਂਦੀ ਹੈ ਅਤੇ ਫੈਸਲੇ ਉਹ ਨੀਂਹ ਪੱਥਰ ਹਨ ਜਿਸ 'ਤੇ ਮਨੁੱਖੀ ਅਧਿਕਾਰ ਟਿਕਦੇ ਹਨ। 'ਲੂਪ ਵਿੱਚ ਮਨੁੱਖ' ਸਿਧਾਂਤ ਇਸ

⇒ ਬਾਕੀ ਸਫਾ 28 ਉੱਤੇ ਪੜ੍ਹੋ

PAO
Punjabi American Organization

# ਨਵਾਂ ਸਾਲ ਮੁਬਾਰਕ
# Happy New Year

## ਸਮੂਹ ਭਾਈਚਾਰੇ ਅਤੇ 'ਪੰਜਾਬੀ ਪਰਵਾਜ਼' ਦੇ ਪਾਠਕਾਂ ਨੂੰ

### ਮਰਦ ਅਗੰਮੜੇ, ਚੋਜੀ ਪਾਤਸ਼ਾਹ, ਸਰਬੰਸ ਦਾਨੀ

## ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਜਨਮ ਦਿਹਾੜੇ ਅਤੇ ਨਵੇਂ ਸਾਲ ਦੀਆਂ ਬਹੁਤ ਬਹੁਤ ਵਧਾਈਆਂ

ਪੂਰੀ ਟੀਮ ਵੱਲੋਂ ਨਵੇਂ ਸਾਲ ਦੀ ਆਮਦ 'ਤੇ ਦਿਲੀ ਕਾਮਨਾ ਹੈ ਕਿ ਵਾਹਿਗੁਰੂ ਸਭਨਾਂ ਨੂੰ ਨਵੇਂ ਸਾਲ 2026 ਅਤੇ ਜ਼ਿੰਦਗੀ ਦੇ ਹਰ ਪਲ ਵਿੱਚ ਖੁਸ਼ਹਾਲੀ, ਤੰਦਰੁਸਤੀ ਤੇ ਪਿਆਰ-ਇਤਫਾਕ ਦੀ ਰਹਿਮਤ ਨਾਲ ਨਿਵਾਜੇ

**Teeyan Committee**

Jasmeet K. Suga
*(President)*

Sukhi Singh
Minni Multani
Naiha Walia
Rajinder K. Mago
Naina Singh
Amrita Dandona
Sheetal Kalra
Rosie Rehal
Shaloo Chhabra
Prabh Khaira
Kamal Hunjan
Gurpreet Singh
Pammi Sangha
Jeewan Dhami
Joti Khaira
Pinki Walia

**Managing Directors:**

Gulzar Singh Multani
Paul Dandona
Sukhwinder S. Hunjan
Jagmeet (Jesse) Singh
Jasbir Suga
Dr. Harjinder S. Khaira
Savi Singh Attal
Devinder Singh




*ਸਾਨੂੰ ਆਪਣੇ 'ਤੀਆਂ ਦੇ ਮੇਲੇ' ਦੇ ਸਪਾਂਸਰਾਂ ਉਤੇ ਮਾਣ ਹੈ, ਜੋ ਹਰ ਸਾਲ 'ਤੀਆਂ ਦੇ ਮੇਲੇ' ਨੂੰ ਸਫਲ ਬਣਾਉਣ ਲਈ ਭਰਵਾਂ ਸਹਿਯੋਗ ਦਿੰਦੇ ਹਨ ਅਤੇ ਪਰਿਵਾਰਾਂ ਸਮੇਤ ਸ਼ਮੂਲੀਅਤ ਕਰ ਕੇ ਮੇਲੇ ਦੀਆਂ ਰੌਣਕਾਂ ਨੂੰ ਚਾਰ ਚੰਨ ਲਾਉਂਦੇ ਹਨ*

## ਪੰਜਾਬੀ ਅਮੈਰਿਕਨ ਆਰਗੇਨਾਈਜ਼ੇਸ਼ਨ (ਸ਼ਿਕਾਗੋ)

# ਹਾਈ ਕੋਰਟ ਵਿੱਚ ਮੁਸ਼ਾਇਰਾ

*ਜਾਣੇ-ਪਛਾਣੇ ਸ਼ਾਇਰ ਅਤੇ ਲੇਖਕ ਰਵਿੰਦਰ ਸਹਿਰਾਅ ਵੱਲੋਂ ਪਾਕਿਸਤਾਨ ਦੀਆਂ ਦੋ ਯਾਤਰਾਵਾਂ 'ਤੇ ਆਧਾਰਤ 'ਲਾਹੌਰ ਨਾਲ਼ ਗੱਲਾਂ' ਸਫਰਨਾਮਾ ਸਾਨੂੰ ਸਾਂਝੇ ਲਾਹੌਰ ਭਾਵ ਏਧਰਲੇ ਤੇ ਓਧਰਲੇ ਪੰਜਾਬ ਨਾਲ਼ ਜੋੜਦਾ ਹੈ। ਲਾਹੌਰ ਨਾਲ ਸਿੱਖ/ਪੰਜਾਬੀ ਭਾਈਚਾਰੇ ਦੀ ਸਾਂਝ ਜੁੜੀ ਹੋਈ ਹੈ। ਇਹ ਸਫ਼ਰਨਾਮਾ ਪਾਠਕ ਦੀਆਂ ਬਾਹਵਾਂ ਦਾ ਮੁਹੱਬਤੀ ਕਲਾਵਾ ਮੋਕਲਾ ਕਰਦਾ ਹੈ। ਪੇਸ਼ ਹੈ ਛੇਵੀਂ ਕਿਸ਼ਤ, ਜਿਸ ਵਿੱਚ ਹਾਈਕੋਰਟ ਦੇ ਮੁਸ਼ਾਇਰੇ ਅਤੇ ਗੌਰਮਿੰਟ ਕਾਲਜ ਯੂਨੀਵਰਸਿਟੀ ਦੀ ਫੇਰੀ ਦਾ ਸੰਖੇਪ ਵੇਰਵਾ ਦਰਜ ਹੈ...*



**ਰਵਿੰਦਰ ਸਹਿਰਾਅ**
ਫੋਨ: 219-900-1115

ਅਸੀਂ ਟੀ ਹਾਊਸ 'ਚੋਂ ਬਾਹਰ ਨਿਕਲੇ ਤਾਂ ਤਾਹਿਰ ਸੰਧੂ ਜਿਵੇਂ ਭੰਬੀਰੀ ਬਣਿਆ ਹੋਇਆ ਸੀ। ਕਹਿੰਦਾ, 'ਭਾਜੀ ਜਲਦੀ-ਜਲਦੀ ਕਾਰ ਵਿੱਚ ਬੈਠੋ, ਆਪਾਂ ਇੱਕ ਬਹੁਤ ਹੀ ਜ਼ਰੂਰੀ ਥਾਂ ਜਾਣਾ ਹੈ। ਪਹਿਲਾਂ ਹੀ ਬੜੇ ਲੇਟ ਹੋ ਗਏ ਆਂ।' ਮੈਂ ਸੋਚਾਂ ਕਿ ਅੱਜ ਤਾਹਿਰ ਨੂੰ ਕੀ ਹੋ ਗਿਆ ਹੈ। ਇਹ ਸ਼ੁੱਕਰਵਾਰ ਦੀ ਸ਼ਾਮ ਸੀ ਤੇ ਦਸੰਬਰ ਦੀ ਦੋ ਤਰੀਕ।

ਅਸੀਂ ਜਿੰਨੀ ਕੁ ਫੁਰਤੀ ਕਰ ਸਕਦੇ ਸੀ, ਕਾਰ ਵਿੱਚ ਬੈਠੇ। ਬੱਸ ਬਹਿਣ ਦੀ ਦੇਰ ਸੀ ਕਿ ਤਾਹਿਰ ਦੀ ਨਿੱਕੀ ਜਿਹੀ ਕਾਰ ਨ੍ਹੇਰੀਆਂ ਗਲੀਆਂ ਨੂੰ ਬੁਲਟ ਟਰੇਨ ਵਾਂਗ ਚੀਰਦੀ ਜਾ ਰਹੀ ਸੀ। ਅਚਾਨਕ ਇੱਕ ਵੱਡੇ ਸਾਰੇ ਬੰਦ ਗੇਟ ਮੂਹਰੇ ਕਾਰ ਰੁਕੀ। ਤਾਹਿਰ ਨੇ ਨਿੱਕੀ ਮੋਰੀ (ਵਿੰਡੋ) 'ਚੋਂ ਅੰਦਰ ਖੜ੍ਹੇ ਸਿਪਾਹੀਆਂ ਨਾਲ਼ ਗੱਲ ਕੀਤੀ। ਉਨ੍ਹਾਂ ਗੇਟ ਖੋਲ੍ਹਿਆ, ਤਾਹਿਰ ਅੰਦਰ ਗਿਆ ਤੇ ਛੇਤੀ ਹੀ ਬਾਹਰ ਆ ਗਿਆ। ਹੁਣ ਸਾਰਾ ਗੇਟ ਖੁੱਲ੍ਹ ਚੁੱਕਿਆ ਸੀ। ਉਹਨੇ ਕਾਰ ਅੰਦਰ ਲੰਘਾਈ ਅਤੇ ਜਿੱਥੇ ਵੀ ਜਗ੍ਹਾ ਮਿਲੀ, ਕਾਰ ਪਾਰਕ ਕਰ ਦਿੱਤੀ। ਇਹ ਲਾਹੌਰ ਹਾਈਕੋਰਟ ਦਾ ਕੰਪਲੈਕਸ ਸੀ। ਕਿਤੇ ਚਾਨਣੀ, ਕਿਤੇ ਨ੍ਹੇਰਾ ਤੇ ਵੱਡੇ-ਵੱਡੇ ਦਰਖ਼ਤਾਂ ਦਾ ਸਾਇਆ। ਕਈ ਬਿਲਡਿੰਗਾਂ ਅਤੇ ਅਸੀਂ ਤਾਹਿਰ ਦੇ ਮਗਰ-ਮਗਰ ਕਾਹਲੇ ਕਦਮੀਂ ਤੁਰੇ ਜਾ ਰਹੇ ਸੀ।

ਹੁਣ ਅਸੀਂ ਇੱਕ ਵੱਡੇ ਹਾਲ ਦੇ ਦਰਵਾਜ਼ੇ ਮੋਹਰੇ ਸਾਂ। ਤਾਹਿਰ ਬਾਹਰ ਹਾਲਵੇਅ ਵਿੱਚ ਜੁੱਤੀ ਉਤਾਰਨ ਲੱਗਿਆ ਤੇ ਸਾਨੂੰ ਵੀ ਅਜਿਹਾ ਕਰਨ ਦਾ ਇਸ਼ਾਰਾ ਕੀਤਾ। ਬਾਹਰ ਜੋੜਿਆਂ ਦੀਆਂ ਕਤਾਰਾਂ ਇੰਜ ਲੱਗੀਆਂ ਪਈਆਂ ਹਨ ਜਿਵੇਂ ਕਿਸੇ ਵੱਡੇ ਮੇਲੇ 'ਤੇ ਲੋਕਾਂ ਨੇ ਅਦਬ ਵਜੋਂ ਲਾਹੀਆਂ ਹੋਣ ਅਤੇ ਅੰਦਰ ਕੋਈ ਧਾਰਮਿਕ ਸਮਾਗਮ ਚੱਲ ਰਿਹਾ ਹੋਵੇ।

ਤਾਹਿਰ ਕਾਹਲੀ ਨਾਲ਼ ਹਾਲ ਦੇ ਅੰਦਰ ਜਾ ਕੇ ਮੁੜਿਆ ਤੇ ਸਾਨੂੰ ਅੰਦਰ ਲੈ ਗਿਆ। ਅੰਦਰ ਵੜਦਿਆਂ ਹੀ ਸਟੇਜ ਤੋਂ ਆਵਾਜ਼ ਆਈ, 'ਹਾਜ਼ਰੀਨ ਹਮਾਰੇ ਬੀਚ ਅਮੈਰਿਕਾ ਸੇ ਸ਼ਾਇਰ ਰਵਿੰਦਰ ਸਹਿਰਾਅ, ਔਰ ਉਨਕੀ ਵਾਈਫ਼ ਭੀ ਤਸ਼ਰੀਫ਼ ਲਾ ਰਹੇ ਹੈਂ।' ਮੈਂ ਹੈਰਾਨ ਸੀ, ਕਿਉਂਕਿ ਮੈਨੂੰ ਇਸਦਾ ਕੋਈ ਇਲਮ ਤਕ ਨਹੀਂ ਸੀ। ਸ਼ਾਇਦ ਤਾਹਿਰ ਮੈਨੂੰ ਸਰਪ੍ਰਾਈਜ਼ ਦੇਣਾ ਚਾਹੁੰਦਾ ਸੀ। ਹਾਲ ਵਿੱਚ ਤਾੜੀਆਂ ਵੱਜ ਰਹੀਆਂ ਹਨ। ਤਿੰਨ-ਚਾਰ ਸੌ ਦੇ ਕਰੀਬ ਲੋਕੀਂ ਭੁੰਜੇ ਹੀ ਗੱਦਿਆਂ ਉਪਰ ਵੱਡੇ ਗੋਲ ਸਰਾਹਣਿਆਂ ਦੀ ਢੋਅ ਲਾਈ ਬੈਠੇ ਸਨ। ਹਾਲ ਦੇ ਇੱਕ ਪਾਸੇ ਕੰਧ ਨਾਲ਼ ਬਣੇ ਬੈਂਚਾਂ ਉੱਪਰ ਬੀਬੀਆਂ ਬੈਠੀਆਂ ਸਨ। ਬਾਅਦ 'ਚ ਪਤਾ ਲੱਗਾ ਕਿ ਇਹ ਸਾਰੇ ਦੇ ਸਾਰੇ ਸਰੋਤੇ ਅਤੇ ਸ਼ਾਇਰ ਹਾਈਕੋਰਟ ਦੇ ਵਕੀਲ ਹਨ। ਸਿਰਫ਼ ਸਦਾਰਿਤ ਕਰਨ ਲਈ ਹੀ ਹਰ ਸਾਲ ਸਾਲਾਨਾ ਮੁਸ਼ਾਇਰੇ ਵਿੱਚ ਕੋਈ ਨਾਮਵਰ ਸ਼ਾਇਰ ਸੱਦਿਆ ਜਾਂਦਾ ਹੈ। ਮੁਸ਼ਾਇਰੇ ਦੀ ਸਦਾਰਤ ਆਲਮੀ ਪ੍ਰਸਿੱਧੀ ਵਾਲੇ ਮਜ਼ਾਹੀਆ ਸ਼ਾਇਰ ਜਨਾਬ ਅਨਵਰ ਮਸੂਦ ਸਾਹਿਬ ਕਰ ਰਹੇ ਸਨ।

ਤਾਹਿਰ ਨੇ ਨੀਰੂ ਨੂੰ ਵਕੀਲ ਬੀਬੀਆਂ ਕੋਲ ਬਿਠਾ ਦਿੱਤਾ ਤੇ ਮੈਨੂੰ ਸਟੇਜ ਉੱਪਰ ਲੈ ਗਿਆ। ਤਾਹਿਰ ਦੀ ਪਹਿਲ-ਕਦਮੀ ਨਾਲ਼ ਹੀ ਇਹ ਮੁਸ਼ਾਇਰਾ ਸ਼ੁਰੂ ਕੀਤਾ ਗਿਆ ਸੀ। ਤੇ ਕਈ ਵਰ੍ਹਿਆਂ ਤੋਂ ਲਗਾਤਾਰ ਚਲਦਾ ਆ ਰਿਹਾ ਸੀ। ਸਾਰੇ ਵਕੀਲਾਂ 'ਚ ਤਾਹਿਰ ਦਾ ਬਹੁਤ ਮਾਣ ਸਤਿਕਾਰ ਹੈ। ਅਸੀਂ ਲੇਟ ਸੀ ਤੇ ਮੁਸ਼ਾਇਰਾ ਹੁਣ ਆਪਣੇ ਅੰਤਲੇ ਪੜਾਅ 'ਤੇ ਸੀ। ਜਨਾਬ ਅਨਵਰ ਮਸਊਦ ਦਾ ਨਾਂ ਸਟੇਜ ਤੋਂ ਬੋਲਿਆ ਜਾ ਚੁੱਕਿਆ ਸੀ। ਬੱਸ ਫੇਰ ਕੀ ਸੀ, ਇੱਕ ਤੋਂ ਬਾਅਦ ਇੱਕ ਪੰਜਾਬੀ, ਉਰਦੂ ਦੀਆਂ ਨਜ਼ਮਾਂ ਆਉਂਦੀਆਂ ਗਈਆਂ ਤੇ ਸਾਰਾ ਹਾਲ ਹਾਸਿਆਂ ਨਾਲ਼ ਲੋਟ-ਪੋਟ ਹੋਈ ਗਿਆ। ਉਨ੍ਹਾਂ ਦੀ ਨਜ਼ਮ 'ਬੁਨੈਣ' ਦੀ ਵਾਰ-ਵਾਰ ਮੰਗ ਹੋ ਰਹੀ ਸੀ। ਜਨਾਬ ਅਨਵਰ ਮਸਊਦ ਦਾ ਜਨਮ 8 ਨਵੰਬਰ 1935 ਨੂੰ ਗੁਜਰਾਤ (ਪੰਜਾਬ) ਵਿੱਚ ਹੋਇਆ। ਐਮ.ਏ. ਕਰਨ ਤੋਂ ਬਾਅਦ ਉਹ ਪੜ੍ਹਾਉਂਦੇ ਵੀ ਰਹੇ। 85 ਸਾਲਾਂ ਦੀ ਉਮਰ ਵਿੱਚ ਸਿਹਤ ਭਾਵੇਂ ਥੋੜ੍ਹੀ ਢਿੱਲੀ ਹੋ ਗਈ, ਪਰ ਆਵਾਜ਼ ਉਸੇ ਤਰ੍ਹਾਂ ਕਾਇਮ ਹੈ। ਪੰਜਾਬੀ ਸ਼ਾਇਰੀ ਦੀਆਂ ਉਨ੍ਹਾਂ ਦੀਆਂ ਦੋ ਕਿਤਾਬਾਂ 'ਮੇਲਾ ਅੱਖੀਆਂ ਦਾ' ਤੇ 'ਹੁਣ ਕੀ ਕਰੀਏ' ਛਪ ਚੁੱਕੀਆਂ ਹਨ। ਨਜ਼ਮ ਬੁਨੈਣ:

> ਬੁਨੈਣ ਲੈਣ ਜਾਂਦੇ ਓ ਤੇ ਬੁਨੈਣ ਲੈ ਕੇ ਆਂਦੇ ਓ
> ਪਾਂਦੇ ਓ ਤੇ ਪੈਂਦੀ ਨਹੀਂ, ਲਾਂਹਦੇ ਓ ਤੇ ਲਹਿੰਦੀ ਨਹੀਂ
> ਲਹਿ ਜਾਏ ਤੇ ਦੂਜੀ ਵਾਰੀ ਪਾਣ ਜੋਗੀ ਰਹਿੰਦੀ ਨਹੀਂ।

ਇਸੇ ਤਰ੍ਹਾਂ ਉਹ ਨਜ਼ਮਾਂ ਸੁਣਾਈ ਗਏ ਤੇ ਲੋਕੀਂ ਲੋਟ-ਪੋਟ ਹੁੰਦੇ ਰਹੇ। ਅੱਧਾ ਘੰਟਾ ਉਨ੍ਹਾਂ ਹਾਸਿਆਂ ਦੀ ਛਹਿਬਰ ਲਾਈ ਰੱਖੀ। ਉਨ੍ਹਾਂ ਤੋਂ ਬਾਅਦ ਕਿਉਂਕਿ ਅਸੀਂ ਲੇਟ ਪਹੁੰਚੇ ਸੀ, ਮੈਨੂੰ ਕੁਝ ਸੁਣਾਉਣ ਲਈ ਕਿਹਾ। ਮੈਂ ਨਿਮਰਤਾ ਸਹਿਤ ਨਾਂਹ ਕਰ ਦਿੱਤੀ। ਏਡੇ ਵੱਡੇ ਸ਼ਾਇਰ ਨੂੰ ਸੁਣਨ ਤੋਂ ਬਾਅਦ ਇਸਦੀ ਕੋਈ ਤੁਕ ਨਹੀਂ ਸੀ ਬਣਦੀ। ਉਨ੍ਹਾਂ ਨਾਲ਼ ਫ਼ੋਟੋਆਂ ਕਰਵਾਈਆਂ। ਉਨ੍ਹਾਂ ਨੇ ਸਰਸਰੀ ਜਿਹੇ ਮੇਰਾ ਹਾਲ-ਚਾਲ ਪੁੱਛਿਆ। ਕੁਝ ਏਧਰ-ਓਧਰ ਦੀਆਂ ਹੋਰ ਗੱਲਾਂ ਹੋਈਆਂ।

ਥੱਲੇ ਆਏ ਤਾਂ ਦੇਖਿਆ ਨੌਜਵਾਨ ਵਕੀਲ ਬੀਬੀਆਂ ਨੀਰੂ ਨਾਲ਼ ਇੰਜ ਘੁਲ-ਮਿਲ ਗਈਆਂ ਸਨ ਜਿਵੇਂ ਲੰਮੀ ਦੇਰ ਤੋਂ ਜਾਣਦੀਆਂ ਹੋਣ। ਉਹ ਨੀਰੂ ਨੂੰ 'ਭਾਬੀ ਜੀ' ਕਹਿ ਕੇ ਬੁਲਾ ਰਹੀਆਂ ਸਨ। ਉਨ੍ਹਾਂ ਸਾਡੇ ਫ਼ੋਨ ਨੰਬਰ ਵੀ ਲਏ ਅਤੇ ਸਾਡੇ ਨਾਲ਼ ਤਸਵੀਰਾਂ ਵੀ ਖਿਚਵਾਈਆਂ। ਕੁਝ ਨੌਜਵਾਨ ਵਕੀਲ ਤੇ ਉਹ ਬੀਬੀਆਂ ਜ਼ਿੱਦ ਕਰਨ ਲੱਗੇ ਕਿ ਚਲੋ ਹੁਣ ਤਾਂ ਤੁਹਾਨੂੰ ਕੁਝ ਸੁਣਾਉਣਾ ਹੀ ਪੈਣੈ। ਮੈਂ ਆਪਣੀ ਨਜ਼ਮ 'ਲਾਹੌਰ ਵਸੇਂਦੀਉ ਕੁੜੀਉ ਕਦੇ ਅੰਬਰਸਰ ਵੀ ਆਉ' ਸੁਣਾਈ।

ਮਾਨਸਿਕ ਤਣਾਉ ਨਾਲ਼ ਭਰੇ ਕਿੱਤੇ ਵਾਲੇ ਇਨ੍ਹਾਂ ਵਕੀਲਾਂ ਦਾ ਸ਼ਾਇਰੀ ਨਾਲ਼ ਜੁੜਨਾ ਚੰਗਾ ਲੱਗਿਆ। ਏਥੇ ਮੈਨੂੰ ਹੁਸ਼ਿਆਰਪੁਰ ਦੇ ਸਾਡੇ ਵਕੀਲ ਸ਼ਾਇਰ ਰਘਬੀਰ ਸਿੰਘ ਟੇਰਕੀਆਣਾ ਦੀ ਯਾਦ ਆਈ, ਜੋ ਹਰ ਸਾਲ ਨਵੇਂ ਵਰ੍ਹੇ 'ਤੇ ਹੋਰ ਲੇਖਕਾਂ ਨੂੰ ਕਵਿਤਾ ਵਿੱਚ ਵਧਾਈ ਅਤੇ ਪਿਛਲੇ ਸਾਲ ਦਾ ਲੇਖਾ-ਜੋਖਾ ਕਰ ਕੇ ਭੇਜਦਾ ਹੈ। ਹਰ ਸਾਲ ਪ੍ਰੋ. ਮੋਹਨ ਸਿੰਘ ਔਜਲਾ ਦੀ ਯਾਦ ਵਿੱਚ ਬਹੁ-ਭਾਸ਼ੀ ਮੁਸ਼ਾਇਰਾ ਵੀ ਕਰਾਉਂਦਾ ਹੈ। ਤਾਹਿਰ ਸੰਧੂ ਨੇ ਦੱਸਿਆ ਕਿ ਇਹ ਉਨ੍ਹਾਂ ਦਾ ਅੱਠਵਾਂ ਸਾਲਾਨਾ ਮੁਸ਼ਾਇਰਾ ਸੀ। ਰਾਤ ਨੂੰ ਵਕੀਲਾਂ ਨਾਲ਼ ਸਾਨੂੰ ਡਿਨਰ ਵੀ ਕਰਵਾਇਆ ਗਿਆ। ਕਈਆਂ ਨੇ ਸਾਡੀ ਫੇਰੀ ਬਾਰੇ ਸਵਾਲ ਵੀ ਕੀਤੇ ਕਿ ਕਿਵੇਂ ਦਾ ਲੱਗ ਰਿਹਾ ਹੈ। ਮੈਂ ਆਪਣੇ ਅਨੁਭਵ ਸਾਂਝੇ ਕਰਦਿਆਂ ਕਿਹਾ ਕਿ ਬਹੁਤ ਸੁਖਾਵਾਂ ਲੱਗ ਰਿਹਾ ਹੈ। ਵਾਰਿਸ ਸ਼ਾਹ ਦੀ ਗੱਲ ਕਰਦਿਆਂ ਮੈਂ ਕਿਹਾ ਕਿ ਸਾਡੇ ਲਈ ਮਾਣ ਦੀ ਗੱਲ ਹੈ ਕਿ ਸਾਨੂੰ ਵਿਰਸੇ ਵਿੱਚ ਏਡਾ ਵੱਡਾ ਸ਼ਾਇਰ ਮਿਲਿਆ ਹੈ।

ਖਾਣੇ ਤੋਂ ਬਾਅਦ ਤਾਹਿਰ ਨੇ ਇੱਕ ਅਜਿਹੇ ਅਵਾਮੀ ਸ਼ਾਇਰ ਨਾਲ਼ ਮੁਲਾਕਾਤ ਕਰਾਈ, ਜੋ ਪਾਸ਼ ਅਤੇ ਸ਼ਿਵ ਦਾ ਫ਼ੈਨ ਹੈ। ਸਹੀ ਮਾਅਨਿਆਂ 'ਚ ਲੋਕ ਕਵੀ। ਨਾਂ ਹੈ ਉਹਦਾ ਅਕਰਮ ਆਰੀਫ਼ੀ। ਰੋਜ਼ੀ ਰੋਟੀ ਲਈ ਸੰਘਰਸ਼ ਕਰਦਾ ਪ੍ਰੋਲੇਤਾਰੀ ਸ਼ਾਇਰ। ਤਰੰਨਮ 'ਚ ਗਾਉਂਦਾ ਹੈ:

> ਕੰਧਾਂ ਉਹਲੇ ਲੁਕਦੀ ਕਿਉਂ ਏਂ
> ਮਗਰੋਂ ਅੱਡੀਆਂ ਚੁੱਕਦੀ ਕਿਉਂ ਏਂ
>
> ਪਾਣੀ ਏਥੇ ਮਿਲਦਾ ਕਿਉਂ ਨਹੀਂ
> ਖੇਤੀ ਏਥੇ ਸੁੱਕਦੀ ਕਿਉਂ ਏਂ
>
> ਛੱਤਾਂ ਪਈਆਂ ਟੀਨ ਦੀਆਂ
> ਸੱਧਰਾਂ ਵੇਖੋ ਜੀਨ ਦੀਆਂ
>
> ਪੈਸਾ ਧੇਲਾ ਬੋਲਣ ਦਾ
> ਗੱਲਾਂ ਵੇਖੋ ਦੀਨ ਦੀਆਂ।



ਲਾਹੌਰ ਹਾਈ ਕੋਰਟ ਦੀਆਂ ਵਕੀਲ ਬੀਬੀਆਂ ਨਾਲ



ਡਾ. ਨਬੀਲਾ ਰਹਿਮਾਨ ਆਪਣੀ ਕਿਤਾਬ ਭੇਟ ਕਰਦੇ ਹੋਏ

ਤਾਹਿਰ ਦੇ ਕਹਿਣ 'ਤੇ ਉਸਦੀ ਥੋੜ੍ਹੀ ਬਹੁਤੀ ਮਦਦ ਕਰਕੇ ਸ਼ਾਬਾਸ਼ ਦਿੱਤੀ। ਇਹ ਪ੍ਰੋਗਰਾਮ ਨਿਵੇਕਲਾ ਸੀ।

## ਗੌਰਮਿੰਟ ਕਾਲਜ ਯੂਨੀਵਰਸਿਟੀ ਵਿੱਚ

ਦਸੰਬਰ ਪੰਜ ਦਾ ਦਿਨ ਅਸੀਂ ਲਾਹੌਰ ਲਈ ਰਾਖਵਾਂ ਰੱਖਿਆ ਹੋਇਆ ਸੀ। ਪ੍ਰੋ. (ਡਾ.) ਕਲਿਆਣ ਸਿੰਘ ਅਤੇ ਤਾਹਿਰ ਸੰਧੂ ਨੇ ਸਾਨੂੰ ਪੰਜਾਬ ਯੂਨੀਵਰਸਿਟੀ ਦਾ ਗੇੜਾ ਲਵਾਉਣਾ ਸੀ। ਗੌਰਮਿੰਟ ਕਾਲਜ ਲਾਹੌਰ ਪਾਕਿਸਤਾਨ ਦੀਆਂ ਨਾਮਣੇ ਵਾਲੀਆਂ ਸੰਸਥਾਵਾਂ ਵਿੱਚ ਗਿਣਿਆ ਜਾਂਦਾ ਹੈ। ਇਸ ਦੀ ਸਥਾਪਨਾ ਸੰਨ 1864 ਵਿੱਚ ਬ੍ਰਿਟਿਸ਼ ਰਾਜ ਵੇਲੇ ਹੋਈ ਸੀ। 2002 ਵਿੱਚ ਇਸਨੂੰ ਯੂਨੀਵਰਸਿਟੀ ਬਣਾ ਦਿੱਤਾ ਗਿਆ। ਇਸ ਵਿੱਚ ਕੋਈ ਬਾਰਾਂ ਹਜ਼ਾਰ ਦੇ ਆਸ-ਪਾਸ ਵਿਦਿਆਰਥੀ ਵਿਦਿਆ ਪ੍ਰਾਪਤ ਕਰ ਰਹੇ ਹਨ। 1882 ਵਿੱਚ ਇਸ ਇਤਿਹਾਸਕ ਕਾਲਜ ਨੂੰ ਪੰਜਾਬ ਯੂਨੀਵਰਸਿਟੀ ਨਾਲ਼ ਜੋੜਿਆ ਗਿਆ ਸੀ। ਇਸ ਦਾ ਮਾਟੋ 'ਲੋਕਾਂ ਨੂੰ ਕੱਲ੍ਹ ਵਾਸਤੇ ਸਿੱਖਿਅਤ ਕਰਨਾ' (Educating people for tomorrow) ਹੈ। ਇਸ ਦੀ ਇਤਿਹਾਸਕ ਮਹੱਤਤਾ ਨੂੰ ਦੇਖਦਿਆਂ ਭਾਵੇਂ ਇਹ ਹੁਣ ਖ਼ੁਦ ਯੂਨੀਵਰਸਿਟੀ ਬਣ ਗਿਆ ਹੈ, ਫਿਰ ਵੀ ਇਸ ਦਾ ਨਾਂ ਗੌਰਮਿੰਟ ਕਾਲਜ ਯੂਨੀਵਰਸਿਟੀ ਰੱਖਿਆ ਗਿਆ ਹੈ।

ਫ਼ੈਜ਼ ਅਹਿਮਦ ਫ਼ੈਜ਼, ਹਰਗੋਬਿੰਦ ਖੋਰਾਣਾ, ਸਰ ਮੁਹੰਮਦ ਇਕਬਾਲ, ਮਸਤੰਸਰ ਹੁਸੈਨ ਤਰਾਰ, ਅਸ਼ਫਾਕ ਅਹਿਮਦ, ਮਿਰਜ਼ਾ ਬੇਗ, ਵਾਸਿਫ਼ ਅਲੀ ਵਾਸਿਫ਼, ਖ਼ੁਸ਼ਵੰਤ ਸਿੰਘ, ਮੰਜ਼ੂਰ ਏਜਾਜ਼, ਮੁਸ਼ਤਾਕ ਸੂਫ਼ੀ ਆਦਿ ਨਾਮਣੇ ਵਾਲੇ ਅਦੀਬ ਇਸ ਇਤਿਹਾਸਕ ਕਾਲਜ ਦੇ ਵਿਦਿਆਰਥੀ ਰਹਿ ਚੁੱਕੇ ਹਨ। ਸਿਆਸੀ ਵਿਅਕਤੀਆਂ 'ਚੋਂ ਮੁਹੰਮਦ ਜ਼ਫ਼ਰਉੱਲਾ ਖਾਂ (ਸਾਬਕਾ ਰਾਸ਼ਟਰਪਤੀ), ਮੁਹੰਮਦ ਅਲੀ ਜਿਨਾਹ (ਰਾਸ਼ਟਰ ਪਿਤਾ), ਨਵਾਜ਼ ਸ਼ਰੀਫ਼ (ਸਾਬਕਾ ਪ੍ਰਾਈਮ ਮਨਿਸਟਰ), ਯੂਸਫ਼ ਰਜ਼ਾ ਗਿਲਾਨੀ (ਸਾਬਕਾ ਪ੍ਰਾਈਮ ਮਨਿਸਟਰ), ਸਵਰਨ ਸਿੰਘ (ਭਾਰਤ ਦੇ ਸਾਬਕਾ ਵਿਦੇਸ਼ ਮੰਤਰੀ), ਖ਼ੁਰਸ਼ੀਦ ਮਹਿਮੂਦ ਕਸੂਰੀ (ਸਾਬਕਾ ਵਿਦੇਸ਼ ਮੰਤਰੀ) ਆਦਿ ਵੀ ਇਸ ਕਾਲਜ ਵਿੱਚ ਕਿਸੇ ਨਾ ਕਿਸੇ ਸਮੇਂ ਵਿਦਿਆਰਥੀ ਰਹੇ। ਫ਼ਿਲਮੀ ਕਲਾਕਾਰ ਦੇਵ ਅਨੰਦ, ਬਲਰਾਜ ਸਾਹਨੀ, ਅਹਿਸਾਨ ਖ਼ਾਨ ਤੇ ਉਸਮਾਨ ਪੀਰਜ਼ਾਦਾ ਵੀ ਇੱਥੇ ਪੜ੍ਹਦੇ ਰਹੇ। ਨਜ਼ਮ ਸੇਠੀ ਤੇ ਆਫ਼ਤਾਬ ਇਕਬਾਲ ਜਿਹੇ ਪੱਤਰਕਾਰ ਵੀ ਇਸ ਕਾਲਜ ਦੇ ਵਿਦਿਆਰਥੀ ਰਹੇ ਹਨ। ਹੋਰ ਵੀ ਕਈ ਜ਼ਿਕਰਯੋਗ ਸ਼ਖ਼ਸੀਅਤਾਂ ਨੇ ਇਸ ਨਾਮਣੇ ਵਾਲੇ ਕਾਲਜ ਵਿੱਚੋਂ ਆਪਣੀ ਵਿਦਿਆ ਮੁਕੰਮਲ ਕੀਤੀ।

ਇਸ ਇਤਿਹਾਸਕ ਕਾਲਜ ਵਿੱਚ ਦਾਖ਼ਲ ਹੋ ਕੇ ਸਾਨੂੰ ਪਹਿਲਾਂ ਡਾ. ਨਵੀਦ ਸ਼ਹਿਯਾਦ (ਚੇਅਰ ਪਰਸਨ ਡਾ. ਫ਼ਰੀਦ ਚੇਅਰ) ਦੇ ਦਫ਼ਤਰ ਵਿੱਚ ਲਿਜਾਇਆ ਗਿਆ। ਡਾ. ਸ਼ਹਿਯਾਦ ਬੜੇ ਨਿੱਘੇ ਸੁਭਾਅ ਦੇ ਮਾਲਕ ਹਨ। ਚਾਹ ਪੀਣ ਤੋਂ ਬਾਅਦ ਉਨ੍ਹਾਂ ਆਪਣੀਆਂ ਕੁਝ ਕਿਤਾਬਾਂ ਮੈਨੂੰ ਦਿੱਤੀਆਂ। ਤਾਹਿਰ ਸੰਧੂ ਤੇ ਪ੍ਰੋ. ਕਲਿਆਣ ਸਿੰਘ ਨੇ ਉਨ੍ਹਾਂ ਦੀ ਨਿਗਰਾਨੀ ਹੇਠ ਐੱਮ.ਫਿਲ ਕੀਤੀ ਸੀ। ਡਾ. ਨਬੀਲਾ ਰਹਿਮਾਨ ਨੂੰ ਵੀ ਤਾਹਿਰ ਨੇ ਫ਼ੋਨ ਕਰ ਦਿੱਤਾ ਸੀ। ਅੱਜ ਕੱਲ੍ਹ ਉਹ ਝੰਗ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਹਨ। ਕੁਝ ਦਿਨ ਇੱਥੇ ਪੀਐੱਚ.ਡੀ. ਦੀਆਂ ਕਲਾਸਾਂ ਲੈਂਦੇ ਹਨ। ਉਹ ਵੀ ਡਾ. ਸ਼ਹਿਯਾਦ ਦੇ ਦਫ਼ਤਰ ਵਿੱਚ ਆ ਗਏ। ਤਾਹਿਰ ਵੀ ਉਨ੍ਹਾਂ ਕੋਲੋਂ ਪੀਐੱਚ.ਡੀ. ਕਰ ਰਿਹੈ। ਅੱਜ ਵੀ ਉਸਦੀ ਕਲਾਸ ਸੀ। ਤਾਹਿਰ ਨੇ ਹੱਸਦਿਆਂ ਕਿਹਾ, "ਮੈਡਮ ਮੇਰੀ ਹਾਜ਼ਰੀ ਲਾ ਦਿਉਗੇ, ਕਿਉਂਕਿ ਅੱਜ ਮੈਂ ਰਵਿੰਦਰ ਸਹਿਰਾਅ ਹੋਰਾਂ ਨਾਲ਼ ਰਹਿਣਾ।" ਅੱਗਿਉਂ ਡਾ. ਨਬੀਲਾ ਨੇ ਵੀ ਉਸੇ ਅੰਦਾਜ਼ ਵਿੱਚ ਆਖਿਆ, "ਜ਼ਰੂਰ... ਪਰ ਜੇ ਰਵਿੰਦਰ ਤੇ ਭਾਬੀ ਜੀ (ਨੀਰੂ) ਕਹਿਣ ਤਾਂ...।" ਅਸੀਂ ਸਾਰੇ ਖਿੜ ਖਿੜਾ ਕੇ ਹੱਸ ਪਏ।

ਹੋਰ ਡਿਪਾਰਟਮੈਂਟਾਂ ਤੋਂ ਇਲਾਵਾ ਸਾਨੂੰ ਲਾਇਬ੍ਰੇਰੀ ਵੀ ਦਿਖਾਈ। ਡਾ. ਆਸਮਾ ਕਾਦਰੀ (ਜੋ ਨਾਨਕ ਤੇ ਫ਼ਰੀਦ ਉੱਪਰ ਵਿਸ਼ੇਸ਼ ਮਾਹਿਰ ਹਨ) ਦੇ ਦਫ਼ਤਰ ਵਿੱਚ ਵੀ ਗਏ। ਡਾ. ਆਸਮਾ, ਨਜ਼ਮ ਹੁਸੈਨ ਸੱਯਦ ਦੀ ਖ਼ਾਸ ਚਹੇਤੀ ਹਨ। ਉਨ੍ਹਾਂ ਕੋਲੋਂ ਹੀ ਬਾਬਾ ਫ਼ਰੀਦ ਅਤੇ ਬਾਬਾ ਨਾਨਕ ਉੱਪਰ ਬਹੁਤ ਵਡਮੁੱਲੀ ਖੋਜ ਕਰਕੇ ਲੋਕਾਂ ਨਾਲ਼ ਸਾਂਝੀ ਕਰ ਰਹੇ ਹਨ। ਇੰਗਲੈਂਡ, ਕੈਨੇਡਾ ਤੇ ਅਮਰੀਕਾ ਦੇ ਸਿੱਖ ਭਾਈਚਾਰੇ ਵਿੱਚ ਉਹ ਬਹੁਤ ਇੱਜ਼ਤ ਵਾਲੀ ਅਦੀਬ ਦਾ ਦਰਜਾ ਰੱਖਦੇ ਹਨ। ਇੱਥੋਂ ਦੇ ਗੁਰੂਘਰਾਂ ਵਿੱਚ ਵੀ ਉਹ ਅਕਸਰ ਹੀ ਆਪਣੇ ਭਾਸ਼ਣ ਦਿੰਦੇ ਰਹਿੰਦੇ ਹਨ।

ਅਸੀਂ ਡਾ. ਨਬੀਲਾ ਦੇ ਪੀਐੱਚ.ਡੀ. ਕਰ ਰਹੇ ਵਿਦਿਆਰਥੀਆਂ ਨੂੰ ਵੀ ਮਿਲੇ ਅਤੇ ਉਨ੍ਹਾਂ ਨਾਲ਼ ਤਸਵੀਰਾਂ ਵੀ ਲਈਆਂ। ਹੋਰ ਵੀ ਕਈ ਅਧਿਆਪਕਾਂ ਨਾਲ਼ ਸਰਸਰੀ ਜਿਹੀ ਮੁਲਾਕਾਤ ਹੋਈ। ਇਹ ਫੇਰੀ ਯਾਦਗਾਰੀ ਹੋ ਨਿੱਬੜੀ।

# ਮਨੁੱਖੀ ਅਧਿਕਾਰਾਂ ਨੂੰ ਨਵੀਂ ਦਿਸ਼ਾ ਦੇ ਰਹੀ ਬਨਾਵਟੀ ਬੁੱਧੀ

ਹਕੀਕਤ ਦਾ ਸਿੱਧਾ ਨਤੀਜਾ ਹੈ, ਜਿੱਥੇ ਅੰਤਿਮ ਫੈਸਲਾ ਇੱਕ ਮਨੁੱਖ ਦੁਆਰਾ ਲਿਆ ਜਾਵੇਗਾ, ਇੱਕ ਮਸ਼ੀਨ ਦੁਆਰਾ ਨਹੀਂ, ਕਿਉਂਕਿ ਨਕਲੀ ਬੁੱਧੀ ਇੱਕ ਮਸ਼ੀਨ ਵਿੱਚ ਰਹਿ ਸਕਦੀ ਹੈ, ਪਰ ਅਸਲ ਬੁੱਧੀ ਸਿਰਫ ਮਨੁੱਖਾਂ ਵਿੱਚ ਹੀ ਮਿਲਦੀ ਹੈ।

ਆਰਥਿਕ ਮੌਕਿਆਂ ਦੇ ਮਾਮਲੇ ਵਿੱਚ ਏ.ਆਈ. ਨੇ ਮਨੁੱਖੀ ਅਧਿਕਾਰਾਂ ਦੇ ਦਾਇਰੇ ਨੂੰ ਵੀ ਵਿਸ਼ਾਲ ਕੀਤਾ ਹੈ। ਇਹ ਸੱਚ ਹੈ ਕਿ ਤਕਨਾਲੋਜੀ ਕੁਝ ਰਵਾਇਤੀ ਨੌਕਰੀਆਂ ਨੂੰ ਪੁਰਾਣਾ ਬਣਾ ਰਹੀ ਹੈ, ਪਰ ਇਹ ਸਿਰਫ਼ ਅੱਧਾ ਸੱਚ ਹੈ। ਏ.ਆਈ. ਨਵੇਂ ਹੁਨਰਾਂ, ਨਵੀਆਂ ਨੌਕਰੀਆਂ, ਨਵੇਂ ਕਾਰੋਬਾਰਾਂ ਅਤੇ ਨਵੇਂ ਬਾਜ਼ਾਰਾਂ ਨੂੰ ਵੀ ਜਨਮ ਦੇ ਰਿਹਾ ਹੈ। ਮਨੁੱਖ ਹੁਣ ਰਚਨਾਤਮਕਤਾ, ਕਲਪਨਾ ਅਤੇ ਨਵੀਨਤਾ 'ਤੇ ਆਧਾਰਤ ਕੰਮ ਕਰਨ ਦੇ ਯੋਗ ਹਨ- ਉਹ ਕੰਮ ਜਿਨ੍ਹਾਂ ਨੂੰ ਮਸ਼ੀਨਾਂ ਕਦੇ ਵੀ ਪੂਰੀ ਤਰ੍ਹਾਂ ਨਹੀਂ ਬਦਲ ਸਕਣਗੀਆਂ। ਹੁਨਰ ਵਿਕਾਸ ਹੁਣ ਸਿਰਫ਼ ਇੱਕ ਆਰਥਿਕ ਵਿਕਲਪ ਨਹੀਂ ਰਿਹਾ, ਸਗੋਂ ਇੱਕ ਮਨੁੱਖੀ ਅਧਿਕਾਰ ਵਾਂਗ ਇੱਕ ਜ਼ਰੂਰਤ ਹੈ। ਜਦੋਂ ਵਿਅਕਤੀ ਤਕਨਾਲੋਜੀ ਦੇ ਨਾਲ ਤਾਲਮੇਲ ਰੱਖ ਸਕਣਗੇ ਤਾਂ ਹੀ ਉਨ੍ਹਾਂ ਦੀ ਆਜ਼ਾਦੀ ਸਾਰਥਕ ਹੋਵੇਗੀ, ਅਤੇ ਇਹ ਆਜ਼ਾਦੀ ਮਨੁੱਖੀ ਅਧਿਕਾਰਾਂ ਦੀ ਨੀਂਹ ਹੈ।

ਇਹੀ ਰੁਝਾਨ ਸ਼ਾਸਨ ਦੇ ਖੇਤਰ ਵਿੱਚ ਵੀ ਦਿਖਾਈ ਦੇ ਰਿਹਾ ਹੈ। ਸਰਕਾਰਾਂ ਹੁਣ ਆਪਣੇ ਨਾਗਰਿਕਾਂ ਦੀਆਂ ਜ਼ਰੂਰਤਾਂ ਨੂੰ ਸਮਝਣ, ਅਨੁਮਾਨ ਲਗਾਉਣ ਅਤੇ ਉਨ੍ਹਾਂ ਦਾ ਤੁਰੰਤ ਹੱਲ ਪ੍ਰਦਾਨ ਕਰਨ ਦੇ ਸਮਰੱਥ ਬਣ ਰਹੀਆਂ ਹਨ। ਏ.ਆਈ. ਆਧਾਰਤ ਨੀਤੀਆਂ, ਭਲਾਈ ਯੋਜਨਾਵਾਂ ਅਤੇ ਪਾਰਦਰਸ਼ੀ ਪ੍ਰਸ਼ਾਸਨ ਨਾ ਸਿਰਫ਼ ਨਾਗਰਿਕਾਂ ਨੂੰ ਸੇਵਾਵਾਂ ਪ੍ਰਦਾਨ ਕਰ ਰਹੇ ਹਨ, ਸਗੋਂ ਉਨ੍ਹਾਂ ਦੇ ਅਧਿਕਾਰਾਂ ਦੀ ਸਾਰਥਕ ਪ੍ਰਾਪਤੀ ਨੂੰ ਵੀ ਯਕੀਨੀ ਬਣਾ ਰਹੇ ਹਨ।

ਹਾਲਾਂਕਿ ਵਿਸ਼ਵ ਮਨੁੱਖੀ ਅਧਿਕਾਰ ਦਿਵਸ ਹੁਣ ਭਵਿੱਖ ਦੀ ਦਿਸ਼ਾ ਚੁਣਨ ਦਾ ਇੱਕ ਮੌਕਾ ਹੈ। ਇਹ ਯੁੱਗ ਮਨੁੱਖਾਂ ਅਤੇ ਮਸ਼ੀਨਾਂ ਵਿਚਕਾਰ ਸਾਂਝੇਦਾਰੀ ਦੀ ਮੰਗ ਕਰਦਾ ਹੈ, ਜੋ ਸ਼ਕਤੀ ਦੁਆਰਾ ਨਹੀਂ, ਸਗੋਂ ਹਮਦਰਦੀ ਦੁਆਰਾ ਨਿਰਦੇਸ਼ਤ ਹੋਵੇ; ਸਿਰਫ਼ ਤਰੱਕੀ ਦੁਆਰਾ ਨਹੀਂ, ਸਗੋਂ ਸਹਿ-ਹੋਂਦ ਦੁਆਰਾ; ਅਤੇ ਦਬਦਬੇ ਦੁਆਰਾ ਨਹੀਂ, ਸਗੋਂ ਮਾਣ ਦੁਆਰਾ। ਜੇਕਰ ਏ.ਆਈ. ਨੂੰ ਮਨੁੱਖੀ ਕਦਰਾਂ-ਕੀਮਤਾਂ ਦੇ ਅਨੁਸਾਰ ਵਿਕਸਤ ਕੀਤਾ ਜਾਂਦਾ ਹੈ, ਜੇਕਰ ਐਲਗੋਰਿਦਮ ਮਨੁੱਖੀ ਮਾਣ ਦੇ ਅਧੀਨ ਰਹਿੰਦੇ ਹਨ, ਜੇਕਰ ਡੇਟਾ ਗੁਪਤ ਰੱਖਣ ਦਾ ਸਤਿਕਾਰ ਕੀਤਾ ਜਾਂਦਾ ਹੈ, ਅਤੇ ਜੇਕਰ ਨਵੀਨਤਾ ਮਨੁੱਖਤਾ ਨੂੰ ਇੱਕ ਵੱਡੇ ਉਦੇਸ਼ ਵੱਲ ਲੈ ਜਾਂਦੀ ਹੈ, ਤਾਂ ਆਉਣ ਵਾਲੀਆਂ ਪੀੜ੍ਹੀਆਂ ਇਸ ਯੁੱਗ ਨੂੰ ਮਨੁੱਖੀ ਅਧਿਕਾਰਾਂ ਦੇ ਸੁਨਹਿਰੀ ਯੁੱਗ ਵਜੋਂ ਦਰਸਾਉਣਗੀਆਂ।

# ਬਾਦਸ਼ਾਹ-ਏ-ਦਰਵੇਸ਼ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਦਿਹਾੜੇ ਦੀ ਲੱਖ ਲੱਖ ਵਧਾਈ

## ਸਮੂਹ ਭਾਈਚਾਰੇ ਨੂੰ ਨਵੇਂ ਸਾਲ 2026 ਦੀਆਂ ਮੁਬਾਰਕਾਂ

ਵੱਲੋਂ: ਮੈਡੀਸਨ (ਵਿਸਕਾਨਸਿਨ) ਗਰੁੱਪ


ਲਖਬੀਰ ਸਿੰਘ ਢੀਂਡਸਾ


ਦੀਦਾਰ ਸਿੰਘ ਧਨੋਆ


ਗੁਰਿੰਦਰਜੀਤ ਸਿੰਘ ਗਰੇਵਾਲ


ਇੰਦਰਬੰਸ ਬਰਾੜ


ਸੁਰਿੰਦਰ ਸਿੰਘ ਪਾਂਗਲੀ


ਨਿਰਭੈ ਸਿੰਘ ਪਾਂਗਲੀ


ਨਵਤੇਜ ਸਿੰਘ ਗਿੱਲ


ਰੇਸ਼ਮ ਸਿੰਘ


ਜਪਤੇਜ ਸਿੰਘ ਔਲਖ



# ਧੰਨ ਧੰਨ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਪੁਰਬ ਦੀ ਸਮੂਹ ਭਾਈਚਾਰੇ ਨੂੰ ਲੱਖ ਲੱਖ ਵਧਾਈ

## Happy New Year 2026

ਆਓ ਸਾਰੇ ਰਲ ਕੇ ਇਸ ਵਰ੍ਹੇ ਆਪਣੇ ਭਾਈਚਾਰੇ, ਕੌਮ ਅਤੇ ਵਿਸ਼ਵ ਨੂੰ ਬਿਹਤਰ ਬਣਾਉਣ ਲਈ ਹੰਭਲਾ ਮਾਰੀਏ ਅਤੇ ਸਰਬੱਤ ਦੇ ਭਲੇ ਦੀ ਅਰਦਾਸ ਕਰੀਏ

ਸ. ਮਨਮੋਹਨ ਸਿੰਘ ਤੇ ਮੋਹਿੰਦਰ ਕੌਰ ਮਿਨਹਾਸ
ਸ. ਮਨਜੀਤ ਸਿੰਘ ਗਿੱਲ ਅਤੇ ਪੰਮੀ ਗਿੱਲ




ਵੱਲੋਂ: ਮਿਨਹਾਸ ਅਤੇ ਗਿੱਲ ਪਰਿਵਾਰ (ਸ਼ਿਕਾਗੋ)

# ਪੰਜਾਬੀਆਂ ਦਾ ਰਿਣ ਮਹਿਸੂਸ ਕਰਦੇ ਨੇ ਘਾਨਾ ਵਾਸੀ

**ਬੋਲਦੇ ਪੰਨੇ**



**ਪ੍ਰੋ. ਪਰਮਜੀਤ ਸਿੰਘ ਨਿੱਕੇ ਘੁੰਮਣ**
ਫੋਨ:+91-9781646008

**ਪੰਜਾਬੀ ਜਿੱਥੇ ਵੀ ਗਏ, ਉੱਥੇ ਹੀ ਸਾਂਝ ਸਥਾਪਤ ਕੀਤੀ ਹੈ ਅਤੇ ਪੰਜਾਬੀਅਤ ਦੇ ਝੰਡੇ ਬੁਲੰਦ ਕਰਨ ਤੇ ਬੁਲੰਦ ਰੱਖਣ ਵਿੱਚ ਕੋਈ ਕਸਰ ਨਹੀਂ ਛੱਡੀ ਹੈ। ਹਥਲੀ ਲਿਖਤ ਵਿੱਚ ਪੰਜਾਬੀਆਂ ਦੀ ਅਫ਼ਰੀਕੀ ਮੁਲਕ ਘਾਨਾ ਨਾਲ ਸਾਂਝ ਦਾ ਸੰਖੇਪ ਜ਼ਿਕਰ ਹੈ। ਹਾਲਾਂ ਕਿ ਇੱਥੇ ਪੰਜਾਬੀ ਕੋਈ ਵੱਡੀ ਗਿਣਤੀ ਵਿੱਚ ਨਹੀਂ ਵੱਸਦੇ, ਪਰ ਜੋ ਹੈਨ ਵੀ, ਉਨ੍ਹਾਂ ਨੇ ਕਿਸੇ ਨਾ ਕਿਸੇ ਰੂਪ ਵਿੱਚ ਪੰਜਾਬੀਅਤ ਨੂੰ ਰੌਸ਼ਨ ਕੀਤਾ ਹੈ। ਘਾਨਾ ਦੀ ਖੇਤੀਬਾੜੀ, ਉਦਯੋਗਾਂ ਅਤੇ ਕਾਰੋਬਾਰ ਨੂੰ ਵਿਕਾਸ ਦੇ ਮਾਰਗ 'ਤੇ ਤੋਰਨ ਵਿੱਚ ਪੰਜਾਬੀਆਂ ਦੇ ਵਿਲੱਖਣ ਯੋਗਦਾਨ ਲਈ ਸਮੂਹ ਘਾਨਾ ਵਾਸੀ ਆਪਣੇ ਆਪ ਨੂੰ ਪੰਜਾਬੀਆਂ ਦੇ ਸ਼ੁਕਰਗੁਜ਼ਾਰ ਤੇ ਰਿਣੀ ਮਹਿਸੂਸ ਕਰਦੇ ਹਨ।**

ਘਾਨਾ ਇੱਕ ਅਫ਼ਰੀਕੀ ਮੁਲਕ ਹੈ ਅਤੇ ਇਹ ਪੱਛਮੀ ਅਫ਼ਰੀਕੀ ਖਿੱਤੇ ਵਿੱਚ ਸਥਿਤ ਹੈ। ਇਸ ਖਿੱਤੇ ਦਾ ਇਹ ਸਭ ਤੋਂ ਵੱਧ ਆਬਾਦੀ ਵਾਲਾ ਦੂਜਾ ਮੁਲਕ ਹੈ। ਸਾਲ 2025 ਵਿੱਚ ਇਸ ਮੁਲਕ ਦੀ ਅਨੁਮਾਨਿਤ ਜਨਸੰਖਿਆ 3.50 ਕਰੋੜ ਦੇ ਕਰੀਬ ਦੱਸੀ ਜਾਂਦੀ ਹੈ। ਇਸ ਦੇਸ਼ ਦਾ ਕੁੱਲ ਖੇਤਰਫ਼ਲ 2,39,567 ਵਰਗ ਕਿਲੋਮੀਟਰ ਹੈ, ਜਿਸ ਕਰਕੇ ਇੱਥੇ ਵੱਸੋਂ ਦੀ ਘਣਤਾ 151 ਵਿਅਕਤੀ ਪ੍ਰਤੀ ਵਰਗ ਕਿਲੋਮੀਟਰ ਦੇ ਕਰੀਬ ਬਣਦੀ ਹੈ। ਇਹ ਮੁਲਕ ਬਰਤਾਨਵੀ ਸ਼ਾਸਨ ਤੋਂ ਸੰਨ 1957 ਵਿੱਚ ਮੁਕਤ ਹੋਇਆ ਸੀ। ਇਸ ਮੁਲਕ ਦੀ ਰਾਜਧਾਨੀ ਅਕਰਾ ਹੀ ਇੱਥੋਂ ਦਾ ਸਭ ਤੋਂ ਵੱਡਾ ਸ਼ਹਿਰ ਵੀ ਹੈ। ਇੱਥੋਂ ਦੀ 71 ਫ਼ੀਸਦੀ ਆਬਾਦੀ ਈਸਾਈ ਮਤ ਦੀ ਪੈਰੋਕਾਰ ਹੈ, ਜਦੋਂ ਕਿ ਇਸਲਾਮ ਨੂੰ ਅਤੇ ਹੋਰਨਾਂ ਧਰਮਾਂ ਨੂੰ ਮੰਨਣ ਵਾਲਿਆਂ ਦੀ ਸੰਖਿਆ ਕੁੱਲ ਆਬਾਦੀ ਦਾ ਕ੍ਰਮਵਾਰ 19.9 ਫ਼ੀਸਦੀ ਅਤੇ 4.5 ਫ਼ੀਸਦੀ ਹੈ। ਇੱਥੇ 1.1 ਫ਼ੀਸਦੀ ਉਹ ਲੋਕ ਵੀ ਵੱਸਦੇ ਹਨ, ਜੋ ਕਿਸੇ ਵੀ ਧਰਮ ਵਿੱਚ ਵਿਸ਼ਵਾਸ ਨਹੀਂ ਰੱਖਦੇ ਹਨ।

ਘਾਨਾ ਆਉਣ ਵਾਲੇ ਪਹਿਲੇ ਭਾਰਤੀਆਂ ਵਿੱਚ ਇੰਡੋ-ਆਰੀਅਨ ਅਤੇ ਸਿੰਧੀ ਸਮਾਜ ਦੇ ਲੋਕ ਸ਼ਾਮਿਲ ਸਨ, ਜੋ ਸ਼ੁਰੂਆਤੀ ਦੌਰ ਵਿੱਚ ਇੱਥੇ ਵਪਾਰੀ ਜਾਂ ਦੁਕਾਨਦਾਰ ਦੇ ਰੂਪ ਵਿੱਚ ਆਏ ਸਨ। ਭਾਈ ਭੂਲ ਚੰਦ ਨਾਮਕ ਪਹਿਲਾ ਸਿੰਧੀ ਵਪਾਰੀ ਇੱਥੇ ਸੰਨ 1890 ਦੇ ਆਸ-ਪਾਸ ਪੁੱਜਿਆ ਸੀ ਤੇ ਠੀਕ 20 ਕੁ ਸਾਲ ਬਾਅਦ ਇੱਥੇ ਪਹਿਲੀ ਸਿੰਧੀ ਕੰਪਨੀ ਤਾਰਾ ਚੰਦ ਜੱਸੂਮੱਲ ਦਾਸਵਾਨੀ ਅਤੇ ਮੇਥਾਰਾਮ ਜੱਸੂਮੱਲ ਦਾਸਵਾਨੀ ਨਾਮੀਂ ਦੋ ਭਰਾਵਾਂ ਨੇ ਸਥਾਪਿਤ ਕੀਤੀ ਸੀ। ਉਨ੍ਹਾਂ ਨੇ ਉਸ ਵਕਤ ਇਸ ਮੁਲਕ ਦੀ ਰਾਜਧਾਨੀ ਆਖੇ ਜਾਂਦੇ ਸ਼ਹਿਰ 'ਕੇਪ ਕੋਸਟ' ਦੇ ਮੁੱਖ ਬਾਜ਼ਾਰ ਵਿਖੇ ਆਪਣਾ ਸਟੋਰ ਚਾਲੂ ਕੀਤਾ ਸੀ। ਕੁਝ ਵਰ੍ਹਿਆਂ ਵਿੱਚ ਹੀ ਉਨ੍ਹਾਂ ਦਾ ਕਾਰੋਬਾਰ ਵਿਕਸਿਤ ਹੋ ਗਿਆ ਤੇ ਉਨ੍ਹਾਂ ਨੇ ਆਪਣੇ ਕਾਰੋਬਾਰ ਦੀਆਂ ਸ਼ਾਖ਼ਾਵਾਂ ਅਕਰਾ ਅਤੇ ਕੁਮਾਸੀ ਨਾਮੀਂ ਸ਼ਹਿਰਾਂ ਵਿੱਚ ਵੀ ਖੋਲ੍ਹ ਦਿੱਤੀਆਂ ਸਨ। ਹੌਲ਼ੀ-ਹੌਲ਼ੀ ਇੱਥੇ ਹੋਰ ਕਾਰੋਬਾਰੀ ਵੀ ਆ ਕੇ ਵੱਸਣੇ ਸ਼ੁਰੂ ਹੋ ਗਏ ਅਤੇ ਇਸੇ ਆਮਦ ਵਿੱਚ ਪੰਜਾਬੀਆਂ ਨੇ ਵੀ ਇੱਥੇ ਆ ਕਦਮ ਰੱਖਿਆ ਤੇ ਆਪਣੀ ਕੰਪਨੀ 'ਪੰਜਾਬੀ ਬ੍ਰਦਰਜ਼' ਦੇ ਨਾਂ ਹੇਠ ਚਲਾਉਣੀ ਸ਼ੁਰੂ ਕਰ ਦਿੱਤੀ ਸੀ। ਇਹ ਜ਼ਿਕਰਯੋਗ ਹੈ ਕਿ ਭਾਰਤੀ ਬੈਂਕ 'ਬੈਂਕ ਆਫ਼ ਬੜੌਦਾ' ਦੀ ਇੱਕ ਸ਼ਾਖ਼ਾ ਘਾਨਾ ਵਿਖੇ ਵੀ ਮੌਜੂਦ ਹੈ। ਉਂਜ 2021 ਦੀ ਜਨਗਣਨਾ ਸਮੇਂ ਇੱਥੇ ਵੱਸਦੇ ਭਾਰਤੀਆਂ ਦੀ ਸੰਖਿਆ 30 ਹਜ਼ਾਰ ਦੇ ਕਰੀਬ ਸੀ, ਪਰ ਜ਼ਿਕਰਯੋਗ ਹੈ ਕਿ ਇੱਥੇ ਪੰਜਾਬੀ ਸਿੱਖਾਂ ਦੀ ਸੰਖਿਆ ਕੋਈ ਬਹੁਤ ਜ਼ਿਆਦਾ ਨਹੀਂ ਹੈ।

ਘਾਨਾ ਵਿਖੇ ਵੱਸ ਰਹੇ ਪੰਜਾਬੀ ਕੋਈ ਨਵੇਂ ਨਹੀਂ ਹਨ, ਸਗੋਂ ਕਈ ਪੀੜ੍ਹੀਆਂ ਤੋਂ ਇੱਥੇ ਰਹਿ ਰਹੇ ਹਨ। ਇੱਥੇ ਵੱਸਦੇ ਪੰਜਾਬੀਆਂ ਦੇ ਮੁੱਖ ਕਾਰੋਬਾਰ ਕੱਪੜਾ ਉਦਯੋਗ, ਭੋਜਨ ਉਦਯੋਗ ਅਤੇ ਕੁਝ ਹੋਰ ਸਥਾਨਕ ਉਦਯੋਗਾਂ ਨਾਲ ਸਬੰਧਿਤ ਹਨ। ਘਾਨਾ, ਕਿਉਂਕਿ ਕੁਦਰਤੀ ਸਰੋਤਾਂ ਨਾਲ ਮਾਲਾਮਾਲ ਦੇਸ਼ ਹੈ, ਇਸ ਲਈ ਪੰਜਾਬੀਆਂ ਨੇ ਇੱਥੇ ਖੇਤੀਬਾੜੀ ਅਤੇ ਖੇਤੀ ਆਧਾਰਿਤ ਉਦਯੋਗਾਂ ਵੱਲ ਖ਼ਾਸੀ ਤਵੱਜੋ ਦਿੱਤੀ ਹੈ। ਲੋਕ ਭਲਾਈ ਦੇ ਕਾਰਜਾਂ ਵਿੱਚ ਸਦਾ ਹੀ ਮੋਹਰੀ ਰਹਿਣ ਵਾਲੇ ਪੰਜਾਬੀ ਔਰਤਾਂ ਨੇ ਇੱਥੇ 'ਇੰਡੀਅਨ ਵਿਮੈਨਜ਼ ਐਸੋਸੀਏਸ਼ਨ' ਦੇ ਝੰਡੇ ਹੇਠ ਲੋਕ ਭਲਾਈ ਦੇ ਅਨੇਕਾਂ ਸਾਰਥਕ ਕਾਰਜ ਕੀਤੇ ਹਨ, ਜਿਨ੍ਹਾਂ ਦੀ ਘਾਨਾਵਾਸੀ ਭਰਪੂਰ ਪ੍ਰਸ਼ੰਸਾ ਕਰਦੇ ਹਨ। ਪੰਜਾਬੀਆਂ ਨੇ ਇੱਥੇ ਔਰਤਾਂ ਵਿੱਚ ਛਾਤੀ ਦੇ ਕੈਂਸਰ ਦੇ ਇਲਾਜ ਤੇ ਜਾਗਰੂਕਤਾ ਸਬੰਧੀ ਯਤਨ ਕਰਨ, ਪੀਣ ਵਾਲੇ ਸਾਫ਼ ਪਾਣੀ ਦੇ ਪ੍ਰਬੰਧਾਂ ਅਤੇ ਸਿੱਖਿਆ ਸੰਸਥਾਵਾਂ ਦੇ ਸੁਚੱਜੇ ਪ੍ਰਬੰਧਨ ਦੇ ਨਾਲ-ਨਾਲ ਕੁਦਰਤੀ ਆਫ਼ਤਾਂ ਨਾਲ ਪ੍ਰਭਾਵਿਤ ਘਾਨਾਵਾਸੀਆਂ ਦੀ ਸਮੇਂ ਸਿਰ ਅਤੇ ਲੋੜੀਂਦੀ ਮਦਦ ਕੀਤੀ ਹੈ ਤੇ ਹੁਣ ਵੀ ਕਰਦੇ ਹਨ।




**ਘਾਨਾ ਦੀ ਮੌਜੂਦਾ ਰਾਜਧਾਨੀ ਅਕਰਾ ਵਿੱਚ ਸੁਤੰਤਰਤਾ ਮਿਹਰਾਬ**



**■ ਘਾਨਾ ਦੇ ਊਰਜਾ ਅਤੇ ਪੈਟਰੋਲੀਅਮ ਰਾਜ ਮੰਤਰੀ ਬੈਂਜਾਮਿਨ ਦਾਗਾੜੂ ਸਾਲ 2014 ਵਿੱਚ ਪੰਜਾਬ ਦੇ ਖ਼ੁਰਾਕ ਤੇ ਸਿਵਲ ਸਪਲਾਈ ਮੰਤਰੀ ਆਦੇਸ਼ ਪ੍ਰਤਾਪ ਸਿੰਘ ਕੈਰੋਂ ਨਾਲ। ਉਦੋਂ ਘਾਨਾ ਨੇ ਚੌਲਾਂ ਦੇ ਉਤਪਾਦਨ ਅਤੇ ਪ੍ਰੋਸੈਸਿੰਗ ਲਈ ਪੰਜਾਬ ਤੋਂ ਮਦਦ ਮੰਗੀ ਸੀ।**

ਪੰਜਾਬੀਆਂ ਨੇ ਇੱਥੇ ਆ ਕੇ ਵੀ ਆਪਣਾ ਵਿਰਸਾ ਤੇ ਸੱਭਿਆਚਾਰ ਨਹੀਂ ਭੁਲਾਇਆ ਹੈ। ਸ੍ਰੀਮਤੀ ਸੁਰਿੰਦਰ ਕੌਰ ਚੀਮਾ ਇੱਥੇ ਵੱਸਣ ਵਾਲੀ ਇੱਕ ਅਜਿਹੀ ਸਤਿਕਾਰਤ ਹਸਤੀ ਹੈ, ਜਿਸਨੇ ਘਾਨਾ ਦੇ ਵੱਖ-ਵੱਖ ਖਿੱਤਿਆਂ ਵਿੱਚ ਰੈਸਟੋਰੈਂਟ ਅਤੇ ਢਾਬੇ ਖੋਲ੍ਹ ਕੇ ਘਾਨਾਵਾਸੀਆਂ ਨੂੰ ਪੰਜਾਬੀ ਖਾਣਿਆਂ ਦੇ ਦੀਵਾਨੇ ਬਣਾ ਲਿਆ ਹੈ। ਇੱਥੇ ਵੱਸਦੇ ਪੰਜਾਬੀਆਂ ਦੀ ਵਰਤਮਾਨ ਪੀੜ੍ਹੀ ਨੂੰ ਚੌਥੀ ਪੀੜ੍ਹੀ ਹੋਣ ਦਾ ਸ਼ਰਫ਼ ਹਾਸਿਲ ਹੈ। ਘਾਨਾ ਦੀ ਕੇਂਦਰ ਸਰਕਾਰ ਨੇ ਭਾਰਤ ਸਰਕਾਰ ਨਾਲ ਤੇ ਖ਼ਾਸ ਕਰਕੇ ਪੰਜਾਬ ਸਰਕਾਰ ਨਾਲ ਮਿਲ ਕੇ ਖੇਤੀਬਾੜੀ, ਵਪਾਰ ਅਤੇ ਨਿਰਯਾਤ ਵਧਾਉਣ ਦੇ ਨਿਰੰਤਰ ਯਤਨ ਕੀਤੇ ਹਨ ਤੇ ਉਸ ਵੱਲੋਂ ਦਿੱਤੀਆਂ ਜਾ ਰਹੀਆਂ ਵਪਾਰਕ ਰਿਆਇਤਾਂ ਅਤੇ ਸਸਤੀਆਂ ਜ਼ਮੀਨਾਂ ਦਾ ਨਤੀਜਾ ਇਹ ਹੈ ਕਿ ਕੁਝ ਨਵੇਂ ਪੰਜਾਬੀ ਕਿਸਾਨ ਅਤੇ ਕਾਰੋਬਾਰੀ ਵੀ ਘਾਨਾ ਦਾ ਰੁਖ਼ ਕਰ ਹੀ ਗਏ ਹਨ।

ਸਾਲ 2014 ਵਿੱਚ ਘਾਨਾ ਦੇ ਊਰਜਾ ਅਤੇ ਪੈਟਰੋਲੀਅਮ ਰਾਜ ਮੰਤਰੀ ਸ੍ਰੀ ਬੈਂਜਾਮਿਨ ਦਾਗਾੜੂ ਆਪਣਾ ਇੱਕ ਪ੍ਰਤੀਨਿਧੀ ਮੰਡਲ ਲੈ ਕੇ ਪੰਜਾਬ ਗਏ ਸਨ ਤੇ ਉਨ੍ਹਾਂ ਨੇ ਉਸ ਵੇਲੇ ਦੇ ਉਪ-ਮੁੱਖ ਮੰਤਰੀ ਪੰਜਾਬ ਸੁਖਬੀਰ ਸਿੰਘ ਬਾਦਲ ਨਾਲ ਮੁਲਾਕਾਤ ਕਰਕੇ ਪੰਜਾਬ ਦੇ ਕਿਸਾਨਾਂ ਨੂੰ ਘਾਨਾ ਵਿਖੇ ਜਾ ਕੇ ਖੇਤੀਬਾੜੀ ਕਰਨ ਦੀ ਪੇਸ਼ਕਸ਼ ਕੀਤੀ ਸੀ, ਜਿਸ ਪ੍ਰਤੀ ਸ. ਬਾਦਲ ਨੇ ਹਾਂ-ਪੱਖੀ ਹੁੰਗਾਰਾ ਭਰਿਆ ਸੀ ਤੇ ਭਰੋਸਾ ਦੁਆਇਆ ਸੀ ਕਿ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਦੇ ਖੇਤੀ ਮਾਹਿਰਾਂ, ਵਿਗਿਆਨੀਆਂ ਅਤੇ ਪੰਜਾਬ ਸਰਕਾਰ ਦੇ ਅਫ਼ਸਰਾਂ ਦਾ ਇੱਕ ਵਫ਼ਦ ਘਾਨਾ ਵਿਖੇ ਜਾ ਕੇ ਪੰਜਾਬੀ ਕਿਸਾਨਾਂ ਨੂੰ ਵਸਾਉਣ ਦੀਆਂ ਸੰਭਾਵਨਾਵਾਂ ਦਾ ਪਤਾ ਲਗਾਏਗਾ। ਸੁਖਬੀਰ ਸਿੰਘ ਬਾਦਲ ਨੇ ਸ਼ੁਰੂ ਵਿੱਚ ਘਾਨਾ ਦੀ 20 ਤੋਂ 25 ਹਜ਼ਾਰ ਏਕੜ ਭੂਮੀ ਉੱਤੇ ਖੇਤੀਬਾੜੀ ਲਈ ਪੰਜਾਬ ਦੇ ਕਿਸਾਨਾਂ ਨੂੰ ਘਾਨਾ ਭੇਜਣ ਦਾ ਭਰੋਸਾ ਵੀ ਦੁਆਇਆ ਸੀ। ਉਂਜ ਪਹਿਲਾਂ ਦੱਸੇ ਅਨੁਸਾਰ ਘਾਨਾ ਅੰਦਰ ਵੱਸਦੇ ਪੰਜਾਬੀਆਂ ਦੀ ਕੁੱਲ ਗਿਣਤੀ ਕੋਈ ਬਹੁਤੀ ਜ਼ਿਆਦਾ ਨਹੀਂ ਹੈ, ਪਰ ਫਿਰ ਵੀ ਇਨ੍ਹਾਂ ਦੀ ਸੂਝ, ਸਬਰ, ਮਿਹਨਤ ਅਤੇ ਸੇਵਾ ਭਾਵਨਾ ਲਈ ਹਰੇਕ ਘਾਨਾਵਾਸੀ ਇਨ੍ਹਾਂ ਦੀ ਸਿਫ਼ਤ ਹੀ ਕਰਦਾ ਹੈ।

ਇੱਥੇ ਅਕਰਾ ਵਿਖੇ ਇੱਕ ਗੁਰਦੁਆਰਾ ਸਾਹਿਬ ਵੀ ਸੁਸ਼ੋਭਿਤ ਹੈ, ਜਿਸਦੇ ਮੁੱਖ ਸੇਵਾਦਾਰ ਸ. ਮੋਹਿੰਦਰਬੀਰ ਸਿੰਘ ਸਚਦੇਵਾ ਹਨ। ਇਸ ਗੁਰੂਘਰ ਵਿੱਚ ਐਤਵਾਰ ਦੇ ਦਿਨ 150 ਤੋਂ ਵੱਧ ਪੰਜਾਬੀ ਇਕੱਤਰ ਹੁੰਦੇ ਹਨ। ਕੁਮਾਸੀ ਵਿਖੇ ਵੀ ਇੱਕ ਗੁਰਦੁਆਰਾ ਸਾਹਿਬ ਮੌਜੂਦ ਹੋਣ ਬਾਰੇ ਵੀ ਜਾਣਕਾਰੀ ਮਿਲੀ ਹੈ ਤੇ ਇਹ ਵੀ ਪਤਾ ਲੱਗਾ ਹੈ ਕਿ ਘਾਨਾ ਦੇ ਵਸਨੀਕਾਂ ਦੀ ਖ਼ਾਸੀਅਤ ਹੈ ਕਿ ਉਹ ਗੁਰਬਾਣੀ ਨੂੰ ਅਤੇ ਸਿੱਖਾਂ ਨੂੰ ਬਹੁਤ ਪਿਆਰ ਕਰਦੇ ਹਨ ਤੇ ਖ਼ੂਬ ਸਤਿਕਾਰ ਵੀ ਦਿੰਦੇ ਹਨ। ਘਾਨਾ ਦੇ ਵੱਖ-ਵੱਖ ਸ਼ਹਿਰਾਂ ਵਿੱਚ ਵੱਸਦੇ ਪੰਜਾਬੀਆਂ ਵੱਲੋਂ ਸਾਰੇ ਦੇ ਸਾਰੇ ਧਾਰਮਿਕ ਸਮਾਗਮ ਪੂਰਨ ਗੁਰ-ਮਰਿਆਦਾ ਸਹਿਤ ਕੀਤੇ ਜਾਂਦੇ ਹਨ। ਕਈ ਵਾਰ ਤਾਂ ਘਾਨਾ ਦੇ ਕੁਝ ਮੂਲ ਨਿਵਾਸੀਆਂ ਨੂੰ ਵੀ ਗੁਰਦੁਆਰਾ ਸਾਹਿਬ ਅੰਦਰ ਸਿੱਖ ਸੰਗਤਾਂ ਨਾਲ ਰਲ੍ਹ ਕੇ ਸ਼ਬਦ-ਗੁਰਬਾਣੀ ਗਾਇਨ ਕਰਦਿਆਂ ਵੇਖਿਆ ਗਿਆ ਹੈ। ਇਹ ਵੀ ਯਾਦ ਰੱਖਣਯੋਗ ਹੈ ਕਿ ਦੱਖਣੀ ਏਸ਼ੀਆ ਨਾਲ ਸਬੰਧਿਤ ਜਿੰਨੇ ਵੀ ਵਧੀਆ ਬੁਲਾਰੇ ਘਾਨਾ ਵਿਖੇ ਮੌਜੂਦ ਹਨ, ਉਨ੍ਹਾਂ ਵਿੱਚੋਂ ਪੰਜਾਬੀ ਸਿਰਕੱਢਵਾਂ ਸਥਾਨ ਰੱਖਦੇ ਹਨ। ਅੰਤ ਵਿੱਚ ਇਹ ਕਹਿਣਾ ਤਾਂ ਬਣਦਾ ਹੀ ਹੈ ਕਿ ਪੰਜਾਬੀਆਂ ਨੇ ਘਾਨਾਵਾਸੀਆਂ ਦੇ ਜੀਵਨ ਨਾਲ ਜੁੜੇ ਵੱਖ-ਵੱਖ ਪੱਖਾਂ ਨੂੰ ਸੁਆਰਨ, ਸੁਧਾਰਨ ਅਤੇ ਤਰੱਕੀ ਦੇ ਰਾਹ 'ਤੇ ਤੋਰਨ ਵਿੱਚ ਆਪਣਾ ਭਰਪੂਰ ਯੋਗਦਾਨ ਪਾਇਆ ਹੈ। ਘਾਨਾ ਦੀ ਖੇਤੀਬਾੜੀ, ਉਦਯੋਗਾਂ ਅਤੇ ਕਾਰੋਬਾਰ ਨੂੰ ਵਿਕਾਸ ਦੇ ਮਾਰਗ 'ਤੇ ਤੋਰਨ ਵਿੱਚ ਪੰਜਾਬੀਆਂ ਦੇ ਵਿਲੱਖਣ ਯੋਗਦਾਨ ਲਈ ਸਮੂਹ ਘਾਨਾਵਾਸੀ ਆਪਣੇ ਆਪ ਨੂੰ ਪੰਜਾਬੀਆਂ ਦੇ ਸ਼ੁਕਰਗੁਜ਼ਾਰ ਤੇ ਰਿਣੀ ਮਹਿਸੂਸ ਕਰਦੇ ਹਨ।

## ਗੀਤ ਗੁਰੂ ਗੋਬਿੰਦ ਸਿੰਘ ਦਾ

ਮੈਂ ਗੀਤ ਗੁਰੂ ਗੋਬਿੰਦ ਸਿੰਘ ਦਾ
ਜੀਹਨੂੰ ਪੌਣ ਸਮੇਂ ਦੀ ਗਾਉਂਦੀ ਏ
ਜੀਹਨੂੰ ਤਾਲ ਨਗਾਰੇ ਦਿੰਦੇ ਨੇ
ਜੀਹਦਾ ਚੰਡੀ ਨਾਦ ਵਜਾਉਂਦੀ ਏ
ਮੈਂ ਗੀਤ ਗੁਰੂ ਗੋਬਿੰਦ ਸਿੰਘ ਦਾ...।

ਮੈਂ ਦਸਮ ਪਿਤਾ ਦੀ ਉਸਤਤ ਹਾਂ
ਜੀਹਨੂੰ ਪਰਮ ਪਿਤਾ ਨੇ ਘੱਲਿਆ ਸੀ
ਜੋ ਆਦਿ ਜੁਗਾਦਿ ਦਾ ਤਪੀਆ ਸੀ
ਜੀਹਨੇ ਹੇਮ 'ਤੇ ਆਸਣ ਮੱਲਿਆ ਸੀ
ਜਿਸ ਧਰਤੀ 'ਤੇ ਉਸ ਨੇ ਜਨਮ ਲਿਆ
ਉਹਨੂੰ ਗੰਗਾ ਪਰਸਣ ਆਉਂਦੀ ਏ
ਮੈਂ ਗੀਤ ਗੁਰੂ ਗੋਬਿੰਦ ਸਿੰਘ ਦਾ...।

ਮੈਂ ਉਸ ਸ਼ਮਸ਼ੀਰ ਦੀ ਗਾਥਾ ਹਾਂ
ਜੀਹਨੇ ਜਾਬਰ ਨੂੰ ਲਲਕਾਰਿਆ ਸੀ
ਤੇ ਦੀਨ ਧਰਮ ਇਨਸਾਫ਼ ਲਈ
ਜੀਹਨੇ ਸੀਸ ਪਿਤਾ ਦਾ ਵਾਰਿਆ ਸੀ
ਦਿੱਲੀ ਦੇ ਓਸ ਚੌਰਾਹੇ 'ਚੋਂ
ਲੋਅ ਸਿਦਕ ਸਿਰੜ ਦੀ ਆਉਂਦੀ ਏ
ਮੈਂ ਗੀਤ ਗੁਰੂ ਗੋਬਿੰਦ ਸਿੰਘ ਦਾ...।

ਮੈਂ ਉਸ ਮੁਰਸ਼ਦ ਦੀ ਮਹਿਮਾ ਹਾਂ
ਜੋ ਆਪ ਗੁਰੂ ਹੈ ਚੇਲਾ ਵੀ
ਜੋ ਲੋੜ ਪਵੇ ਤਾਂ ਲੜਾ ਸਕਦੈ
ਸਵਾ ਲੱਖ ਦੇ ਨਾਲ ਅਕੇਲਾ ਵੀ
ਜੀਹਦੀ ਪਹੁਲ 'ਚ ਐਸੀ ਸ਼ਕਤੀ ਹੈ
ਚਿੜੀਆਂ ਤੋਂ ਬਾਜ਼ ਤੁੜਾਉਂਦੀ ਏ
ਮੈਂ ਗੀਤ ਗੁਰੂ ਗੋਬਿੰਦ ਸਿੰਘ ਦਾ...।

ਮੈਂ ਜੱਸ ਹਾਂ ਓਸ ਤੇਜੱਸਵੀ ਦਾ
ਜੋ ਆਲਮ ਫ਼ਾਜ਼ਲ ਦਾਨਾ ਵੀ
ਜੋ ਕਦਰਦਾਨ ਵੀ ਕਲਮਾਂ ਦਾ
ਤੇ ਦੈਵੀ ਗੁਣੀ-ਨਿਧਾਨਾ ਵੀ
ਜੀਹਦੇ ਗਿਆਨ ਮੰਡਲ ਨੂੰ ਦੁਨੀਆਂ ਦੀ
ਦਾਨਾਈ ਸੀਸ ਨਿਵਾਉਂਦੀ ਏ
ਮੈਂ ਗੀਤ ਗੁਰੂ ਗੋਬਿੰਦ ਸਿੰਘ ਦਾ...।

ਜੀਹਦੀ ਆਭਾ ਦੇ ਲਿਸ਼ਕਾਰੇ ਤੋਂ
ਭੈਭੀਤ ਹਨੇਰੇ ਹੋ ਜਾਂਦੇ
ਉਹਦੀ ਨੂਰ-ਨਦਰ ਜਿਤ ਵੱਲ ਉਠਦੀ
ਪਹੁ ਫੁਟਦੀ ਸਵੇਰੇ ਹੋ ਜਾਂਦੇ
ਕਰੇ ਭਸਮ ਕੁਫ਼ਰ ਦੇ ਕਿਲਿਆਂ ਨੂੰ
ਉਹਦੀ ਤੇਗ ਜਦੋਂ ਲਹਿਰਾਉਂਦੀ ਏ
ਮੈਂ ਗੀਤ ਗੁਰੂ ਗੋਬਿੰਦ ਸਿੰਘ ਦਾ...।

ਜਮਨਾ ਦਾ ਕੰਢਾ ਸਾਖੀ ਹੈ
ਜਦ ਛਿੜਿਆ ਯੁੱਧ ਭੰਗਾਣੀ ਦਾ
ਉਹ ਸੋਨ-ਸੁਨਹਿਰੀ ਪੰਨਾ ਹੈ
ਤਵਾਰੀਖ਼ ਦੀ ਅਮਰ ਕਹਾਣੀ ਦਾ
ਜੀਹਦੇ ਨੂਰੀ ਹਰਫ਼ ਉਠਾਲਦਿਆਂ
ਚਾਨਣ ਦੀ ਅੱਖ ਚੁੰਧਿਆਉਂਦੀ ਏ
ਮੈਂ ਗੀਤ ਗੁਰੂ ਗੋਬਿੰਦ ਸਿੰਘ ਦਾ...।

ਗਾਥਾ ਸਰਬੰਸ ਦੇ ਦਾਨੀ ਦੀ
ਚਮਕੌਰ ਕਹੇ ਸਰਹੰਦ ਕਹੇ
ਸਿਰ ਦੇ ਕੇ ਸਿਰੜ ਨਿਭਾਉਣਾ ਹੈ
ਉਹ ਮਾਂ ਗੁਜਰੀ ਦਾ ਚੰਦ ਕਹੇ
ਮਾਛੀਵਾੜੇ ਦੇ ਜੰਗਲ 'ਚੋਂ
ਅਜੇ ਤੀਕ ਏਹੀ ਧੁਨ ਆਉਂਦੀ ਏ
ਮੈਂ ਗੀਤ ਗੁਰੂ ਗੋਬਿੰਦ ਸਿੰਘ ਦਾ...।

ਇੱਕ ਲੀਕ ਨੂਰ ਦੀ ਦਿਸਦੀ ਹੈ
ਅਹੁ ਪਟਨੇ ਤੋਂ ਨੰਦੇੜ ਤਾਈਂ
ਇੱਕ ਤੇਜ ਚੁਣੌਤੀ ਦਿੰਦਾ ਹੈ
ਬੇਦਰਦ ਵਕਤ ਦੇ ਗੇੜ ਤਾਈਂ
ਇਹਨਾਂ ਕਾਲੇ ਬੋਲੇ ਰਾਹਾਂ ਨੂੰ
ਉਹਦੀ ਪੈੜ ਪੈੜ ਰੁਸ਼ਨਾਉਂਦੀ ਏ
ਮੈਂ ਗੀਤ ਗੁਰੂ ਗੋਬਿੰਦ ਸਿੰਘ ਦਾ।

-ਸੁਖਵਿੰਦਰ ਅੰਮ੍ਰਿਤ

## ਹੱਕ-ਸੱਚ ਦੇ ਰਖਵਾਲੇ, ਬਾਦਸ਼ਾਹ ਦਰਵੇਸ਼, ਬਹੁਪੱਖੀ ਸ਼ਖਸੀਅਤ ਦੇ ਮਾਲਕ, ਬੇਇਨਸਾਫੀ ਤੇ ਜ਼ੁਲਮ ਦੇ ਖਿਲਾਫ ਲੜਨ ਵਾਲੇ ਲਾਸਾਨੀ ਯੋਧੇ

# ਦਸਮੇਸ਼ ਪਿਤਾ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਪੁਰਬ ਅਤੇ ਨਵੇਂ ਵਰ੍ਹੇ 2026 ਦੀ ਸਮੂਹ ਭਾਈਚਾਰੇ ਨੂੰ

# ਲੱਖ ਲੱਖ ਵਧਾਈ

## ਸਤਿਕਾਰਯੋਗ ਬੋਰਡ ਮੈਂਬਰ


ਬਲਵਿੰਦਰ ਸਿੰਘ (ਬੌਬ) ਸੰਧੂ


ਦਵਿੰਦਰ ਸਿੰਘ ਰੰਗੀ


ਗੁਰਿੰਦਰਜੀਤ ਸਿੰਘ ਗਰੇਵਾਲ


ਦੀਦਾਰ ਸਿੰਘ ਧਨੋਆ


ਅਮਰਜੀਤ ਸਿੰਘ ਢੀਂਡਸਾ


ਬੇਅੰਤ ਸਿੰਘ ਬੋਪਾਰਾਏ ਮਿਲਵਾਕੀ


ਜੋਧ ਸਿੰਘ ਸਿੱਧੂ


ਅੰਮ੍ਰਿਤਪਾਲ ਸਿੰਘ ਗਿੱਲ


ਬਲਵਿੰਦਰ ਸਿੰਘ ਚੱਠਾ


ਅਮਰੀਕ ਸਿੰਘ ਸ਼ਿਕਾਗੋ


ਕਿਰਪਾਲ ਸਿੰਘ ਰੰਧਾਵਾ


ਯਾਦਵਿੰਦਰ ਸਿੰਘ (ਰਿੰਪੀ) ਖੱਟੜਾ


ਗੁਰਵਿੰਦਰ ਸਿੰਘ ਬੱਬੂ (ਐਪਲਟਨ)


ਲਾਲੀ ਧਾਲੀਵਾਲ (ਮਿਸ਼ੀਗਨ)


ਬਿਕਰਮ ਸਿੰਘ ਸਿੱਧੂ


ਮਨਜਿੰਦਰ ਸਿੰਘ (ਮੈਕ) ਭਮਰਾ


ਦਰਸ਼ਨ ਸਿੰਘ ਪੰਮਾ


ਮਨਮਿੰਦਰ ਸਿੰਘ ਹੀਰ


ਬਲਜੀਤ ਸਿੰਘ ਸਿੱਧੂ (ਫਲੋਰਿਡਾ)


ਮਿੰਨੀ ਮੁਲਤਾਨੀ


ਗੁਰਪ੍ਰੀਤ ਕੇ. ਸਿੰਘ


ਪਰਮਜੀਤ ਸਿੰਘ ਸਿੱਧੂ (ਮਹਿਰਾਜ)


ਪਰਮਿੰਦਰ ਸਿੰਘ (ਯੂਬਾ ਸਿਟੀ)


ਜਗਜੀਤ ਸਿੰਘ ਖੇੜਾ (ਓਕਲਾਹੋਮਾ)


ਇੰਦਰ ਹੁੰਜਣ


ਅਮਨਦੀਪ ਸਿੰਘ ਕੁਲਾਰ


ਜਿਗਰਦੀਪ ਸਿੰਘ ਢਿੱਲੋਂ


ਹਰਕੇਵਲ ਸਿੰਘ ਲਾਲੀ

ਅਸੀਂ ਦਿਲੋਂ ਧੰਨਵਾਦੀ ਹਾਂ ਉਨ੍ਹਾਂ ਸਾਰੇ ਸ਼ੁਭਚਿੰਤਕਾਂ, ਸਹਿਯੋਗੀਆਂ, ਇਸ਼ਤਿਹਾਰਦਾਤਾਵਾਂ ਅਤੇ ਲੇਖਕਾਂ ਦਾ, ਜਿਨ੍ਹਾਂ ਨੇ 'ਪੰਜਾਬੀ ਪਰਵਾਜ਼' ਨਾਲ ਜੁੜ ਕੇ ਅਤੇ ਸਹਿਯੋਗ ਦੇ ਕੇ ਇਸ ਦੀ ਹੋਂਦ ਨੂੰ ਸਥਾਪਿਤ ਕੀਤਾ ਹੈ! ਭਵਿੱਖ ਵਿੱਚ ਵੀ ਆਪ ਸਭ ਦੇ ਸਹਿਯੋਗ, ਮਦਾਦ ਅਤੇ ਸ਼ੁਭਕਾਮਨਾਵਾਂ ਦੀ ਉਮੀਦ ਵਿੱਚ...

**Punjabi Parwaz**
**ਪੰਜਾਬੀ ਪਰਵਾਜ਼**
ਲੋਕ-ਪੱਖੀ ਤੇ ਮਿਆਰੀ ਵਿਚਾਰਾਂ ਦੀ ਸਾਂਝ

punjabiparwaz@gmail.com
www.punjabiparwaz.com


ਕੁਲਜੀਤ ਸਿੰਘ
224-386-4548

# ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਪੁਰਬ, ਨਵੇਂ ਵਰ੍ਹੇ 2026 ਅਤੇ ਲੋਹੜੀ ਦੇ ਤਿਓਹਾਰ ਦੀਆਂ ਸਭਨਾਂ ਨੂੰ ਬਹੁਤ ਬਹੁਤ ਵਧਾਈਆਂ

SWERA ਸਵੇਰਾ Women Support Group

SIKH WOMEN ERA

Proudly Promotes

www.swerausa.org FB page swerausa

Teamswera@gmail.com 501(c)(3)

*Team Swera is committed to participate in Palatine Gurdwara's Interior Kar Sewa.*

ਸੁੰਦਰ ਮੁੰਦਰੀਏ...ਹੋ, ਤੇਰਾ ਕੌਣ ਵਿਚਾਰਾ...ਹੋ

## 'ਸਵੇਰਾ' ਪਰਿਵਾਰਕ ਲੋਹੜੀ

## SWERA COMMUNITY LOHRI

## February 7th, 2026

Saturday 5pm onwards

**Atlantis Banquets** 1273 North Rand Road, Arlington Heights, IL 60004



**Rav Inder**
*(Main Singer)*



**Manmeet**
*(Singer)*



**Avni Singh**
*(Singer)*



**Minoo**
*(Singer)*



**Gurleen Kaur**
*(MC)*



**Kiran**
*(MC)*

## General Entry $35 PP

*Entertainment and Food included*
*(Kids under 5 are free.)*

**Vendors Slots are available $175**

**Donation Accepted**

Celebration of newborn kids, the newly wedded couples Lohri Blessings.

**Join us and enjoy:**

Folk Songs, Dancing Skits, Musical Performance and Much More.



ਲੋਹੜੀ ਹਰ ਜੀਅ ਦੀ,
ਪੁੱਤ ਦੀ ਨਾਲੇ ਧੀ ਦੀ।
ਲੋਹੜੀ ਨਵੇਂ ਜਵਾਈ ਦੀ,
ਸੋਹਣੀ ਨੂੰਹ ਘਰ ਆਈ ਧੀ।
ਲੋਹੜੀ ਖੁਸ਼ੀ ਮਨਾਉਣ ਦੀ,
ਬੇਟਾ-ਬੇਟੀ ਵਿਆਹੁਣ ਦੀ।

**DJ RJB**

**Photographer: Asian Media**

ਮੂੰਗਫਲੀਆਂ, ਗੱਚਕ ਅਤੇ ਰਿਓੜੀਆਂ ਦੀ ਸੇਵਾ ਸਲਵਾਨ ਟਰੇਡਿੰਗ ਇੰਕ ਵੱਲੋਂ

## Please Contact:

| | | |
|---|---|---|
| Jasbir K. Mann 847-890-2390 | Baljeet Athwal 847-809-2202 | Narinder Kaur 312-622-2943 |
| Kirpal K. Lall 630-664-3816 | Rimple Dogra 224-607-5097 | Gurpreet K Singh 630-677-6144 |
| Sukhvir Dhillon 847-852-0666 | Kulwant Parmar 630-819-0647 | Amarjeet Kaur 317-551-1794 |
| Dimpy Kaur 847-312-4002 | Rajwinder Kaur 847-643-6362 | Anureet Dhillon 847-454-4062 |
| Manjind Brar 224-605-4018 | Pammi Vohra 847-312-9318 | Aman Dhillon 847-529-4569 |
| Nikki Sekhon 773-443-2720 | Sukhdeep Walia 847-877-1857 | Shinder Sidhu 630-828-4951 |

**Supporters (ਸਹਿਯੋਗੀ ਸਹੇਲੀਆਂ):** Laddi K Singh, Kamal sahota, Amrit Kaur, Parabh Khaira, Pammi Sangha, Jeevan Dhami, Jeeti Midda, Joti Khaira, Sydney Smith, Mandeep Mann, Beant K Virk, Sukhjit Kahlon, Amarjit Kaur, Harjinder Kaur, Salma Mukhi, Harpreet Sidhu, Ramandeep Saini, Rajvir Kular, Paramjit Bhathal, Narinder Rangi, Bhupinder Dhanoa, Pooja Dhaliwal, Rubina Tahir, Sharanveer Kahlon, Charanjeet Kahlon, Deepak Gill, Seerat Kaler, Mona Bhalla, Pradeep, Jaggi, Balwinder Aulakh, Manjit Mangat, Jasleen, Jeetu Kaur, Ginny Jolly, Sukhwinder Kaur, Prachi Jetli, Prem, Preet Kaur, Jassi, Shilpa, Anudeep, Ravinder, Neelam, Paramjit, Raj Dhaliwal, Serbjit Kaur

Food will be provided by 'Touch of Spice' K.K. Pamma

Touch Of Spice KK Catering Authentic Indian Cuisine

ਮਿਡਵੈਸਟ ਦੀਆਂ ਸਾਰੀਆਂ ਸਭਿਆਚਾਰਕ ਤੇ ਖੇਡ ਸੰਸਥਾਵਾਂ ਅਤੇ ਸਮੂਹ ਮੀਡੀਏ ਦੇ ਸਹਿਯੋਗ ਨਾਲ

***To celebrate, participate and support the program.***

**It's a family program. We will be celebrating newborn kids and newlywed couples of 2025. If you know the families of newborn kids and newlywed couples, please let us know and let them know. We will be celebrating together. All the business vendors, it is your time to showcase your product, at the Swera Community Lohri 2026**